

ਪਰਜਾ ਅੰਧੀ ਗਿਆਨ ਬਿਨੁ

ਡਾ. ਪੂਰਨ ਸਿੰਘ

ਏਸੇ ਕਲਮ ਤੋਂ :

- *ਨਵੀਨ ਸਿੱਖ ਨਾਵਾਂ ਦਾ ਕੋਸ਼*
- *ਧਾਰਮਿਕ ਸੰਸਕਾਰਾਂ ਨਾਲ ਜੁੜੇ ਵਹਿਮ ਅਤੇ ਭਰਮ*
- *ਗੁਰਮਤਿ ਦਰਸ਼ਨ ਦੀ ਵਿਲੱਖਣਤਾ*
- *ਕਿਵ ਸਚਿਆਰਾ ਹੋਈਐ* (ਆਦਰਸ਼ਕ ਜੀਵਨ ਜੁਗਤੀਆਂ)
- *ਕਾਮਾਗਾਟਾ ਮਾਰੂ ਦਾ ਦੁਖਾਂਤ*
- *ਪੰਜਾਬੀ ਸਭਿਆਚਾਰ 'ਚ ਤ੍ਰੇੜਾਂ*

ਪਰਜਾ ਅੰਧੀ ਗਿਆਨ ਬਿਨੁ

[ਗੁਰਮਤਿ ਲੇਖ]

ਡਾ. ਪੂਰਨ ਸਿੰਘ (ਵੈਨਕੂਵਰ)

ਐਮ.ਏ., ਪੀ-ਐਚ.ਡੀ.

ਕਨੇਡੀਅਨ ਸਿੱਖ ਸਟੱਡੀ ਤੇ ਟੀਚਿੰਗ ਸੁਸਾਇਟੀ,

ਵੈਨਕੂਵਰ, ਬੀ.ਸੀ. ਕੈਨੇਡਾ

PARJA ANDHI GYAN BIN

by

DR. PURAN SINGH
334 EAST 48th AVE
VANCOUVER, B.C. V5W 2E3 CANADA
Ph. 604-325-3784
E-mail : drpsgill@gmail.com

ISBN 978-0-9681683-7-0

First Edition January 2014

Price : Rs. 140-00

Distributors :
Singh Brothers
S.C.O. 223-24, City Centre, Amritsar - 143 001
E-mail : singhbro@vsnl.com
Website : www.singhbrothers.com

Published by :
Canadian Sikh Study & Teaching Society
#108-1083 East Kent Ave.,
Vancouver, B.C., V5X 4V9 Canada

Printers :
Printwell, 146, Industrial Focal Point, Amritsar.
Printed and bound in India

ਸਮਰਪਿਤ

ਭਾਈ ਤਖ਼ਤ ਸਿੰਘ ਜੀ, ਫ਼ਿਰੋਜ਼ਪੁਰ

ਲਾਸਾਨੀ ਮਿਸ਼ਨਰੀ, ਜ਼ਿੰਦਾ ਸ਼ਹੀਦ, ਇਸਤਰੀ ਵਿਦਿਆ ਦੇ ਮੋਢੀ

[1892?—18 ਦਸੰਬਰ 1937]

o

ਗਿਆਨੀ ਹਰਿਭਜਨ ਸਿੰਘ ਜੀ (ਨਿਊਯਾਰਕ ਵਾਲੇ)

ਖ਼ਾਲਸਾ ਪੰਥ ਦੇ ਨਿਧੜਕ ਪ੍ਰਚਾਰਕ (ਕਥਾਕਾਰ) ਤੇ
ਗੁਰਬਾਣੀ ਵਿਆਕਰਣ ਦੇ ਪ੍ਰਬੀਨ ਵਿਦਵਾਨ

o

ਸਰਦਾਰ ਕੰਵਰ ਮਹਿੰਦਰ ਪਰਤਾਪ ਸਿੰਘ

ਡਾਇਰੈਕਟਰ ਤੇ ਪ੍ਰਿੰਸੀਪਲ, ਗੁਰਮਤਿ ਗਿਆਨ ਮਿਸ਼ਨਰੀ ਕਾਲਜ, ਲੁਧਿਆਣਾ
(ਮਿਸ਼ਨਰੀ ਲਹਿਰ ਦੇ ਮੋਢੀਆਂ ਵਿੱਚੋਂ ਇੱਕ ਮਹਾਨ ਸ਼ਖ਼ਸੀਅਤ)

[22 ਜਨਵਰੀ, 1929—19 ਜਨਵਰੀ, 2012]




ਧਰਮਾ ਅੰਧੀ ਗਿਆਨ ਬਿਨੁ

ਡਾ. ਪੂਰਨ ਸਿੰਘ

ਤਤਕਰਾ

ਪੁਸਤਕ ਬਾਰੇ ਕੁਝ ਸ਼ਬਦ 9

- ਪਰਜਾ ਅੰਧੀ ਗਿਆਨ ਬਿਨੁ... 11
- ਕੀ ਗੁਰੂ ਜਾਂ ਪਰਮਾਤਮਾ ਪੁੱਤਰਾਂ ਦੀ ਦਾਤ ਹੀ ਦਿੰਦਾ ਹੈ ? 16
- ਕੀ ਸਿੱਖ ਆਕਾਰ ਦੀ ਪੂਜਾ ਕਰਦੇ ਹਨ ਜਾਂ ਨਿਰੰਕਾਰ ਦੀ ? 23
- ਖ਼ਾਲਸੇ ਦਾ ਸਾਜਨਾ ਦਿਵਸ ਜਾਂ ਖ਼ਾਲਸਾ ਪੰਥ ਦਾ ਸੰਪੂਰਨਤਾ ਦਿਵਸ ? 30
- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਤਿਕਾਰ ਪਰੰਪਰਾ 34
- ਕਵਨੁ ਨਰਕੁ ਕਿਆ ਸੁਰਗੁ ਬਿਚਾਰਾ 42
- ਜੋਤਸ਼ ਵਿੱਦਿਆ ਅਤੇ ਗੁਰਮਤਿ 49
- ਗੁਰਬਾਣੀ ਅੰਦਰ ਗੁਰਮਤਿ ਦਾ ਤੱਤ 57
- ਨਾਮ ਕੀ ਹੈ ? ਨਾਮ ਸਿਮਰਨ ਬਾਰੇ ਭੁਲੇਖਾ 67
- ਕੀ ਸਿੱਖ ਧਰਮ ਕਰਾਮਾਤਾਂ ਜਾਂ ਰਿਧੀਆਂ-ਸਿਧੀਆਂ ਨੂੰ ਮੰਨਦਾ ਹੈ ? 77
- ਮ੍ਰਿਤਕ ਸੰਸਕਾਰ ਅਤੇ ਅੰਤਮ ਅਰਦਾਸ 83
- ਕਰਮ ਸਿੱਧਾਂਤ ਤੇ ਆਵਾਗਵਨ : ਮੂਲ ਸਰੋਤ ਤੇ ਗੁਰਮਤਿ 88
- ਓਇ ਹਰਿ ਕੇ ਸੰਤ ਨ ਆਖੀਅਹਿ 101
- ਕੀ ਜੂਨਾਂ ਚੌਰਾਸੀ ਲੱਖ ਹਨ ਜਾਂ ਘੱਟ ਵੱਧ ? 107
- ਸਿੱਖ ਧਰਮ 'ਚ ਮੁਕਤੀ ਦਾ ਸੰਕਲਪ 113
- ਗੁਰਦੁਆਰਿਆਂ ਅੰਦਰ ਕਰਮ-ਕਾਂਡਾਂ ਦੀ ਭਰਮਾਰ 120



ਪਰਜਾ ਅੰਧੀ ਗਿਆਨ ਬਿਨੁ

ਡਾ. ਪੂਰਨ ਸਿੰਘ

ਪੁਸਤਕ ਬਾਰੇ ਕੁਝ ਸ਼ਬਦ

ਇਸ ਪੁਸਤਕ ਦਾ ਨਾਂ ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਦੀ ਤੀਹਵੀਂ ਪਉੜੀ ਵਿਚ ਕਹੇ ਬੋਲ "ਪਰਜਾ ਅੰਧੀ ਗਿਆਨ ਬਿਨੁ" ਹੀ ਢੁਕਵਾਂ ਜਚਿਆ। ਕੁਝ ਸਮਾਂ ਪਹਿਲਾਂ ਇਸ ਸਿਰਲੇਖ ਹੇਠ ਹੀ ਦਾਸ ਨੇ ਇਕ ਸੰਪਾਦਕੀ ਲੇਖ ਲਿਖ ਕੇ, *ਸਿੱਖ ਮਾਰਗ* ਪੁਸਤਕ ਵਿਚ ਛਾਪਿਆ ਸੀ ਅਤੇ ਉਹੀ ਲੇਖ ਇਸ ਪੁਸਤਕ ਦੇ ਬਤੌਰ ਮੁਖ ਲੇਖ ਦੀ ਥਾਂ ਸ਼ਾਮਲ ਕੀਤਾ ਗਿਆ ਹੈ। ਗੁਰੂ ਨਾਨਕ ਸਾਹਿਬ ਨੇ ਭਾਰਤ ਦੇ ਨਿਘਰੇ ਸਮਾਜ ਨੂੰ ਦੇਖ ਕੇ ਖ਼ੁਦ ਬਚਨ ਆਖੇ ਸਨ ਕਿ "ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ"[1] ਭਾਵ ਜੋ ਲੋਕ ਸੱਚ ਦੇ ਗਿਆਨ ਤੋਂ ਵਿਹੂਣੇ ਹਨ, ਉਹ ਅੰਧ-ਵਿਸ਼ਵਾਸਾਂ, ਕਰਮ-ਕਾਂਡਾਂ ਅਤੇ ਵਹਿਮਾਂ-ਭਰਮਾਂ ਵਿਚ ਉਲਝ ਕੇ ਆਪਣਾ ਜੀਵਨ ਬਰਬਾਦ ਕਰ ਰਹੇ ਹਨ ਜਾਂ ਲੁੱਟੇ ਜਾ ਰਹੇ ਹਨ। ਅਜੋਕੇ ਸਮੇਂ ਦੇਖਿਆ ਜਾਏ ਤਾਂ ਭਾਰਤੀ ਸਮਾਜ ਨਿਘਾਰ ਵੱਲ ਜਾ ਰਿਹਾ ਹੈ। ਦੇਸ਼ ਦੇ ਰਾਜਨੀਤਕ ਅਤੇ ਧਾਰਮਿਕ ਨੇਤਾ ਪੂਰੀ ਤਰ੍ਹਾਂ ਲੁੱਟ-ਖਸੁੱਟ ਕਰ ਰਹੇ ਹਨ। ਪੰਜਾਬ ਅਤੇ ਪੰਜਾਬ ਤੋਂ ਬਾਹਰ ਧਰਮੀ ਹੋਣ ਦਾ ਦਾਅਵਾ ਕਰਨ ਵਾਲੇ ਹਜ਼ਾਰਾਂ ਹੀ ਭੇਖੀ ਬਾਬੇ ਬਣੇ ਬੈਠੇ ਹਨ, ਜਿਨ੍ਹਾਂ ਦੀ ਜਾਇਦਾਦ ਕਰੋੜਾਂ ਦੀ ਹੈ ਅਤੇ ਉਨ੍ਹਾਂ ਹੇਠ ਮਹਿੰਗੀ ਤੋਂ ਮਹਿੰਗੀ ਕਾਰ ਦਿੱਸ ਰਹੀ ਹੈ।

ਸਮਾਜ ਅੰਦਰ ਅਜਿਹਾ ਕਿਉਂ ਵਾਪਰ ਰਿਹਾ ਹੈ? ਭੇਖੀ ਧਾਰਮਿਕ ਲੋਕ ਕਿਉਂ ਲੋਕਾਂ ਨੂੰ ਲੁੱਟ ਰਹੇ ਹਨ? ਇਸ ਦਾ ਉੱਤਰ ਇਹੀ ਹੈ ਕਿ "ਪਰਜਾ ਅੰਧੀ ਗਿਆਨ ਬਿਨੁ" ਅਤੇ "ਅੰਧੀ ਰਯਤਿ ਗਿਆਨ" ਤੋਂ ਸੱਖਣੀ ਹੈ। ਇਸ ਪੁਸਤਕ ਰਚਨਾ ਦਾ ਮਨੋਰਥ ਇਹੀ ਹੈ ਕਿ ਗੁਰਮਤਿ ਸੰਬੰਧੀ ਲਿਖੇ ਲੇਖਾਂ ਨੂੰ ਛਾਪਿਆ ਜਾਵੇ ਤਾਂ ਜੋ ਲੋਕਾਈ ਭੇਖੀ ਲੋਕਾਂ ਤੋਂ ਸੁਚੇਤ ਰਹੇ। ਇਨ੍ਹਾਂ ਲੇਖਾਂ ਵਿੱਚੋਂ ਕਾਫ਼ੀ ਲੇਖ ਬ੍ਰਿਟਿਸ਼ ਕੋਲੰਬੀਆ ਦੇ ਪੰਜਾਬੀ ਅਖ਼ਬਾਰਾਂ ਵਿਚ ਛਪ ਚੁਕੇ ਹਨ। ਇਕ ਲੇਖ 'ਗੁਰਬਾਣੀ ਅੰਦਰ ਗੁਰਮਤਿ ਦਾ ਤੱਤ' ਨੂੰ ਵੱਖਰੇ ਸਿਰਲੇਖ ਹੇਠ ਦਾਸ ਨੇ 11 ਅਕਤੂਬਰ, 2008 ਵਿਚ ਕੈਲਗਰੀ ਸ਼ਹਿਰ ਐਲਬਰਟਾ ਦੇ ਸੂਬੇ ਵਿਚ 'ਸਿੱਖ ਵਿਰਸਾ ਇੰਟਰਨੈਸ਼ਨਲ' ਵੱਲੋਂ ਆਯੋਜਿਤ ਹੋਈ ਕਾਨਫ਼ਰੰਸ ਵਿਚ ਪੜ੍ਹਿਆ ਸੀ। ਕੁਝ ਲੇਖ ਨਵੇਂ ਹਨ ਅਤੇ ਗੁਰਮਤਿ ਗਿਆਨ ਬਾਰੇ ਸਾਂਝ ਪਾਉਣ ਲਈ ਯਤਨ ਹੈ। ਇਨ੍ਹਾਂ ਲੇਖਾਂ ਨੂੰ ਪੁਸਤਕ ਰੂਪ ਵਿਚ ਪ੍ਰੋ ਕੇ ਛਾਪਣ ਦੀ ਪ੍ਰੇਰਣਾ ਪੰਥ ਦੇ ਪ੍ਰਸਿੱਧ ਇਤਿਹਾਸਕਾਰ ਡਾਕਟਰ ਹਰਜਿੰਦਰ ਸਿੰਘ ਜੀ ਨੇ ਕੀਤੀ ਸੀ। ਕੋਈ ਦਾਅਵਾ ਨਹੀਂ ਕਿ ਹੱਥਲੀ ਪੁਸਤਕ ਗ਼ਲਤੀਆਂ ਤੋਂ ਰਹਿਤ ਹੋਵੇਗੀ, ਮੇਰਾ

---

1. ਆਸਾ ਦੀ ਵਾਰ ਮ: ੧, ਪੰਨਾ 469.

ਯਤਨ ਹੈ ਕਿ ਸਮੂਹ ਲੇਖ ਗੁਰਮਤਿ ਦੀ ਕਸਵੱਟੀ 'ਤੇ ਪੂਰੇ ਉਤਰਦੇ ਹੋਣ। ਗੁਰਮਤਿ ਦਾ ਵਿਦਿਆਰਥੀ ਹਾਂ ਅਤੇ ਜੇਕਰ ਗੁਰਮਤਿ ਸੰਬੰਧੀ ਲਿਖੇ ਲੇਖਾਂ ਬਾਰੇ ਕੋਈ ਮਹਿਸੂਸ ਕਰੇ ਕਿ ਕੁਝ ਗੱਲਾਂ ਜਾਂ ਵਿਚਾਰ ਅਢੁੱਕਵੇਂ ਹਨ ਤਾਂ ਚਿੱਠੀ-ਪੱਤਰ ਦੁਆਰਾ ਵਿਚਾਰ-ਚਰਚਾ ਕੀਤੀ ਜਾ ਸਕਦੀ ਹੈ ਅਤੇ ਭਵਿੱਖ 'ਚ ਸੋਧ ਵੀ ਸੰਭਵ ਹੈ।

ਗੁਰੂ ਪੰਥ ਦਾ ਦਾਸ

ਵੈਨਕੂਵਰ, ਕੈਨੇਡਾ

ਪੂਰਨ ਸਿੰਘ

ਪਰਜਾ ਅੰਧੀ ਗਿਆਨ ਬਿਨੁ...

ਇਹ ਬੋਲ ਭਾਈ ਗੁਰਦਾਸ ਜੀ ਦੇ ਹਨ, ਜੋ ਕਿ ਉਨ੍ਹਾਂ ਵੱਲੋਂ ਗੁਰੂ ਨਾਨਕ ਦੇਵ ਜੀ ਦੇ ਆਗਮਨ ਸਮੇਂ ਭਾਰਤੀ ਸਮਾਜ ਦੀ ਵਿਵਸਥਾ ਵਰਣਨ ਕਰਨ ਸਮੇਂ ਆਖੇ ਗਏ ਸਨ। ਸੰਖੇਪ 'ਚ ਜੋ ਪਉੜੀ ਦਾ ਵਿਸ਼ਾ ਹੈ, ਉਸ ਅੰਦਰ ਪ੍ਰਗਟ ਕੀਤਾ ਗਿਆ ਹੈ ਕਿ ਉਸ ਕਾਲ ਦੇ ਰਾਜੇ ਤੇ ਧਾਰਮਿਕ ਨੇਤਾ ਪਰਜਾ ਨਾਲ ਅਨਿਆਇ ਕਰਦੇ ਸਨ ਅਤੇ ਕਾਜ਼ੀ ਰਿਸ਼ਵਤ ਖਾਣ ਦੇ ਆਦੀ ਸਨ। ਇਸਤਰੀ ਪੁਰਸ਼ਾਂ ਦਾ ਸੰਬੰਧ ਪੈਸਾ ਕਮਾਉਣ ਤਕ ਹੀ ਸੀਮਤ ਹੋ ਗਿਆ। ਸਰਬ ਥਾਈਂ ਲੁੱਟ-ਖਸੁੱਟ ਦਾ ਬੋਲ-ਬਾਲਾ ਸੀ ਅਤੇ ਪਰਜਾ ਗਿਆਨਹੀਨ ਹੋ ਕੇ ਵਹਿਮਾਂ-ਭਰਮਾਂ ਵਿਚ ਫਸੀ ਹੋਈ ਸੀ। ਇਸ ਪ੍ਰਤੀ ਕੋਈ ਸ਼ੱਕ ਨਹੀਂ ਕਿ ਉਸ ਸਮੇਂ ਦੇ ਵਿਗੜੇ ਸਮਾਜ ਅੰਦਰ ਗੁਰੂ ਸਾਹਿਬਾਨਾਂ ਨੇ ਇਨਕਲਾਬ ਲਿਆਂਦਾ, ਜਿਸ ਨੂੰ ਇਤਿਹਾਸਕਾਰਾਂ ਨੇ 'ਸਿੱਖ ਇਨਕਲਾਬ' ਦਾ ਨਾਮ ਦਿੱਤਾ। ਉਨ੍ਹਾਂ ਨੇ ਕੂੜ, ਬੇਈਮਾਨੀ, ਲੁੱਟ-ਖਸੁੱਟ ਅਤੇ ਅੰਧਕਾਰ ਵਿਚ ਫਸੀ ਲੋਕਾਈ ਲਈ ਨਵੀਂ ਜੀਵਨ-ਜਾਚ ਦੱਸੀ ਅਤੇ ਸਮਾਜ ਵਿਚ ਨਵੀਂ ਸੋਚ ਤੇ ਨਵ-ਮਾਰਗ ਦੁਆਰਾ ਪਰਿਵਰਤਨ ਸ਼ੁਰੂ ਹੋ ਗਿਆ।

ਗੁਰੂ ਸਾਹਿਬਾਨਾਂ ਨੇ ਉਸ ਕਾਲ ਅੰਦਰ ਸਮਾਜ ਦੀ ਲੁੱਟ-ਖਸੁੱਟ ਕਰਨ ਵਾਲੇ ਧਾਰਮਿਕ ਨੇਤਾਵਾਂ ਤੋਂ ਲੋਕਾਈ ਨੂੰ ਮੁਕਤ ਕਰਾਉਣ ਲਈ ਜਤਨ ਆਰੰਭੇ ਅਤੇ ਸ਼ਰ੍ਹੇਆਮ ਐਲਾਨ ਕਰ ਦਿੱਤਾ ਕਿ ਅਸੀਂ "ਪੰਡਿਤ ਮੁਲਾਂ ਛਾਡੇ ਦੋਊ"[1] ਇਸ ਦੇ ਨਾਲ ਹੀ ਆਪਣੇ ਬਾਰੇ ਪਹਿਚਾਨ ਕਰਵਾ ਦਿੱਤੀ:

ਏਕੁ ਗੁਸਾਈ ਅਲਹੁ ਮੇਰਾ॥
ਹਿੰਦੂ ਤੁਰਕ ਦੁਹਾਂ ਨੇਬੇਰਾ॥੧॥ਰਹਾਉ॥...
ਨਾ ਹਮ ਹਿੰਦੂ ਨ ਮੁਸਲਮਾਨ॥
ਅਲਹ ਰਾਮ ਕੇ ਪਿੰਡੁ ਪਰਾਨ॥੪॥ *(ਭੈਰਉ ਮਹਲਾ ੫, ਪੰਨਾ 1136)*

ਭਾਵ ਕਿਸੇ ਨੂੰ ਭੁਲੇਖਾ ਨਾ ਰਹਿ ਜਾਵੇ ਕਿ ਸਾਡਾ ਮਾਰਗ ਕੀ ਹੈ। ਜਿਵੇਂ ਪਹਿਲਾਂ ਦੱਸਿਆ ਹੈ ਕਿ ਇਤਿਹਾਸਕਾਰਾਂ ਨੇ ਗੁਰਮਤਿ ਮਾਰਗ ਨੂੰ 'ਸਿੱਖ ਇਨਕਲਾਬ' ਦਾ ਨਾਮ ਵੀ ਦਿੱਤਾ ਹੈ ਅਤੇ ਭਾਈ ਗੁਰਦਾਸ ਜੀ ਨੇ 'ਨਿਰਮਲ ਪੰਥ' ਕਿਹਾ ਹੈ। ਇਸੇ ਹੀ ਨਿਰਮਲ ਪੰਥ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ 1699 ਵਿਚ ਖ਼ਾਲਸਾ ਪੰਥ ਆਖਿਆ। ਗੁਰੂ ਗ੍ਰੰਥ ਤੇ ਗੁਰੂ ਖ਼ਾਲਸਾ ਪੰਥ ਦੀ ਸਾਂਝੀ ਗੁਰਿਆਈ ਸਥਾਪਤ ਕਰ ਦਿੱਤੀ। ਗੁਰੂ ਗ੍ਰੰਥ ਸਾਹਿਬ ਜੀ ਦੇ ਸਮੂਹ ਉਪਦੇਸ਼ਾਂ ਦਾ ਅਸਲ ਮਨੋਰਥ ਮਨੁੱਖ ਨੂੰ ਸਚਿਆਰ

---

1. ਭੈਰਉ ਕਬੀਰ ਜੀ, ਪੰਨਾ 1159.

ਬਣਾਉਣਾ ਹੈ ਤਾਂ ਜੋ ਉਹ ਸਰਬ ਪੱਖਾਂ ਤੋਂ ਗਿਆਨਵਾਨ ਬਣੇ ਅਤੇ ਸਮਾਜ ਦੀਆਂ ਸਭ ਤਰ੍ਹਾਂ ਦੀਆਂ ਸਮੱਸਿਆਵਾਂ ਦਾ ਹੱਲ ਕਰ ਸਕਣ ਦੇ ਯੋਗ ਹੋਵੇ।

ਪਹਿਲਾਂ ਵਿਚਾਰ ਕੀਤੀ ਸੀ ਕਿ ਗੁਰੂ ਨਾਨਕ ਸਾਹਿਬ ਜੀ ਦੇ ਆਗਮਨ ਸਮੇਂ ਭਾਰਤੀ ਸਮਾਜ ਪੂਰੀ ਤਰ੍ਹਾਂ ਵਿਗੜ ਚੁੱਕਾ ਸੀ ਅਥਵਾ ਲੋਕਾਈ ਵੀ ਗਿਆਨਹੀਨ ਹੋ ਕੇ ਲੁੱਟ-ਖਸੁੱਟ ਦਾ ਸ਼ਿਕਾਰ ਹੋਈ। ਗੁਰੂ ਨਾਨਕ ਸਾਹਿਬ ਗਵਾਹੀ ਦੇ ਰਹੇ ਹਨ ਕਿ ਹਿੰਦੂ ਲੋਕ ਉੱਕਾ ਹੀ ਭੁੱਲ ਕੇ ਖੁੰਝੇ ਜਾ ਰਹੇ ਹਨ, ਜੋ ਨਾਰਦ ਨੇ ਕਿਹਾ, ਉਸ ਤਰ੍ਹਾਂ ਪੂਜਾ ਕਰਦੇ ਹਨ। ਇਨ੍ਹਾਂ ਅੰਨ੍ਹਿਆਂ ਤੇ ਗੂੰਗਿਆਂ ਲਈ ਹਨੇਰਾ ਘੁੱਪ ਬਣਿਆ ਹੋਇਆ ਹੈ ਤੇ ਸਹੀ ਰਸਤੇ ਤੋਂ ਭਟਕ ਗਏ ਹਨ ਤੇ ਮੂਰਖ ਗਵਾਰ ਬਣ ਕੇ ਪੱਥਰ ਲੈ ਕੇ ਪੂਜ ਰਹੇ ਹਨ। ਗੁਰੂ ਸਾਹਿਬ ਪ੍ਰਸ਼ਨ ਕਰਦੇ ਹਨ ਕਿ ਜਿਹੜੇ ਪੱਥਰ ਪਾਣੀ ਵਿਚ ਆਪ ਡੁੱਬ ਜਾਂਦੇ ਹਨ, ਉਨ੍ਹਾਂ ਦੇ ਆਸਰੇ ਤੁਸੀਂ ਕਿਵੇਂ ਤਰ ਸਕਦੇ ਹੋ?

ਹਿੰਦੂ ਮੂਲੇ ਭੂਲੇ ਅਖੁਟੀ ਜਾਂਹੀ॥
ਨਾਰਦਿ ਕਹਿਆ ਸਿ ਪੂਜ ਕਰਾਂਹੀ॥
ਅੰਧੇ ਗੁੰਗੇ ਅੰਧ ਅੰਧਾਰੁ॥
ਪਾਥਰੁ ਲੇ ਪੂਜਹਿ ਮੁਗਧ ਗਵਾਰ॥
ਓਹਿ ਜਾ ਆਪਿ ਡੁਬੇ ਤੁਮ ਕਹਾ ਤਰਣਹਾਰੁ॥੨॥

(ਬਿਹਾਗੜੇ ਕੀ ਵਾਰ, ਮ: ੧, ਪੰਨਾ 556)

ਜਿਥੋਂ ਤਕ ਰਾਜਨੀਤਕ ਤੇ ਧਾਰਮਿਕ ਨੇਤਾਵਾਂ ਦੀ ਗੱਲ ਹੈ, ਉਹ ਸਾਡੇ ਲੁੱਟ-ਖਸੁੱਟ ਕਰਨ 'ਚ ਭਾਈਵਾਲ ਸਨ, ਭਾਵ ਲੋਕਾਈ ਦੀ ਬਾਂਹ ਫੜਨ ਵਾਲਾ ਕੋਈ ਨਹੀਂ ਸੀ:

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥

(ਮਾਝ ਕੀ ਵਾਰ ਮ: ੧, ਪੰਨਾ 145)

ਕਾਦੀ ਕੂੜੁ ਬੋਲਿ ਮਲੁ ਖਾਇ॥
ਬ੍ਰਾਹਮਣੁ ਨਾਵੈ ਜੀਆ ਘਾਇ॥
ਜੋਗੀ ਜੁਗਤਿ ਨ ਜਾਣੈ ਅੰਧੁ॥
ਤੀਨੇ ਓਜਾੜੇ ਕਾ ਬੰਧੁ॥੨॥ *(ਧਨਾਸਰੀ ਮ: ੧, ਪੰਨਾ 662)*

ਕਾਜ਼ੀ ਜੋ ਹਾਕਮ ਵੀ ਹੈ, ਜੱਜ ਭਾਵ ਫ਼ੈਸਲੇ ਕਰਨ ਵਾਲਾ ਹੈ, ਉਹ ਝੂਠ ਬੋਲ ਕੇ ਰਿਸ਼ਵਤ ਖਾਂਦਾ ਹੈ। ਬ੍ਰਾਹਮਣ ਸਭ ਨੂੰ ਦੁਖੀ ਕਰਦਾ ਹੈ ਤੇ ਤੀਰਥ ਇਸ਼ਨਾਨ ਵੀ ਕਰਦਾ ਹੈ। ਜੋਗੀ ਵੀ ਧਰਮ ਦੀ ਜੁਗਤ ਨਹੀਂ ਸਮਝਦਾ ਭਾਵ ਇਹ ਤਿੰਨ ਪ੍ਰਕਾਰ ਦੇ ਧਾਰਮਿਕ ਨੇਤਾ ਸਮਾਜ ਨੂੰ ਕੋਈ ਸੇਧ ਨਹੀਂ ਦੇ ਰਹੇ ਸਨ। ਜੇਕਰ ਮੁਲਾਂਕਣ ਕਰੀਏ ਤਾਂ ਇਸ ਪ੍ਰਤੀ ਕੋਈ ਦੋ ਰਾਵਾਂ ਨਹੀਂ ਕਿ ਅਜੋਕੇ ਸਮੇਂ ਵੀ ਭਾਰਤੀ ਸਮਾਜ ਪੂਰੀ ਤਰ੍ਹਾਂ ਵਿਗੜ ਚੁੱਕਾ ਹੈ। ਦੇਸ਼ ਦੇ ਰਾਜਨੀਤਕ ਨੇਤਾ ਸ਼ਰ੍ਹੇਆਮ ਲੁੱਟ-ਖਸੁੱਟ ਕਰ ਰਹੇ ਹਨ। ਰਿਸ਼ਵਤ ਤੋਂ ਬਿਨਾਂ ਕੋਈ ਕਾਰਜ ਨੇਪਰੇ ਨਹੀਂ ਚੜ੍ਹ ਸਕਦਾ। ਬਹੁ-ਗਿਣਤੀ ਦੇ ਧਾਰਮਿਕ ਲੋਕ ਘੱਟ-ਗਿਣਤੀ ਦੇ ਲੋਕਾਂ ਉਪਰ ਘੋਰ ਜ਼ੁਲਮ ਕਰ ਰਹੇ ਹਨ ਅਤੇ

ਉਨ੍ਹਾਂ ਦੇ ਧਾਰਮਿਕ ਅਸਥਾਨਾਂ ਨੂੰ ਢਾਹਿਆ ਜਾ ਰਿਹਾ ਹੈ। ਅੱਜ ਇਸਤਰੀ-ਪੁਰਸ਼ਾਂ ਦਾ ਮੁੱਲ ਪੈ ਰਿਹਾ ਹੈ। ਦੇਸੀ ਤੇ ਵਿਦੇਸ਼ੀ ਲਾੜੇ ਅਤੇ ਲਾੜੀਆਂ 40-40 ਲੱਖ ਮੁੱਲ ਪਵਾ ਰਹੇ ਹਨ। ਧਾਰਮਿਕ ਅਸਥਾਨਾਂ 'ਤੇ ਝੂਠੇ ਵਿਆਹ ਕੀਤੇ ਜਾ ਰਹੇ ਹਨ। ਗ਼ਰੀਬ ਜਨਤਾ ਦੀ ਕੋਈ ਬਾਂਹ ਨਹੀਂ ਫੜ ਰਿਹਾ। ਪੰਜਾਬ ਅਤੇ ਪੰਜਾਬ ਤੋਂ ਬਾਹਰ ਸਾਧਾਂ ਦੇ ਡੇਰੇ ਵੱਧ ਰਹੇ ਹਨ, ਜਿਨ੍ਹਾਂ ਦੁਆਰਾ ਅਗਿਆਨ-ਵੱਸ ਲੋਕਾਈ ਦਾ ਸਰਬ-ਪੱਖਾਂ ਤੋਂ ਸ਼ੋਸ਼ਣ ਹੋ ਰਿਹਾ ਹੈ। ਇਨ੍ਹਾਂ ਡੇਰੇਦਾਰਾਂ ਦਾ ਮਨੋਰਥ ਭੋਲੀ-ਭਾਲੀ ਜਨਤਾ ਦੀ ਧਾਰਮਿਕ ਭੇਖ ਅਪਣਾ ਕੇ ਲੁੱਟ-ਖਸੁੱਟ ਕਰਨਾ ਹੀ ਹੈ। ਇਨ੍ਹਾਂ ਸਮੂਹ ਡੇਰੇਦਾਰਾਂ ਦੀ ਸਾਂਝ ਸਰਕਾਰੀ ਨੇਤਾਵਾਂ ਤੇ ਏਜੰਸੀਆਂ ਨਾਲ ਹੈ, ਤਾਹੀਓਂ ਤਾਂ ਇਹ ਲੋਕ ਬਲਾਤਕਾਰ ਜਾਂ ਕਤਲ ਕਰਨ 'ਤੇ ਵੀ ਕਾਨੂੰਨ ਦੀ ਪਕੜ ਤੋਂ ਮੁਕਤ ਹਨ।

ਪੰਜਾਬ ਅੰਦਰ ਅੱਠ ਤੋਂ ਦਸ ਹਜ਼ਾਰ ਡੇਰੇ ਹਨ। ਇਹ ਡੇਰੇ ਭਾਵੇਂ ਹਿੰਦੂਆਂ ਦੇ ਡੇਰੇਦਾਰ ਸੁਆਮੀਆਂ ਦੇ ਹੋਣ ਜਾਂ ਸਿੱਖੀ ਸਰੂਪ 'ਚ ਦਿੱਸ ਰਹੇ ਬਾਬਿਆਂ ਦੇ, ਇਨ੍ਹਾਂ ਵਿੱਚੋਂ ਬਹੁ-ਗਿਣਤੀ ਦੇ ਡੇਰੇ ਚਰਚਾ ਵਿਚ ਹਨ। ਸੁਆਮੀ ਨਿਤਿਆ ਨੰਦ, ਆਸਾ ਰਾਮ, ਇੱਛਾਧਾਰੀ ਤੇ ਹੋਰਾਂ ਉੱਪਰ ਬਲਾਤਕਾਰੀ ਤੇ ਕਤਲ ਦੇ ਕੇਸ ਬਣ ਰਹੇ ਹਨ ਜਾਂ ਬਣ ਚੁੱਕੇ ਹਨ। ਕੁਝ ਸਮਾਂ ਪਹਿਲਾਂ ਸਿੱਖਾਂ 'ਚ ਬਾਬਾ ਪਿਹੋਵੇ ਵਾਲਾ, ਦਲਜੀਤ ਸਿੰਘ ਸ਼ਿਕਾਗੋ ਅਤੇ ਬੜੂੰਦੀ ਵਾਲੇ ਬਾਬਿਆਂ ਦੀ ਚਰਚਾ ਹੋਈ। ਕੁਝ ਦਿਨ ਹੋਏ (ਮਈ 2011) *ਸਪੋਕਸਮੈਨ* ਵਿਚ ਇਕ ਗੱਲ ਦਾ ਖ਼ੁਲਾਸਾ ਹੋਇਆ ਕਿ ਕੁਝ ਮੰਦਰਾਂ ਦੀ ਆਮਦਨ 500 ਕਰੋੜ ਸਾਲਾਨਾ ਹੈ। ਇਕ ਮੰਦਰ ਤਿਰੂਪਤੀ ਦੀ ਸਾਲਾਨਾ ਆਮਦਨ 650 ਕਰੋੜ ਅਤੇ ਅਕਤੂਬਰ, 2009 ਵਿਚ ਇਕ ਦਿਨ ਦਾ ਚੜ੍ਹਾਵਾ ਤਿੰਨ ਕਰੋੜ। ਦੂਜੇ ਪਾਸੇ ਭਾਰਤ ਦੇ ਅੱਠ ਸੂਬਿਆਂ ਜਿਨ੍ਹਾਂ 'ਚ ਉੜੀਸਾ, ਰਾਜਸਥਾਨ, ਪੱਛਮੀ ਬੰਗਾਲ, ਉੱਤਰ ਪ੍ਰਦੇਸ਼, ਬਿਹਾਰ, ਛੱਤੀਸਗੜ੍ਹ ਅਤੇ ਮੱਧ ਪ੍ਰਦੇਸ਼ ਵਿਚ 42 ਕਰੋੜ ਗ਼ਰੀਬ ਲੋਕ ਹਨ। ਹੁਣ ਅੰਦਾਜ਼ਾ ਲਗਾਉ ਕਿ ਇਨ੍ਹਾਂ ਡੇਰੇਦਾਰਾਂ ਦੀ ਚੜ੍ਹਤ ਕਿਉਂ ਨਾ ਹੋਵੇ ? ਇਹ ਧਾਰਮਿਕ ਸੁਆਮੀ ਤੇ ਬਾਬਿਆਂ ਦੀ ਪਹੁੰਚ ਬਹੁਤ ਉੱਚੀ ਹੈ। ਇਹ ਤਾਂ ਰੱਬ ਹੀ ਜਾਣੇ ਕਿ ਇਨ੍ਹਾਂ ਦੀ ਆਤਮਕ ਅਵਸਥਾ ਉੱਚੀ ਹੈ ਜਾਂ ਨਹੀਂ, ਪਰ ਸਿੱਕਾ ਇਨ੍ਹਾਂ ਦਾ ਹੀ ਚੱਲਦਾ ਹੈ, ਕਿਉਂਕਿ ਲੋਕ ਅਗਿਆਨਤਾ 'ਚ ਰਹਿ ਕੇ ਵਹਿਮਾਂ-ਭਰਮਾਂ ਤੋਂ ਮੁਕਤੀ ਨਹੀਂ ਪਾ ਸਕਦੇ। ਪ੍ਰਸਿੱਧ ਲਿਖਾਰੀ ਤੇ ਇਤਿਹਾਸਕਾਰ ਸ. ਖ਼ੁਸ਼ਵੰਤ ਸਿੰਘ ਨੇ ਲਿਖਿਆ ਹੈ ਕਿ ਭਾਰਤ ਦੁਨੀਆਂ ਵਿਚ ਇਕਲੌਤਾ ਅਜਿਹਾ ਦੇਸ਼ ਹੈ, ਜਿਥੇ ਅਨੇਕਾਂ ਮਰਦ ਅਤੇ ਔਰਤਾਂ ਅਧਿਆਤਮਕ ਗੁਰੂ ਦਾ ਦਰਜਾ ਹਾਸਲ ਕਰੀ ਬੈਠੇ ਹਨ। ਪ੍ਰਸ਼ਨ ਪੈਦਾ ਹੁੰਦਾ ਹੈ ਕਿ ਭਾਰਤ 'ਚ ਸਭ ਤੋਂ ਵੱਧ ਡੇਰੇ, ਬਾਬੇ ਜਾਂ ਅਧਿਆਤਮਕ(?) ਗੁਰੂ ਹਨ, ਤਾਂ ਫਿਰ ਲੋਕਾਈ ਦਾ ਭਲਾ ਕਿਉਂ ਨਹੀਂ ਹੋ ਰਿਹਾ ? ਇਹ ਡੇਰੇਦਾਰ ਬਾਬੇ ਰਿਸ਼ਵਤ-ਖ਼ੋਰੀ, ਲੁੱਟ-ਖਸੁੱਟ, ਘੱਟ-ਗਿਣਤੀ ਦੀਆਂ ਕੌਮਾਂ ਉੱਤੇ ਹੋ ਰਹੇ ਜ਼ੁਲਮ ਅਤੇ ਧੱਕੇਸ਼ਾਹੀ ਵਿਰੁੱਧ ਸੰਘਰਸ਼ ਕਿਉਂ ਨਹੀਂ ਕਰਦੇ ? ਅਸਲ ਵਿਚ ਇਹ ਸਾਰੇ ਡੇਰੇਦਾਰ ਬਾਬੇ ਭੇਖੀ ਹਨ ਅਤੇ ਅਗਿਆਨਤਾ-ਵੱਸ ਲੋਕਾਈ ਨੂੰ ਬਾਹਰੀ ਭੇਖ ਦੇ ਪ੍ਰਭਾਵ ਦੁਆਰਾ ਮਗਰ ਲਾਉਣਾ ਅਤੇ ਧਨ ਕਮਾਉਣਾ ਅਥਵਾ ਐਸ਼ ਪ੍ਰਸਤੀ ਵਾਲਾ ਜੀਵਨ ਜਿਉਣਾ, ਇਨ੍ਹਾਂ ਦਾ ਮਨੋਰਥ ਹੈ। ਇਨ੍ਹਾਂ ਦਾ ਮੁੱਖ ਕਾਰਜ ਲੋਕਾਂ ਨੂੰ ਪ੍ਰਵਚਨ ਸੁਣਾ ਕੇ ਵਹਿਮ-ਭਰਮ ਪੈਦਾ

ਕਰਨਾ ਅਤੇ ਅਸ਼ੀਰਵਾਦ ਦੇਣਾ ਹੁੰਦਾ ਹੈ। ਇਨ੍ਹਾਂ ਭੇਖੀ ਬਾਬਿਆਂ ਦੀ ਅਸ਼ੀਰਵਾਦ ਨਾਲ ਕਿਸੇ ਦਾ ਭਲਾ ਨਹੀਂ ਹੋ ਸਕਦਾ, ਕਿਸੇ ਦੀ ਗ਼ਰੀਬੀ ਦੂਰ ਨਹੀਂ ਹੋਵੇਗੀ ਤੇ ਨਾ ਹੀ ਕਿਸੇ ਬੀਮਾਰ ਦਾ ਇਲਾਜ ਹੋ ਸਕਦਾ ਹੈ।

ਗੁਰੂ ਖ਼ਾਲਸਾ ਪੰਥ ਦੇ ਵਿਲੱਖਣਤ ਸਿੱਧਾਂਤਾਂ ਨੂੰ ਖ਼ੋਰਾ ਲਗਾਉਣ ਲਈ ਅਨੇਕਾਂ ਡੇਰੇ ਸਥਾਪਤ ਕੀਤੇ ਗਏ। ਭਾਵੇਂ ਸਿੱਖ ਕੌਮ ਨੇ ਗੁਰੂ ਗ੍ਰੰਥ ਸਾਹਿਬ ਨਾਲ ਸੰਬੰਧਤ ਦੋ ਵੱਡੀਆਂ ਸ਼ਤਾਬਦੀਆਂ ਧੂਮ-ਧਾਮ ਨਾਲ ਮਨਾਈਆਂ ਅਤੇ ਬਹੁਤ ਵੱਡੇ ਪੱਧਰ 'ਤੇ ਜਸ਼ਨ ਕੀਤੇ ਗਏ, ਪਰ ਗੁਰਬਾਣੀ ਦੇ ਉਪਦੇਸ਼ਾਂ ਦਾ ਪ੍ਰਚਾਰ ਬਹੁਤ ਘੱਟ ਹੋਇਆ। ਗੁਰੂ ਸਾਹਿਬਾਨਾਂ ਨੇ ਸਾਨੂੰ ਗਿਆਨ-ਗੁਰੂ ਦੇ ਲੜ ਲਗਾਇਆ ਸੀ, ਪਰ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਦੇ ਗਿਆਨ ਨੂੰ ਸਮਝਣ ਦੀ ਥਾਂ ਉਸ ਦੀ ਬਾਹਰੀ ਪੂਜਾ 'ਤੇ ਜ਼ੋਰ ਲਗਾ ਦਿੱਤਾ। ਅਸੀਂ ਸਨਾਤਨੀ ਲੋਕਾਂ ਵਾਂਗ ਕਰਮ-ਕਾਂਡੀ ਬਣ ਰਹੇ ਹਾਂ ਕਿਉਂਕਿ ਗੁਰਬਾਣੀ ਦੇ ਸੰਦੇਸ਼ ਜਾਂ ਗਿਆਨ ਨੂੰ ਆਪਣੇ ਪੱਲੇ ਨਹੀਂ ਪਾ ਰਹੇ ਜਾਂ ਸਮਝਣ ਤੋਂ ਅਸਮਰੱਥ ਹਾਂ। ਗਿਆਨ ਤੋਂ ਬਿਨਾਂ ਸੰਭਵ ਹੋ ਹੀ ਨਹੀਂ ਸਕਦਾ ਕਿ ਅਜੋਕੇ ਸਮੇਂ ਨਿੱਤ ਨਵੇਂ ਉਪਜੇ ਕਰਮ-ਕਾਂਡਾਂ ਦੀ ਜਕੜ ਤੋਂ ਮੁਕਤ ਹੋ ਸਕੀਏ।

ਅੱਜ ਸਿੱਖੀ ਸਰੂਪ ਵਿਚ ਦਿੱਸ ਰਹੇ ਲੋਕ ਵਹਿਮਾਂ-ਭਰਮਾਂ ਦੇ ਸ਼ਿਕਾਰ ਹਨ ਅਤੇ ਗੁਰਮਤਿ ਦੇ ਅਨੇਕਾਂ ਸਿਧਾਂਤਾਂ ਨੂੰ ਸਮਝਣ ਤੋਂ ਅਸਮਰਥ ਹਨ। ਬਿਪਰ ਪੁਜਾਰੀ ਸ਼੍ਰੇਣੀ ਵੱਲੋਂ ਮੁੱਢ ਤੋਂ ਜਤਨ ਹੋਏ ਕਿ ਸਿੱਖ-ਇਤਿਹਾਸ ਨੂੰ ਵਿਗਾੜਿਆ ਜਾਵੇ ਅਤੇ ਉਹ ਕਾਫ਼ੀ ਹੱਦ ਤਕ ਸਫਲ ਹੋਏ, ਪਰ ਹੁਣ ਖੁੱਲ੍ਹੇ ਤੌਰ 'ਤੇ ਸਨਾਤਨੀ ਸੋਚ ਨੂੰ ਗੁਰਮਤਿ ਵਿਚ ਰਲਗੱਡ ਕੀਤਾ ਜਾ ਰਿਹਾ ਹੈ। ਖ਼ਾਲਸਾ ਪੰਥ ਵੱਲੋਂ ਪ੍ਰਵਾਣਿਤ 'ਸਿੱਖ ਰਹਿਤ ਮਰਯਾਦਾ' ਦਾ ਵਿਰੋਧ ਕਰਨ ਲਈ ਸਿੱਖ-ਵਿਰੋਧੀ ਏਜੰਸੀਆਂ ਵੱਲੋਂ ਡੇਰੇਦਾਰਾਂ ਦਾ ਸਹਿਯੋਗ ਲਿਆ ਜਾ ਰਿਹਾ ਹੈ ਤਾਂ ਜੋ ਖ਼ਾਲਸਾ ਪੰਥ ਦੀਆਂ ਪ੍ਰੰਪਰਾਵਾਂ ਦਾ ਏਕੀਕਰਣ ਨਾ ਹੋ ਸਕੇ। ਇਸ ਦਾ ਨਤੀਜਾ ਸਾਹਮਣੇ ਹੈ ਕਿ ਗੁਰੂ ਪੰਥ ਤੇ ਗੁਰੂ ਗ੍ਰੰਥ ਦੇ ਸਿੱਧਾਂਤ ਪੂਰੀ ਤਰ੍ਹਾਂ ਲਾਗੂ ਨਹੀਂ ਹੋ ਰਹੇ ਅਤੇ ਗੁਰੂ ਅਸਥਾਨਾਂ 'ਤੇ ਭਾਂਤ-ਭਾਂਤ ਦੀ ਮਰਯਾਦਾ ਲਾਗੂ ਹੈ। ਇਹ ਸਭ ਕੁਝ ਦੇਖਦੇ ਹੋਏ ਆਖ ਸਕਦੇ ਹਾਂ ਕਿ ਅਸੀਂ ਗੁਰਬਾਣੀ ਦੀ ਰੌਸ਼ਨੀ ਤੋਂ ਭੱਜ ਕੇ, ਅੰਧੇਰੇ ਵਿਚ ਰਹਿਣ ਨੂੰ ਤਰਜੀਹ ਦੇ ਰਹੇ ਹਾਂ।

ਸਿੱਖੀ ਸਰੂਪ 'ਚ ਭੁੱਲੜ ਵੀਰ ਯੋਗਾ-ਗੁਰੂ ਦੇ ਚਰਨਾਂ ਵਿਚ ਬੈਠ ਕੇ ਉਨ੍ਹਾਂ ਦੇ ਮੰਤਰਾਂ ਦਾ ਜਾਪ ਕਰ ਰਹੇ ਹਨ। ਗੁਰਦੁਆਰਿਆਂ ਵਿਚ ਯੋਗਾ-ਆਸਣ ਸਿਖਾਏ ਜਾ ਰਹੇ ਹਨ। ਸਿੱਖਾਂ ਦੇ ਨੇਤਾ ਲੋਕ ਹਵਨਾਂ ਵਿਚ ਹਿੱਸਾ ਲੈ ਕੇ ਟਿੱਕੇ ਲਗਵਾ ਰਹੇ ਹਨ। ਇਤਿਹਾਸਕ ਗੁਰ-ਅਸਥਾਨਾਂ ਤੇ ਸਨਾਤਨ ਧਰਮੀਆਂ ਦੀਆਂ ਨਕਲ 'ਚ ਪਸ਼ੂਆਂ ਦੀ ਬਲੀ ਦਿੱਤੀ ਜਾ ਰਹੀ ਹੈ ਅਤੇ ਖ਼ੂਨ ਦੇ ਟਿੱਕੇ ਲਗਾ ਕੇ ਸ਼ਸਤਰਾਂ ਦੀ ਪੂਜਾ ਕੀਤੀ ਜਾ ਰਹੀ ਹੈ। ਪੰਜਾਬ ਵਿਚ ਅਨੇਕਾਂ ਥਾਈਂ ਕਬਰਾਂ ਤੇ ਦਰੱਖ਼ਤਾਂ ਦੀ ਪੂਜਾ ਉਪਰੰਤ ਸ਼ਰਾਬ ਦਾ ਪ੍ਰਸ਼ਾਦ ਵਰਤਾਇਆ ਜਾ ਰਿਹਾ ਹੈ। ਗੁਰੂ-ਕਾਲ ਤੋਂ ਪਹਿਲਾਂ ਵੀ ਇੰਜ ਹੀ ਸਮਾਜ ਵਿਗੜਿਆ ਹੋਇਆ ਸੀ। ਉਸ ਸਮੇਂ ਗੁਰੂ ਸਾਹਿਬ ਦੀ ਗਰਜ ਅਤੇ ਮਹਾਨ ਸੁਧਾਰਕ ਉੱਦਮ ਕਰਨ ਨਾਲ ਪਰਿਵਰਤਨ ਆਇਆ ਅਤੇ ਮਨੁੱਖੀ ਅਧਿਕਾਰਾਂ ਦੀ ਖ਼ਾਤਰ ਉਨ੍ਹਾਂ ਨੂੰ ਸ਼ਹੀਦੀਆਂ ਵੀ ਦੇਣੀਆਂ ਪਈਆਂ। ਉਨ੍ਹਾਂ ਨੇ ਗੁਰੂ ਖ਼ਾਲਸਾ ਪੰਥ

ਨੂੰ ਗੁਰੂ-ਪਦ ਦੇ ਕੇ, ਗੁਰੂ ਗ੍ਰੰਥ ਦੇ ਲੜ ਲਗਾ ਦਿੱਤਾ। ਇਹ ਖ਼ਾਲਸੇ ਦਾ ਫ਼ਰਜ਼ ਬਣਦਾ ਹੈ ਕਿ ਗੁਰੂ ਗ੍ਰੰਥ ਨੂੰ ਗੁਰੂ ਮੰਨ ਕੇ, ਇਸ ਦੇ ਸਿਧਾਂਤਾਂ ਦਾ ਪ੍ਰਚਾਰ ਕਰੇ, ਤਾਂ ਜੋ ਸਮਾਜ ਅੰਦਰ ਕਿਸੇ ਪ੍ਰਕਾਰ ਦੀ ਲੁੱਟ-ਖਸੁੱਟ ਨਾ ਹੋਵੇ। ਹੁਣ ਗੁਰੂ-ਪੰਥ ਕਿਥੇ ਹੈ ? ਗੁਰਮਤਿ ਸਿੱਧਾਂਤਾਂ ਨੂੰ ਕੌਣ ਲਾਗੂ ਕਰੇ ? ਅੱਜ ਗੁਰੂ ਗ੍ਰੰਥ ਦੇ ਮੁਕਾਬਲੇ ਦਸਮ ਗ੍ਰੰਥ ਦੀ ਕਿਉਂ ਲੋੜ ਪੈ ਰਹੀ ਹੈ ? ਇਨ੍ਹਾਂ ਸਵਾਲਾਂ ਦੇ ਉੱਤਰ ਸਿੱਖਾਂ ਦੀ ਮਿੰਨੀ ਪਾਰਲੀਮੈਂਟ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹੁਦੇਦਾਰ ਹੀ ਦੇ ਸਕਦੇ ਹਨ।

ਆਓ ! ਕੌਮ ਦੇ ਹਿੱਤੂ ਵੀਰੋ, ਗੁਰਬਾਣੀ ਦੇ ਸਿੱਧਾਂਤਾਂ ਨੂੰ ਚੰਗੀ ਤਰ੍ਹਾਂ ਸਮਝੋ ਅਤੇ ਲਾਗੂ ਕਰੋ। ਗੁਰਬਾਣੀ ਦੇ ਸ਼ਬਦਾਂ ਨੂੰ ਮੰਤਰ-ਰੂਪ ਨਾ ਬਣਾਈ ਜਾਓ। ਜੇਕਰ ਕੌਮੀ ਨੇਤਾ ਸੁਹਿਰਦ ਹੋਣ ਤਾਂ *ਸੰਕਟ-ਮੋਚਨ* ਪੁਸਤਕਾਂ 'ਤੇ ਰੋਕ ਲਗਾਈ ਜਾ ਸਕਦੀ ਹੈ। ਗੁਰੂ-ਕਾਲ ਸਮੇਂ ਸਾਧਾਂ ਤੇ ਜੋਗੀਆਂ ਪਾਸ ਬਥੇਰੇ ਮੰਤਰ ਸਨ, ਪਰ ਉਨ੍ਹਾਂ ਦੇ ਮੰਤਰਾਂ ਨੇ ਸਮਾਜ ਦਾ ਕੁਝ ਨਹੀਂ ਸੰਵਾਰਿਆ। ਬਾਬਰ ਦੀ ਫ਼ੌਜ ਸਾਹਮਣੇ ਇਨ੍ਹਾਂ ਮੰਤਰਾਂ ਦੀ ਕਿਸੇ ਸ਼ਕਤੀ ਨੇ ਕੰਮ ਨਹੀਂ ਕੀਤਾ। ਗੁਰਬਾਣੀ ਹੀਰਿਆਂ ਦੀ ਖਾਣ ਹੈ, ਉੱਚ-ਗਿਆਨ ਦਾ ਮਾਰਗ ਦੱਸਦੀ ਹੈ, ਜਿਸ ਦੇ ਬੋਲਾਂ ਦੀ ਗਰਜ ਨਾਲ ਇਨਕਲਾਬ ਆਇਆ ਅਤੇ ਅਜੋਕੇ ਸਮੇਂ, ਸਮਾਜ ਦਾ ਸੁਧਾਰ ਹੋ ਸਕਦਾ ਹੈ, ਭਵਿੱਖ ਵਿਚ ਗੁਰਬਾਣੀ ਸੰਦੇਸ਼ਾਂ ਦੁਆਰਾ ਸਮੂਹ ਸੰਸਾਰ ਦਾ ਭਲਾ ਹੋ ਸਕਦਾ ਹੈ। ਬਸ ਲੋੜ ਤਾਂ ਇਸ ਦੇ ਹੁਕਮਾਂ ਨੂੰ ਮੰਨਣ ਦੀ ਹੈ। ਗੁਰਬਾਣੀ ਤੋਂ ਸੇਧ ਲੈ ਕੇ ਜਿਥੇ ਅਸੀਂ ਡੇਰੇਦਾਰਾਂ, ਪਖੰਡੀ ਸਾਧਾਂ ਤੇ ਪਾਪੀ ਨੇਤਾਵਾਂ ਦਾ ਡੱਟ ਕੇ ਵਿਰੋਧ ਕਰ ਸਕਦੇ ਹਾਂ, ਉਥੇ ਲੋਕਾਈ ਨੂੰ ਆਪਸੀ ਵੈਰ-ਵਿਰੋਧ ਛੱਡ ਕੇ ਮਾਨਵ-ਪਿਆਰ ਲਈ ਪ੍ਰੇਰ ਸਕਦੇ ਹਾਂ। ਇਹ ਤਦ ਹੀ ਸੰਭਵ ਹੈ ਜੇਕਰ ਅਸੀਂ ਗੁਰਮਤਿ ਗਿਆਨ ਤੋਂ ਵਾਂਝੇ ਨਾ ਰਹੀਏ :

ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ ॥
ਅਕਲੀ ਪੜ੍ਹਿ ਕੈ ਬੁਝੀਐ ਅਕਲੀ ਕੀਚੈ ਦਾਨੁ ॥
ਨਾਨਕੁ ਆਖੈ ਰਾਹੁ ਏਹੁ ਹੋਰਿ ਗਲਾਂ ਸੈਤਾਨੁ ॥੧॥

(ਸਾਰੰਗ ਕੀ ਵਾਰ, ਮ: ੧, ਪੰਨਾ 1245)

ਕੀ ਗੁਰੂ ਜਾਂ ਪਰਮਾਤਮਾ ਪੁੱਤਰਾਂ ਦੀ ਦਾਤ ਹੀ ਦਿੰਦਾ ਹੈ ?

ਇਹ ਪ੍ਰਸ਼ਨ ਪਹਿਲਾਂ ਵੀ ਅਨੇਕਾਂ ਵਾਰ ਵਿਚਾਰ ਅਧੀਨ ਆਇਆ ਕਿ ਕੀ ਪਰਮਾਤਮਾ ਪੁੱਤਰਾਂ ਦੀ ਦਾਤ ਹੀ ਬਖ਼ਸ਼ਦਾ ਹੈ ? ਕੀ ਧੀਆਂ ਦਾ ਜੰਮਣਾ ਪਰਮਾਤਮਾ ਦੀ ਦਾਤ ਨਹੀਂ ? ਅਖ਼ਬਾਰਾਂ ਵਿਚ ਵੱਡੇ-ਵੱਡੇ ਇਸ਼ਤਿਹਾਰ ਦਿੱਤੇ ਜਾਂਦੇ ਹਨ, ਜਿਸ ਵਿਚ ਆਮ ਸੂਚਨਾ ਇਹੀ ਹੁੰਦੀ ਹੈ ਕਿ ਪਰਮਾਤਮਾ ਵੱਲੋਂ ਪੁੱਤਰ ਦੀ ਦਾਤ ਪ੍ਰਾਪਤ ਹੋਣ 'ਤੇ ਫ਼ਲਾਣੇ ਹਾਲ ਵਿਚ ਜਸ਼ਨ ਮਨਾਏ ਜਾਣਗੇ ਜਾਂ ਗੁਰਦੁਆਰਾ ਸਾਹਿਬ ਵਿਖੇ ਅਖੰਡ ਪਾਠ ਕਰਾਏ ਜਾਣਗੇ। ਗੁਰਦੁਆਰਿਆਂ ਵਿਚ ਅਖੰਡ ਪਾਠ ਸਮਾਗਮ ਦੀ ਸਮਾਪਤੀ 'ਤੇ ਭਾਈ ਸਾਹਿਬ ਵੱਲੋਂ ਅਰਦਾਸ ਵਿਚ ਬਚਨ ਆਖੇ ਜਾਂਦੇ ਹਨ ਕਿ ਫ਼ਲਾਣੇ ਪਰਿਵਾਰ ਦੇ ਗ੍ਰਹਿ ਵਿਖੇ ਗੁਰੂ ਨੇ ਪੁੱਤਰ ਦੀ ਦਾਤ ਬਖ਼ਸ਼ੀ ਅਤੇ ਪਰਿਵਾਰ ਨੇ ਗੁਰੂ ਦਾ ਧੰਨਵਾਦ ਕਰਨ ਲਈ ਧੁਰ ਕੀ ਬਾਣੀ ਦੇ ਪਾਠ ਕਰਾਏ। ਉਪਰੋਕਤ ਗੱਲਾਂ ਨੂੰ ਦੇਖ-ਸੁਣ ਕੇ ਕਈ ਵੀਰਾਂ ਦੇ ਮਨ 'ਚ ਪ੍ਰਸ਼ਨ ਉੱਠਣਾ ਸੁਭਾਵਿਕ ਹੈ ਕਿ ਕੀ ਪਰਮਾਤਮਾ ਪੁੱਤਰ ਦੀ ਦਾਤ ਹੀ ਬਖ਼ਸ਼ਦਾ ਹੈ, ਪੁੱਤਰੀਆਂ ਦੀ ਨਹੀਂ ? ਕੀ ਕਦੀ ਪਰਿਵਾਰਾਂ ਨੇ ਧੀਆਂ ਜੰਮਣ 'ਤੇ ਵੱਡੇ ਪੱਧਰ 'ਤੇ ਜਸ਼ਨ ਮਨਾਏ ਹਨ ? ਜੇ ਕੋਈ ਮਨਾਉਂਦਾ ਹੈ ਤਾਂ ਬਹੁਤ ਘੱਟ ਸੁਣਨ ਵਿਚ ਆਇਆ ਹੈ।

ਇਸ ਸਵਾਲ ਦਾ ਉੱਤਰ ਹੈ ਕਿ ਪਰਮਾਤਮਾ ਸਭ ਤਰ੍ਹਾਂ ਦੀਆਂ ਬਖ਼ਸ਼ਸ਼ਾਂ ਕਰਦਾ ਹੈ, ਕੀ ਪੁੱਤਰ, ਕੀ ਧੀ, ਕੀ ਮਾਲ-ਧਨ, ਖਾਣ-ਪੀਣ, ਘਰ-ਬਾਰ, ਜੀਉ-ਪਿੰਡ, ਭਾਵ ਸਭ ਕੁਝ ਜਾਂ ਸਭ ਬਖ਼ਸ਼ਸ਼ਾਂ ਪਰਮਾਤਮਾ ਦੇ ਦਰ ਤੋਂ ਪ੍ਰਾਪਤ ਹੁੰਦੀਆਂ ਹਨ :

ਦਦਾ ਦਾਤਾ ਏਕੁ ਹੈ ਸਭ ਕਉ ਦੇਵਨਹਾਰ ॥

(ਗਉੜੀ ਬਾਵਨ ਅਖਰੀ ਮਹਲਾ ੫, ਪੰਨਾ 257)

ਜੋ ਕੁਝ ਅਸੀਂ ਦੇਖ ਰਹੇ ਹਾਂ ਕਿ ਕਿਵੇਂ ਲੋਕ ਗੁਰਮਤਿ ਤੋਂ ਅਨਜਾਣ ਹਨ ਅਤੇ ਦੂਸਰੇ ਪਾਸੇ ਧਰਮ ਦਾ ਪ੍ਰਚਾਰ ਕਰਨ ਵਾਲੇ ਵੀ ਲੋਕਾਈ ਨੂੰ ਗੁਰਮਤਿ ਬਾਰੇ ਜਾਂ ਗੁਰਬਾਣੀ ਦੀ ਠੀਕ ਵਿਆਖਿਆ ਨਹੀਂ ਕਰਦੇ। ਇਸ ਕਰਕੇ ਅਸੀਂ ਆਪਣੇ ਪੁਰਾਣੇ ਖ਼ਿਆਲਾਂ ਦੀ ਪਕੜ ਤੋਂ ਮੁਕਤ ਨਹੀਂ ਹੋ ਰਹੇ ਅਤੇ ਸਾਡੀ ਸਮੁੱਚੀ ਸੋਚਣੀ ਪਿਛਾਂਹ-ਖਿੱਚੂ ਹੈ, ਜਿਸ ਨੂੰ ਸਭਿਆਚਾਰਕ ਔਗੁਣ ਆਖ ਸਕਦੇ ਹਾਂ। ਕੁਝ ਚਲਾਕ ਲੋਕਾਂ ਨੇ ਇਤਿਹਾਸ ਨੂੰ ਵੀ ਮਿਥਿਹਾਸ ਬਣਾ ਦਿੱਤਾ ਹੈ, ਜਿਸ ਵਿਚ ਅਜਿਹੀਆਂ ਗੱਲਾਂ ਘੁਸੇੜ ਦਿੱਤੀਆਂ, ਜਿਨ੍ਹਾਂ ਨੂੰ ਗੁਰਮਤਿ ਦੀ ਕਸਵੱਟੀ ਅਨੁਸਾਰ ਮੰਨ ਲੈਣਾ ਅਸੰਭਵ ਹੈ। ਅਸਲ ਵਿਚ ਕਈ ਰੌਚਕ ਕਥਾਵਾਂ ਪ੍ਰਚੱਲਿਤ ਹੋਣ ਕਰਕੇ ਧਰਮ ਦੇ ਨਾਂ ਹੇਠ

ਭੋਲੇ ਭਾਲੇ ਲੋਕਾਂ ਦੀ ਲੁੱਟ-ਖਸੁੱਟ ਹੋ ਜਾਣੀ ਆਮ ਗੱਲ ਹੈ। ਜਦੋਂ ਕਿਸੇ ਪਰਿਵਾਰ ਵੱਲੋਂ ਪੁੱਤਰ ਦੀ ਖ਼ੁਸ਼ੀ ਵਿਚ ਸਮਾਗਮ ਰਚਾਇਆ ਗਿਆ ਹੋਵੇ, ਤਾਂ ਕਥਾਕਾਰ, ਰਾਗੀ ਜਾਂ ਢਾਡੀ ਗੁਰਬਾਣੀ ਪ੍ਰਮਾਣਾਂ ਦੀ ਅਢੁੱਕਵੀਂ ਵਰਤੋਂ ਬਹੁਤ ਜ਼ਿਆਦਾ ਕਰਦੇ ਹਨ। ਕਈ ਵਾਰ ਇੰਜ ਵੀ ਹੁੰਦਾ ਹੈ ਕਿ ਭਾਵੇਂ ਜ਼ਿਆਦਾਤਰ ਪ੍ਰਚਾਰਕਾਂ ਨੂੰ ਪਤਾ ਹੈ ਕਿ ਗੁਰਬਾਣੀ ਸ਼ਬਦਾਂ ਦੇ ਅੰਤਰੀਵ ਭਾਵ-ਅਰਥਾਂ ਦਾ ਪੁੱਤਰ ਦੇ ਜਨਮ ਦੀ ਖ਼ੁਸ਼ੀ ਨਾਲ ਕੋਈ ਦੂਰ ਦਾ ਸੰਬੰਧ ਵੀ ਨਹੀਂ ਜੁੜਦਾ, ਪਰ ਰੌਚਕਮਈ ਗੱਲਾਂ ਕਰ ਕੇ ਪਰਿਵਾਰ ਨੂੰ ਖ਼ੁਸ਼ ਕਰਨ ਦਾ ਮਨੋਰਥ ਜ਼ਰੂਰ ਪੂਰਾ ਕਰ ਲਿਆ ਜਾਂਦਾ ਹੈ।

ਇਕੇਰਾਂ (ਸਾਲ 1987) ਵੈਨਕੂਵਰ ਦੇ ਇਕ ਗੁਰਦੁਆਰਾ ਸਾਹਿਬ ਵਿਚ ਸ਼ਰਧਾਲੂ ਪਰਿਵਾਰ ਵੱਲੋਂ ਆਪਣੇ ਪੁੱਤਰ ਦੇ ਜਨਮ ਦਿਨ ਦੀ ਖ਼ੁਸ਼ੀ ਵਿਚ ਸਮਾਗਮ ਹੋ ਰਿਹਾ ਸੀ। ਪੰਜਾਬ ਤੋਂ ਆਏ ਇਕ ਨਾਮਵਰ ਢਾਡੀ ਨੇ ਸੰਗਤ ਵਿਚ ਗੁਰਬਾਣੀ ਦੀ ਪੰਗਤੀ "ਪੁਤੀ ਗੰਢੁ ਪਵੈ ਸੰਸਾਰਿ"[1] ਦੀ ਵਿਆਖਿਆ ਕਰਦਿਆਂ ਕਿਹਾ ਕਿ ਜਿਹੜੀਆਂ ਮਾਵਾਂ ਪੁੱਤਰਾਂ ਨੂੰ ਜਨਮ ਨਹੀਂ ਦਿੰਦੀਆਂ, ਉਨ੍ਹਾਂ ਦਾ ਜੀਣਾ ਧ੍ਰਿਗ ਹੈ। ਸੰਗਤ ਵਿਚ ਕੁਝ ਅਜਿਹੇ ਪਰਿਵਾਰ ਸਨ, ਜਿਨ੍ਹਾਂ ਦੀਆਂ ਧੀਆਂ ਸਨ ਤੇ ਪੁੱਤਰ ਕੋਈ ਨਹੀਂ। ਕਈ ਬੀਬੀਆਂ ਉਹ ਵੀ ਮੌਜੂਦ ਸਨ, ਜਿਨ੍ਹਾਂ ਦੇ ਬੱਚਾ ਕੋਈ ਨਹੀਂ ਸੀ। ਅਜਿਹੀ ਅਢੁੱਕਵੀਂ ਪੰਗਤੀ ਪ੍ਰਯੋਗ ਕਰਨ ਦੇ ਨਾਲ ਨਾਲ, ਮਾਵਾਂ ਨੂੰ ਦੋਸ਼ੀ ਠਹਿਰਾਉਣਾ ਸਰਾਸਰ ਗ਼ਲਤ ਸੀ। ਆਖ਼ਰ ਕੁਝ ਪਰਿਵਾਰਾਂ ਨੇ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਕੋਲ ਜਾ ਕੇ, ਉਸ ਢਾਡੀ ਦੀ ਸ਼ਿਕਾਇਤ ਕੀਤੀ ਅਤੇ ਜਦੋਂ ਢਾਡੀ ਸਾਹਿਬ ਨੂੰ ਪੁੱਛਿਆ ਗਿਆ, ਤਾਂ ਉਹ ਸਾਫ਼ ਮੁੱਕਰ ਗਏ ਤੇ ਉਸ ਕਿਹਾ, "ਕੁਝ ਮੈਂ ਤਾਂ ਉਨ੍ਹਾਂ ਮਾਵਾਂ ਦੀ ਨਿਖੇਧੀ ਕੀਤੀ ਸੀ, ਜੋ ਆਪਣੇ ਬੱਚਿਆਂ ਨੂੰ ਦੁੱਧ ਨਹੀਂ ਚੁੰਘਾਉਂਦੀਆਂ।" ਇਹ ਪੰਗਤੀ "ਪੁਤੀ ਗੰਢੁ ਪਵੈ ਸੰਸਾਰਿ" ਪ੍ਰਚਾਰਕਾਂ ਵੱਲੋਂ ਆਮ ਹੀ ਪ੍ਰਯੋਗ ਕੀਤੀ ਜਾਂਦੀ ਹੈ, ਪਰ ਸਪੱਸ਼ਟ ਕਰ ਦੇਵਾਂ ਕਿ ਇਸ ਗੁਰਬਾਣੀ ਪ੍ਰਮਾਣ ਦਾ ਕੋਈ ਅਜਿਹਾ ਭਾਵ ਨਹੀਂ ਕਿ ਪੁੱਤਰਾਂ ਨਾਲ ਸੰਸਾਰ ਵਿਚ ਸੰਬੰਧ ਜੁੜਦਾ ਹੈ ਪਰ ਇਸ ਸਮੁੱਚੇ ਸ਼ਬਦ ਦਾ ਵਿਸ਼ਾ ਤਾਂ ਕੁਝ ਹੋਰ ਹੀ ਹੈ।

ਅਸਾਂ ਪੁੱਤਰਾਂ ਦੀ ਦਾਤ ਨੂੰ ਵੱਧ ਮਹੱਤਤਾ ਦੇਣ ਲਈ ਬਾਬਾ ਬੁੱਢਾ ਜੀ ਵੱਲੋਂ ਗੁਰੂ ਕੇ ਮਹਿਲ ਮਾਤਾ ਗੰਗਾ ਜੀ ਨੂੰ ਪੁੱਤਰ ਦਾ ਵਰ ਦੇਣ ਦੀ ਕਹਾਣੀ ਨੂੰ ਰੌਚਕ ਬਣਾ ਕੇ ਸੁਣਾਉਂਦੇ ਹਾਂ। ਇਸ ਦੇ ਨਾਲ ਹੀ ਅਸੀਂ ਮਾਤਾ ਜੀ ਦੀ ਸ਼ਖ਼ਸੀਅਤ ਨੂੰ ਇਕ ਆਮ ਦੁਨਿਆਵੀ ਤੇ ਸਾਧਾਰਨ ਸ਼ਖ਼ਸੀਅਤ ਬਣਾਉਣ ਦੀ ਕੋਈ ਕਸਰ ਬਾਕੀ ਨਹੀਂ ਛੱਡਦੇ। ਅੱਜ-ਕੱਲ੍ਹ ਅਨੇਕਾਂ ਪਰਿਵਾਰ ਅਜਿਹੇ ਹਨ, ਜਿਨ੍ਹਾਂ ਦੇ ਨਾ ਹੀ ਧੀ ਹੈ ਅਤੇ ਨਾ ਹੀ ਪੁੱਤ, ਪਰ ਫਿਰ ਵੀ ਉਹ ਰੱਬੀ ਭਾਣੇ ਵਿਚ ਹਨ, ਕਦੀ ਉਹ ਡੇਰਿਆਂ ਜਾਂ ਸਾਧਾਂ ਪਾਸ ਲੇਲੜੀਆਂ ਨਹੀਂ ਕੱਢਦੇ। ਜੇਕਰ ਪਰਮਾਤਮਾ ਹੀ ਸਭ ਬਖ਼ਸ਼ਸ਼ਾਂ ਦਾ ਦਰ ਹੈ, ਉਥੋਂ ਦਾਤ ਮੰਗਣੀ ਚਾਹੀਦੀ ਹੈ। ਕਹਾਣੀ ਵਿਚ ਦੱਸਿਆ ਗਿਆ ਹੈ ਕਿ ਬੀਬੀ ਕਰਮੋ ਵੱਲੋਂ ਮਾਤਾ ਗੰਗਾ ਜੀ ਨੂੰ ਬੇ-ਔਲਾਦ ਹੋਣ ਦਾ ਮੇਹਣਾ ਮਾਰਿਆ ਅਤੇ

---

1. ਮਾਝ ਕੀ ਵਾਰ, ਮ: ੧, ਪੰਨਾ 143.

ਮਾਤਾ ਗੰਗਾ ਜੀ ਲਈ ਅਜਿਹੇ ਬੋਲ ਝੱਲਣੇ ਅਸਹਿ ਸਨ। ਇਸ ਪਿੱਛੋਂ ਮਾਤਾ ਗੰਗਾ ਜੀ ਪੁੱਤਰ ਦਾ 'ਵਰ' ਲੈਣ ਲਈ ਬਾਬਾ ਬੁੱਢਾ ਜੀ ਪਾਸ ਜਾਂਦੇ ਹਨ। ਭਾਵੇਂ ਅਗਿਆਨਤਾ-ਵੱਸ ਅਨੇਕਾਂ ਪ੍ਰਚਾਰਕ, ਇਸ ਕਹਾਣੀ ਨੂੰ ਮੰਨਦੇ ਹਨ, ਪਰ ਗੁਰਮਤਿ ਦੀ ਰੌਸ਼ਨੀ ਵਿਚ ਇਸ ਕਹਾਣੀ ਨੂੰ ਮੰਨਣ ਨਾਲ ਗੁਰਮਤਿ ਸਿੱਧਾਂਤ ਸ੍ਵੈ-ਵਿਰੋਧੀ ਜਾਪਣ ਲੱਗ ਜਾਂਦੇ ਹਨ। ਇਹ ਵੀ ਮੰਨਿਆ ਜਾਂਦਾ ਹੈ ਕਿ ਇਕ ਸ਼ਬਦ ਜੋ ਰਾਗ ਆਸਾ ਵਿਚ ਹੈ, ਗੁਰੂ ਅਰਜਨ ਸਾਹਿਬ ਜੀ ਨੇ ਆਪਣੇ ਸਪੁੱਤਰ (ਗੁਰੂ) ਹਰਿਗੋਬਿੰਦ ਸਾਹਿਬ ਜੀ ਦੇ ਜਨਮ ਦੀ ਖ਼ੁਸ਼ੀ ਵਿਚ ਉਚਾਰਿਆ। ਪ੍ਰੋਫ਼ੈਸਰ ਸਾਹਿਬ ਸਿੰਘ ਜੀ ਦੇ ਵਿਚਾਰ ਹਨ ਕਿ ਗੁਰੂ ਸਾਹਿਬ ਨੇ ਪੁੱਤਰ ਦੇ ਜਨਮ ਦੀ ਖ਼ੁਸ਼ੀ ਦਾ ਦ੍ਰਿਸ਼ਟਾਂਤ ਦੇ ਕੇ ਗੁਰੂ ਦੀ ਸ਼ਰਨ ਤੋਂ ਪ੍ਰਾਪਤ ਹੋਏ ਅਨੰਦ ਤੇ ਸੁੱਖ ਨੂੰ ਸ਼ਬਦ ਵਿਚ ਵਰਣਨ ਕੀਤਾ ਹੈ। ਆਖ਼ਰੀ ਬੰਦ 'ਚ ਗੁਰੂ ਸਾਹਿਬ ਆਖਦੇ ਹਨ ਕਿ ਹੇ ਭਾਈ ਹੁਣ ਇਹ ਕੋਈ ਲੁਕੀ-ਛਿਪੀ ਗੱਲ ਨਹੀਂ ਹੈ, ਹਰ ਕੋਈ ਜਾਣਦਾ ਹੈ ਕਿ ਜਿਸ ਮਨੁੱਖ ਉੱਤੇ ਗੁਰੂ ਨਾਨਕ ਦਇਆਵਾਨ ਹੁੰਦਾ ਹੈ, ਜਿਸ ਨੂੰ ਉਹ ਨਾਮ ਦੀ ਦਾਤ ਦਿੰਦਾ ਹੈ, ਉਹ ਜੋ ਕੁਝ ਬੋਲਦਾ ਹੈ, ਗੁਰੂ ਦਾ ਪ੍ਰੇਰਿਆ ਹੋਇਆ, ਗੁਰੂ ਦੀ ਰਜ਼ਾ ਵਿਚ ਹੀ ਬੋਲਦਾ ਹੈ, ਉਹ ਆਪਣੇ ਗੁਰੂ ਉੱਤੇ ਇਉਂ ਫ਼ਖ਼ਰ ਕਰਦਾ ਹੈ, ਜਿਵੇਂ ਕੋਈ ਪੁੱਤਰ ਆਪਣੇ ਪਿਉ ਉੱਤੇ ਮਾਣ ਕਰਦਾ ਹੈ। (ਉਹ ਸਿੱਖ ਗੁਰੂ ਪਾਸੋਂ ਸਹਾਇਤਾ ਦੀ ਉਵੇਂ ਆਸ ਰੱਖਦਾ ਹੈ, ਜਿਵੇਂ ਪੁੱਤਰ ਪਿਉ ਪਾਸੋਂ):

> **ਸਤਿਗੁਰ ਸਾਚੈ ਦੀਆ ਭੇਜਿ ॥**
> **ਚਿਰੁ ਜੀਵਨੁ ਉਪਜਿਆ ਸੰਜੋਗਿ ॥**
> **ਉਦਰੈ ਮਾਹਿ ਆਇ ਕੀਆ ਨਿਵਾਸੁ ॥**
> **ਮਾਤਾ ਕੈ ਮਨਿ ਬਹੁਤੁ ਬਿਗਾਸੁ ॥੧॥**
> **ਜੰਮਿਆ ਪੂਤੁ ਭਗਤੁ ਗੋਵਿੰਦ ਕਾ ॥**
> **ਪ੍ਰਗਟਿਆ ਸਭ ਮਹਿ ਲਿਖਿਆ ਧੁਰ ਕਾ ॥ਰਹਾਉ॥...**
> **ਜਿਉ ਬਾਲਕੁ ਪਿਤਾ ਊਪਰਿ ਕਰੇ ਬਹੁ ਮਾਣੁ ॥**
> **ਬੁਲਾਇਆ ਬੋਲੈ ਗੁਰ ਕੈ ਭਾਣਿ ॥**
> **ਗੁਝੀ ਛੰਨੀ ਨਾਹੀ ਬਾਤ ॥**
> **ਗੁਰੁ ਨਾਨਕੁ ਤੁਠਾ ਕੀਨੀ ਦਾਤਿ ॥੪॥** *(ਆਸਾ ਮਹਲਾ ੫, ਪੰਨਾ 396)*

ਬਾਬਾ ਬੁੱਢਾ ਜੀ ਪਾਸੋਂ ਮਾਤਾ ਗੰਗਾ ਜੀ ਦਾ ਪੁੱਤਰ ਲਈ ਵਰ ਪ੍ਰਾਪਤ ਦੀ ਕਹਾਣੀ ਸੁਣਾ ਕੇ ਭੋਲੇ ਭਾਲੇ ਲੋਕਾਂ ਦੀ ਲੁੱਟ-ਖਸੁੱਟ ਕੀਤੀ ਜਾ ਰਹੀ ਹੈ।

ਇਸ ਕਹਾਣੀ (ਬਾਬਾ ਬੁੱਢਾ ਜੀ ਪਾਸੋਂ ਵਰ ਲੈਣਾ) ਨੂੰ ਇਤਿਹਾਸ ਦੀ ਕਸਵੱਟੀ ਅਨੁਸਾਰ ਵੀ ਦੇਖਣਾ ਪਵੇਗਾ। ਇਤਿਹਾਸਕਾਰਾਂ ਅਨੁਸਾਰ ਗੁਰੂ ਅਰਜਨ ਸਾਹਿਬ ਦੇ ਵਿਆਹ ਸੰਬੰਧੀ ਕੋਈ ਅਜਿਹੀ ਪੁਸਤਕ ਨਹੀਂ ਮਿਲਦੀ, ਜਿਸ ਵਿਚ ਪੂਰੀ ਜਾਣਕਾਰੀ ਮਿਲ ਸਕੇ। ਡਾਕਟਰ ਹਰਜਿੰਦਰ ਸਿੰਘ ਦਿਲਗੀਰ *ਸਿੱਖ ਤਵਾਰੀਖ਼* ਪਹਿਲਾ ਹਿੱਸਾ ਦੇ ਪੰਨਾ 211 ਉੱਤੇ ਲਿਖਦੇ ਹਨ ਕਿ ਗੁਰੂ ਅਰਜਨ ਸਾਹਿਬ ਦਾ ਵਿਆਹ 19 ਜੂਨ, 1589 ਨੂੰ ਲਾਹੌਰ ਦੇ ਭਾਈ ਸੰਗਤ ਰਾਓ ਦੀ ਬੇਟੀ ਮਾਤਾ ਗੰਗਾ ਜੀ ਨਾਲ ਹੋਇਆ।

ਇਸ ਪਿੱਛੋਂ 19 ਜੂਨ, 1590 ਨੂੰ ਗੁਰੂ ਹਰਿਗੋਬਿੰਦ ਸਾਹਿਬ ਦਾ ਜਨਮ ਹੋਇਆ। ਡਾਕਟਰ ਸੁਖਦਿਆਲ ਸਿੰਘ ਜੀ *ਪੰਜਾਬ ਦੇ ਇਤਿਹਾਸ* ਦੇ ਪੰਨਾ 95 ਉੱਤੇ ਗੁਰੂ ਅਰਜਨ ਸਾਹਿਬ ਦਾ ਵਿਆਹ 1589 ਨੂੰ ਮੰਨਦੇ ਹਨ। ਗੁਰੂ ਅਰਜਨ ਸਾਹਿਬ ਦੇ ਵਿਆਹ ਅਤੇ ਗੁਰੂ ਹਰਿਗੋਬਿੰਦ ਸਾਹਿਬ ਦੇ ਜਨਮ ਬਾਰੇ ਜਾਣ ਕੇ ਬਾਬਾ ਬੁੱਢਾ ਜੀ ਪਾਸੋਂ ਵਰ ਲੈਣ ਦੀ ਕਹਾਣੀ ਨੂੰ ਇਤਿਹਾਸਕ ਸੱਚ ਨਹੀਂ ਮੰਨਿਆ ਜਾ ਸਕਦਾ। ਹਾਂ, ਜੇਕਰ ਵਿਆਹ ਤੋਂ ਬਾਅਦ ਕਈ ਸਾਲ ਸੰਤਾਨ ਨਾ ਹੋਵੇ ਤਾਂ ਅਜਿਹੀ ਕਹਾਣੀ ਚਲ ਸਕਦੀ ਹੈ, ਪਰ ਗੁਰਮਤਿ ਦੀ ਕਸਵੱਟੀ ਵਿਚ ਫਿਰ ਵੀ ਅਜਿਹੀਆਂ ਸਾਜ਼ਸ਼ੀ ਅਤੇ ਮਨਘੜਤ ਕਹਾਣੀਆਂ ਨਹੀਂ ਟਿਕ ਸਕਦੀਆਂ।

ਜਿਥੋਂ ਤਕ ਬਾਬਾ ਬੁੱਢਾ ਜੀ ਦੀ ਯਾਦ 'ਚ ਬਣੇ ਵਿਸ਼ੇਸ਼ ਅਸਥਾਨ ਹਨ, ਉਸ ਜਗ੍ਹਾ ਤੋਂ ਵੀ ਇਹ ਗੱਲ ਪ੍ਰਚਾਰੀ ਜਾਂਦੀ ਹੈ ਕਿ ਪਰਮਾਤਮਾ ਜਾਂ ਗੁਰੂ ਵੱਲੋਂ ਬਾਬਾ ਬੁੱਢਾ ਜੀ ਨੂੰ ਪੁੱਤਰਾਂ ਦੇ ਵਰ ਦੇਣ ਦੀ ਬਖ਼ਸ਼ਸ਼ ਹੋਈ ਸੀ। ਮੈਨੂੰ ਯਾਦ ਨਹੀਂ, ਪਰ ਪੁੱਤਰਾਂ ਦੇ ਵਰਾਂ ਲਈ ਕੋਟਾ, ਜਿਸ ਵਿਚ ਗਿਣਤੀ ਦਾ ਉਲੇਖ ਵੀ ਹੈ, ਦੀ ਗੱਲ ਵੀ ਪ੍ਰਚਾਰੀ ਜਾਂਦੀ ਹੈ। ਜਿਸ ਨਾਲ ਲੋਕ ਇਨ੍ਹਾਂ ਰੌਚਕ ਕਹਾਣੀਆਂ ਨੂੰ ਸੱਚੀਆਂ ਮੰਨ ਲੈਂਦੇ ਹਨ, ਇਹ ਤਾਂ ਉਂਜ ਗੱਲ ਜਾਪਦੀ ਹੈ, ਜਿਵੇਂ ਅੱਜ-ਕੱਲ੍ਹ ਪਹੁੰਚ ਵਾਲੇ ਲੋਕ ਸਰਕਾਰ ਜਾਂ ਮੰਤਰੀਆਂ ਤੋਂ ਗੱਡੀਆਂ, ਟਰੱਕਾਂ ਜਾਂ ਅਨੇਕਾਂ ਵਸਤੂਆਂ ਦੇ ਕੋਟੇ ਪ੍ਰਾਪਤ ਕਰ ਲੈਂਦੇ ਹਨ ਤੇ ਅੱਗੋਂ ਚੋਖੀ ਕਮਾਈ ਲਈ ਹੋਰਾਂ ਨੂੰ ਵੇਚ ਦਿੰਦੇ ਹਨ। ਹੁਣ ਬਾਬਾ ਬੁੱਢਾ ਜੀ ਦੇ ਡੇਰੇ ਦੇ ਸੇਵਕ ਵੀ 'ਵਰ' ਦੇਣ ਦੀ ਸ਼ਕਤੀ ਦਾ ਪ੍ਰਯੋਗ ਜ਼ਰੂਰ ਕਰਦੇ ਹੋਣਗੇ ਕਿਉਂਕਿ 'ਕੋਟੇ' ਵਿਚ ਵਰਾਂ ਦੀ ਗਿਣਤੀ ਲੱਖਾਂ ਕਰੋੜਾਂ ਤੀਕ ਹੋਵੇਗੀ।

ਇਕ ਹੋਰ ਕਹਾਣੀ, ਭਾਵੇਂ ਇਸ ਨੂੰ ਵਿਰਲੇ ਲੇਖਕਾਂ ਨੇ ਹੀ ਪ੍ਰਵਾਣ ਕੀਤਾ ਹੈ ਕਿ ਮਾਝੇ ਦੇ ਇਲਾਕੇ ਵਿਚ ਇਕ ਬੀਬੀ ਸੁਲੱਖਣੀ ਹੋਈ ਹੈ। ਉਸ ਦੇ ਕੋਈ ਪੁੱਤਰ ਨਹੀਂ ਸੀ। ਉਹ ਅਨੇਕਾਂ ਦੁਆਰਿਆਂ 'ਤੇ ਜਾ ਕੇ ਪੁੱਤਰ ਦੇ ਵਰ ਲੈਣ ਲਈ ਭਟਕਦੀ ਰਹੀ, ਪਰ ਉਸ ਦੀ ਮੁਰਾਦ ਪੂਰੀ ਨਾ ਹੋਈ ਤੇ ਉਸ ਨੂੰ ਇਹੀ ਆਖ ਦਿੱਤਾ ਜਾਂਦਾ ਸੀ ਕਿ ਉਸ ਦੇ ਲੇਖਾਂ ਵਿਚ ਪੁੱਤਰ ਨਹੀਂ। ਜਦੋਂ ਬੀਬੀ ਸੁਲੱਖਣੀ ਗੁਰੂ ਹਰਿਗੋਬਿੰਦ ਸਾਹਿਬ ਪਾਸ ਗਈ ਤਾਂ ਗੁਰੂ ਜੀ ਨੇ ਵੀ ਇਹੀ ਆਖਿਆ ਕਿ ਉਸ ਦੇ ਲੇਖਾਂ ਵਿਚ ਨਹੀਂ, ਤਾਂ ਬੀਬੀ ਨੇ ਆਖਿਆ ਕਿ ਉਥੇ ਵੀ ਤੁਸੀਂ ਲੇਖ ਲਿਖਣੇ ਸਨ, ਜੇ ਉਥੇ ਨਹੀਂ ਲਿਖੇ ਤਾਂ ਇਥੇ ਲਿਖ ਦਿਉ। ਗੁਰੂ ਜੀ ਨੇ ਇਕ ਠੀਕਰੇ 'ਤੇ ਏਕਾ ਲਿਖਣਾ ਸ਼ੁਰੂ ਕੀਤਾ ਤਾਂ ਕੁਦਰਤੀ ਹੀ ਏਸ ਵੇਲੇ ਘੋੜੇ ਨੇ ਦੁਲੱਤੀ ਮਾਰੀ ਤਾਂ ਏਕੇ ਤੋਂ ਸਾਤਾ ਬਣ ਗਿਆ। ਪਤਾ ਨਹੀਂ ਇਹ ਸੱਤ ਪੁੱਤਰ ਦੇਣ ਦੀ ਬਖ਼ਸ਼ ਗੁਰੂ ਜੀ ਦੀ ਸੀ ਕਿ ਜਾਂ ਘੋੜੇ ਦੀ ਅਚਾਨਕ ਲੱਤ ਮਾਰਨ ਸਦਕਾ ਹੋਈ। ਦੱਸਦੇ ਹਨ ਕਿ ਬੀਬੀ ਸੁਲੱਖਣੀ ਦੇ ਸੱਤ ਪੁੱਤਰ ਹੋਏ। ਵੈਸੇ ਇਸ ਪਰਿਵਾਰ ਦਾ ਕੋਈ ਕੁਰਸੀਨਾਮਾ ਨਹੀਂ ਮਿਲਦਾ, ਹੈਰਾਨੀ ਇਸ ਗੱਲ ਦੀ ਹੈ ਕਿ ਮੰਗਿਆ ਇਕ ਪੁੱਤਰ ਤਾਂ ਬਖ਼ਸ਼ਸ਼ ਹੋ ਗਈ ਸੱਤ ਪੁੱਤਰਾਂ ਦੀ। ਚਲੋ, ਕਹਾਣੀ ਸੋਹਣੀ ਘੜੀ ਹੋਈ ਹੈ, ਜੇਕਰ ਸੱਤਾਂ ਵਿਚ ਦੋ ਤਿੰਨ ਲੜਕੀਆਂ ਵੀ ਪੈਦਾ ਹੋਈਆਂ ਦੱਸ ਦਿੰਦੇ ਤਾਂ ਸਮਾਜ ਵਿਚ ਲੋਕਾਂ ਨੇ ਲੜਕੀਆਂ ਨੂੰ ਗੁਰੂ ਦੀ ਦਾਤ ਮੰਨ ਲੈਣ ਦੀ ਪਿਰਤ ਸ਼ੁਰੂ ਕਰ ਦੇਣੀ ਸੀ। ਅੱਜ ਇਹ ਗ਼ਲਤ ਪਰੰਪਰਾ ਬਣ ਚੁੱਕੀ ਹੈ ਕਿ ਪੁੱਤਰ

ਦੇ ਜਨਮ ਨੂੰ ਰੱਬੀ ਦਾਤ ਆਖਿਆ ਜਾਂਦਾ ਹੈ ਤੇ ਲੜਕੀ ਜਾਂ ਧੀ ਜੰਮੇ, ਉਸ ਨੂੰ ਪਰਮਾਤਮਾ ਦੀ ਦਾਤ ਕਿਉਂ ਨਹੀਂ ? ਹਾਲਾਂਕਿ ਸਭ ਨੂੰ ਪਤਾ ਹੈ ਕਿ ਪੁੱਤਰਾਂ ਦੀਆਂ ਮਾਵਾਂ ਵੀ ਕਿਸੇ ਦੀਆਂ ਧੀਆਂ ਸਨ ਤੇ ਧੀਆਂ ਤੋਂ ਬਗ਼ੈਰ ਅੱਗੋਂ ਪੁੱਤਰ ਕਿਵੇਂ ਪੈਦਾ ਹੋ ਸਕਦੇ ਹਨ ?

ਜੇਕਰ ਇਨ੍ਹਾਂ ਦੋਨੋਂ ਕਹਾਣੀਆਂ ਦਾ ਗੁਰਮਤਿ ਦੀ ਕਸਵੱਟੀ ਅਨੁਸਾਰ ਮੁਲਾਂਕਣ ਕਰੀਏ ਤਾਂ ਇਨ੍ਹਾਂ ਕਹਾਣੀਆਂ ਨੂੰ ਸੱਚੀਆਂ ਨਹੀਂ ਮੰਨਿਆ ਜਾ ਸਕਦਾ। ਬਾਬਾ ਬੁੱਢਾ ਜੀ ਪਾਸੋਂ ਪੁੱਤਰ ਦੇ ਵਰ ਪ੍ਰਾਪਤ ਕਰਨ ਨਾਲ ਗੁਰੂ ਦੇ ਮਹਿਲਾਂ ਦੀ ਸ਼ਖ਼ਸੀਅਤ ਵਿਚ ਕਮਜ਼ੋਰ ਪੱਖ ਪ੍ਰਗਟ ਹੁੰਦੇ ਹਨ ਅਤੇ ਗੁਰੂ ਸਾਹਿਬ ਦੀ ਸ਼ਖ਼ਸੀਅਤ ਦਾ ਆਪਣੇ ਹੀ ਮਹਿਲਾਂ ਉੱਪਰ ਪ੍ਰਭਾਵ ਨਹੀਂ ਦਰਸਾਇਆ ਜਾਂਦਾ ਅਤੇ ਬਾਬਾ ਬੁੱਢਾ ਜੀ ਨੂੰ ਗੁਰੂ ਨਾਲੋਂ ਵੱਡਾ ਅਤੇ ਕਰਾਮਾਤੀ ਦੱਸਣਾ ਅਜੀਬ ਹੀ ਲੱਗਦਾ ਹੈ। ਦੂਸਰੀ ਕਹਾਣੀ ਅੰਦਰ ਗੁਰੂ ਜੀ ਨੇ ਤਰੁੱਠ ਕੇ ਇਕ ਪੁੱਤਰ ਹੀ ਦੇਣਾ ਸੀ, ਪਰ ਘੋੜੇ ਦੀ ਲੱਤ ਹਿੱਲ ਜਾਣ ਕਾਰਨ ਏਕੇ ਦਾ ਸਾਤਾ ਬਣ ਗਿਆ ਤੇ ਸੱਤ ਹੀ ਪੁੱਤਰ ਹੋਏ। ਇਸ ਕਹਾਣੀ ਵਿਚ ਗੁਰੂ ਨੂੰ ਪਰਮਾਤਮਾ ਵਾਗੂੰ ਸਰਬ-ਸ਼ਕਤੀਵਾਨ ਦੱਸਿਆ ਗਿਆ ਅਤੇ ਪਰਮਾਤਮਾ ਮਾਤਾ ਸੁਲੱਖਣੀ ਨੂੰ ਪਹਿਲਾਂ ਪੁੱਤਰ ਦੀ ਦਾਤ ਦੇਣਾ ਭੁੱਲ ਗਿਆ ਸੀ। ਇਤਿਹਾਸ ਅੰਦਰ ਸਪੱਸ਼ਟ ਹੈ ਕਿ ਗੁਰੂ ਨਾਨਕ ਸਾਹਿਬ ਜੀ ਦੇ ਦੋ ਸਪੁੱਤਰ ਸਨ, ਪਰ ਉਨ੍ਹਾਂ ਨੇ ਗੁਰਿਆਈ ਆਪਣੇ ਸੇਵਕ ਨੂੰ ਸੌਂਪੀ। ਇਸ ਦਾ ਭਾਵ ਇਹ ਹੈ ਕਿ ਗੁਰੂ ਸਾਹਿਬਾਨ ਸਾਡੇ ਵਾਂਗੂੰ ਸਾਧਾਰਨ ਵਿਅਕਤੀ ਨਹੀਂ ਸਨ, ਉਹ ਤਾਂ ਵਿਅਕਤੀ ਵਿਸ਼ੇਸ਼ ਅਤੇ ਸੰਸਾਰ ਅੰਦਰ ਪਰਉਪਕਾਰੀ, ਯੋਧੇ ਅਤੇ ਮਾਨਵਤਾ ਦੇ ਭਲੇ ਲਈ ਆਏ ਸਨ। ਉਨ੍ਹਾਂ ਅੰਦਰ ਆਪਣੇ ਨਿੱਜੀ ਪਰਿਵਾਰ ਜਾਂ ਪੁੱਤਰਾਂ ਲਈ ਕੋਈ ਮੋਹ ਨਹੀਂ ਸੀ, ਨਾ ਹੀ ਉਨ੍ਹਾਂ ਨੇ ਆਪਣੇ ਪਰਿਵਾਰਾਂ ਲਈ ਜਾਇਦਾਦਾਂ ਬਣਾਈਆਂ ਤੇ ਨਾ ਹੀ ਆਪਣੇ ਬੱਚਿਆਂ ਨੂੰ ਮਾਰੂ ਸੰਕਟਾਂ ਤੋਂ ਵਿਸ਼ੇਸ਼ ਤੌਰ 'ਤੇ ਸੁਰੱਖਿਅਤ ਰੱਖਿਆ। ਉਨ੍ਹਾਂ ਨੇ ਆਪਣੇ ਪਰਿਵਾਰ ਤੇ ਬੱਚਿਆਂ ਦੀਆਂ ਸ਼ਹਾਦਤਾਂ ਨੂੰ ਰੱਬੀ ਭਾਣਾ ਮੰਨ ਕੇ ਰੱਬ ਦਾ ਸ਼ੁਕਰ ਕੀਤਾ ਸੀ।

ਸਾਡੇ ਇਤਿਹਾਸ ਦਾ ਇਕ ਪੱਖ ਜਿਸ ਨੂੰ ਅਸੀਂ (ਸੰਗਤ) ਤੇ ਪ੍ਰਚਾਰਕ-ਸ਼੍ਰੇਣੀ ਅਣਡਿੱਠ ਕਰ ਦਿੰਦੇ ਹਾਂ। ਸਿੱਖ-ਇਤਿਹਾਸ ਦੀ ਮਹਾਨ ਇਸਤਰੀ, ਬੇਬੇ ਨਾਨਕੀ, ਜਿਨ੍ਹਾਂ ਨੇ ਸਭ ਤੋਂ ਪਹਿਲਾਂ ਬਾਬੇ ਨਾਨਕ ਦੀ ਮਹਾਨ ਸ਼ਖ਼ਸੀਅਤ ਦੀ ਪਹਿਚਾਣ ਕੀਤੀ ਸੀ। ਇਤਿਹਾਸਕ ਮੁਲਾਂਕਣ ਕਰਨ ਉਪਰੰਤ ਪਤਾ ਲੱਗਦਾ ਹੈ ਕਿ ਉਨ੍ਹਾਂ ਦੇ ਕੋਈ ਬੱਚਾ ਨਹੀਂ ਸੀ। ਅਸੀਂ ਇਹ ਵੀ ਭਲੀ ਪ੍ਰਕਾਰ ਜਾਣਦੇ ਹਾਂ ਕਿ ਉਨ੍ਹਾਂ ਦਾ ਆਪਣੇ ਪੇਕੇ ਅਤੇ ਸਹੁਰੇ ਘਰ ਵਿਚ ਪੂਰਾ ਮਾਣ-ਸਨਮਾਨ ਸੀ। ਅਸੀਂ ਕਦੀ ਇਹ ਨਹੀਂ ਪੜ੍ਹਿਆ ਜਾਂ ਸੁਣਿਆ ਕਿ ਉਨ੍ਹਾਂ ਦੀ ਕੁੱਖ ਕੋਈ ਬੱਚਾ ਨਾ ਹੋਣ ਕਾਰਨ ਕਿਸੇ ਨੇ ਵੀ ਤਾਹਨੇ ਮੇਹਣੇ ਦਿੱਤੇ ਹੋਣ। ਦੂਜੇ ਪਾਸੇ ਮਾਤਾ ਗੰਗਾ ਜੀ ਨੂੰ ਤਾਹਨੇ-ਮੇਹਣੇ ਮਿਲਣੇ ਬਾਰੇ ਪ੍ਰਚਾਰਕ ਬਹੁਤ ਚਰਚਾ ਕਰਦੇ ਹਨ। ਚਲੋ, ਜੇ ਕਿਸੇ ਨੇ ਤਾਹਨੇ-ਮੇਹਣੇ ਦਿੱਤੇ ਵੀ ਹੋਣ, ਤਾਂ ਗੁਰੂ ਮਹਿਲਾਂ ਦੀ ਸ਼ਖ਼ਸੀਅਤ ਨੂੰ ਕਿਉਂ ਨੀਵਾਂ ਦਿਖਾਇਆ ਜਾਂਦਾ ਹੈ ? ਮਹਾਨ ਗੁਰੂਆਂ ਅਤੇ ਉਨ੍ਹਾਂ ਦੇ ਸੰਬੰਧਿਤ ਪਰਿਵਾਰਾਂ ਜਾਂ ਸੰਗੀ-ਸਾਥੀਆਂ ਨੇ ਗੁਰਮਤਿ ਅਨੁਸਾਰ ਭਾਣੇ ਮੰਨੇ, ਸਿਦਕ ਨਿਭਾਏ, ਬੰਦ-ਬੰਦ ਕਟਾਏ, ਪਰ ਕੋਈ ਰੋਸ ਨਹੀਂ ਕੀਤਾ।

ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਭਾਣਾ ਮੰਨਣ ਦੇ ਅਨੇਕਾਂ ਸ਼ਬਦ ਹਨ, ਜਿਸ ਵਿਚ ਰੱਬੀ ਹੁਕਮ ਨੂੰ ਮੰਨਣਾ ਹੀ ਮਹਾਨ ਕਰਮ ਹੈ:

ਜੋ ਤੂੰ ਕਰਹਿ ਸੋਈ ਪਰਵਾਣੁ ॥
ਸਾਚੇ ਸਾਹਿਬ ਤੇਰਾ ਸਚੁ ਫੁਰਮਾਣੁ ॥ *(ਆਸਾ ਮਹਲਾ ੫, ਪੰਨਾ 376)*

ਤੇਰਾ ਕੀਆ ਮੀਠਾ ਲਾਗੈ ॥
ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ ॥ *(ਆਸਾ ਮਹਲਾ ੫, ਪੰਨਾ 394)*

ਗੁਰੂ ਅਰਜਨ ਦੇਵ ਜੀ ਨੇ ਅਨੇਕਾਂ ਤਸੀਹੇ ਝਲ ਕੇ ਸ਼ਹੀਦੀ ਦਿੱਤੀ। ਇਹ ਉਨ੍ਹਾਂ ਖਿੜੇ ਮੱਥੇ ਪ੍ਰਵਾਨ ਕੀਤਾ। ਚਲੋ, ਮੰਨ ਲੈਂਦੇ ਹਾਂ ਕਿ ਸਿੱਖ ਧਰਮ ਅੰਦਰ ਅਰਦਾਸ ਕਰਨ ਦੀ ਪ੍ਰੰਪਰਾ ਹੈ, ਪਰ ਸਾਡੀ ਅਰਦਾਸ ਕਿਸੇ ਵਿਅਕਤੀ ਜਾਂ ਅਕਾਰ ਅੱਗੇ ਨਹੀਂ, ਸਗੋਂ ਨਿਰੰਕਾਰ ਅੱਗੇ ਹੁੰਦੀ ਹੈ:

ਸਭੁ ਕੋ ਤੇਰਾ ਤੂੰ ਸਭਸੁ ਦਾ ਤੂੰ ਸਭਨਾ ਰਾਸਿ ॥
ਸਭਿ ਤੁਧੈ ਪਾਸਹੁ ਮੰਗਦੇ ਨਿਤ ਕਰਿ ਅਰਦਾਸਿ ॥
(ਸਿਰੀਰਾਗ ਕੀ ਵਾਰ ਮਹਲਾ ੪, ਪੰਨਾ 86)

ਪਰ ਜਦੋਂ ਅਸੀਂ ਆਪਣੇ ਮਹਾਨ ਗੁਰੂਆਂ 'ਤੇ ਦੂਸ਼ਨ ਲਗਾਉਂਦੇ ਹਾਂ ਕਿ ਉਹ ਵੀ ਪੁੱਤਰਾਂ ਦੀ ਦਾਤ ਲਈ ਦੁਨਿਆਵੀ ਤੇ ਆਮ ਲੋਕਾਂ ਵਾਂਗ ਤੜਫ਼ਦੇ ਹਨ, ਤਾਂ ਉਨ੍ਹਾਂ ਦਾ ਨਿਰਾਦਰ ਹੈ। ਇਹ ਮੰਨਿਆ ਹੀ ਨਹੀਂ ਜਾ ਸਕਦਾ ਕਿ ਗੁਰੂ ਸਾਹਿਬਾਨ ਵੀ ਮੋਹ ਮਾਇਆ ਤੋਂ ਮੁਕਤ ਨਹੀਂ ਸਨ।

ਅਸਲ ਤੱਤ ਇਹੀ ਹੈ ਕਿ ਅਸੀਂ ਸਭਿਆਚਾਰਕ ਔਗੁਣਾਂ ਨੂੰ ਪੱਲੇ ਬੰਨ੍ਹੀ ਫਿਰਦੇ ਹਾਂ ਤੇ ਗੁਰਮਤਿ ਨੂੰ ਨੇੜੇ ਨਹੀਂ ਢੁੱਕਣ ਦਿੱਤਾ। ਚਾਹੀਦਾ ਇਹ ਸੀ ਕਿ ਜਿਸ ਧਰਤੀ 'ਤੇ ਗੁਰਬਾਣੀ ਲਿਖੀ ਗਈ, ਪ੍ਰਚਾਰੀ ਗਈ ਹੋਵੇ, ਉਥੇ ਕੁੜੀਆਂ ਤੇ ਧੀਆਂ ਦਾ ਵੱਧ ਸਤਿਕਾਰ ਹੋਣਾ ਚਾਹੀਦਾ ਸੀ, ਪਰ ਉਲਟਾ ਧੀਆਂ ਦੇ ਕਤਲ ਹੋ ਰਹੇ ਹਨ, ਭਾਵੇਂ ਜੰਮਣ ਤੋਂ ਬਾਅਦ ਜਾਂ ਜੰਮਣ ਤੋਂ ਪਹਿਲਾਂ। ਦੂਸਰਾ, ਅਸੀਂ ਕਦੀ ਵੀ ਧੀ ਜਾਂ ਲੜਕੀ ਦੀ ਦਾਤ ਨੂੰ ਅਰਦਾਸ 'ਚ ਨਹੀਂ ਮੰਗਦੇ, ਸਗੋਂ ਇਕੱਲੇ ਪੁੱਤਰ ਦੀ ਦਾਤ ਦੀ ਹੀ ਮੁਖ ਮੰਗ ਹੁੰਦੀ ਹੈ। ਉਧਰ ਡੇਰੇਦਾਰ ਵੀ ਤਾਂ ਪੁੱਤਰ ਦੀ ਦਾਤ ਤੋਂ ਘੱਟ ਗਰੰਟੀ ਨਹੀਂ ਦਿੰਦੇ। ਪਰ ਗੁਰਮਤਿ ਅੰਦਰ ਧੀ-ਪੁੱਤਰ ਸਭ ਬਰਾਬਰ ਹਨ ਤੇ ਸਭ ਦਾਤਾਂ ਵਾਹਿਗੁਰੂ ਦੀਆਂ ਹਨ। ਹੁਣ ਤਾਂ ਇਹ ਭੀ ਸੁਣਿਆ ਜਾਂਦਾ ਹੈ ਕਿ ਪੁੱਤਰਾਂ ਵਾਲੇ ਔਖੇ ਹਨ ਤੇ ਲੜਕੀਆਂ ਵਾਲੇ ਸੌਖੇ ਹਨ ਕਿਉਂਕਿ ਮੁੰਡਿਆਂ ਨਾਲ ਮਾਤਾ-ਪਿਤਾ ਦਾ ਜ਼ਿਆਦਾ ਮੋਹ ਹੋਣ ਕਾਰਨ, ਉਹ ਖੁੱਲ੍ਹੇ ਤੇ ਬਾਗ਼ੀ ਸੁਭਾਅ ਦੇ ਹੋ ਕੇ, ਗ਼ਲਤ ਰਾਹਾਂ 'ਤੇ ਤੁਰ ਪੈਂਦੇ ਹਨ। ਜਦੋਂ ਕਿ ਪੜ੍ਹਾਈ ਦੇ ਖੇਤਰ 'ਚ ਲੜਕੀਆਂ ਹੀ ਮੋਹਰੀ ਹਨ ਤੇ ਪੁੱਤਰ ਫਾਡੀ। ਗੁਰਮਤਿ ਵਿਚ ਪਰਮਾਤਮਾ ਵੱਲੋਂ ਹਰ ਮਿਲੀ ਦਾਤ 'ਤੇ ਸ਼ੁਕਰਾਨਾ ਕਰਨ ਦੀ ਪਰੰਪਰਾ ਹੈ, ਸਗੋਂ ਰੱਬੀ ਹੁਕਮ ਤੇ ਭਾਣੇ ਵਿਚ ਰਹਿਣ ਵਾਲਾ ਵਿਅਕਤੀ ਦੁਖ ਤੇ ਭੁੱਖ ਨੂੰ ਵੀ ਰੱਬੀ ਦਾਤ ਮੰਨ ਕੇ ਵਿਗਾਸ 'ਚ ਰਹਿੰਦਾ ਹੈ:

ਕੇਤਿਆ ਦੂਖ ਭੂਖ ਸਦ ਮਾਰ॥
ਏਹਿ ਭਿ ਦਾਤਿ ਤੇਰੀ ਦਾਤਾਰ॥ *(ਜਪੁ ਜੀ, ਪੰਨਾ 5)*

ਅੰਤ 'ਚ ਸਾਰ ਇਹੀ ਹੈ ਕਿ ਜੋ ਕੁਝ ਅਸੀਂ ਹਾਂ, ਸਾਡੇ ਪਰਿਵਾਰ, ਧੀਆਂ-ਪੁੱਤਰ, ਘਰ-ਬਾਰ ਸਭ ਕੁਝ ਵਾਹਿਗੁਰੂ ਦੀਆਂ ਦਾਤਾਂ ਹਨ। ਕੁਦਰਤ ਦਾ ਨਿਯਮ ਹੈ ਕਿ ਧੀਆਂ-ਪੁੱਤਰ ਸਭ ਬਰਾਬਰ ਹਨ, ਜੇਕਰ ਇਸ ਰੱਬੀ ਹੁਕਮ ਜਾਂ ਭਾਣੇ ਨੂੰ ਮੰਨਾਂਗੇ, ਤਾਂ ਹੀ ਸਿੱਖ ਅਖਵਾਉਣ ਦੇ ਹੱਕਦਾਰ ਹਾਂ। ਜੋ ਲੋਕ ਭਰੂਣ-ਹੱਤਿਆ ਕਰਦੇ ਹਨ, ਜਾਂ ਭਰੂਣ-ਹੱਤਿਆ ਲਈ ਸਾਧਨ ਬਣਦੇ ਹਨ, ਜਾਂ ਭਰੂਣ-ਹੱਤਿਆ ਲਈ ਪ੍ਰੇਰਦੇ ਹਨ, ਉਹ ਪਾਪੀ ਹਨ, ਦੋਸ਼ੀ ਹਨ। ਭਾਵੇਂ ਕਾਨੂੰਨ ਦੀ ਪਕੜ ਤੋਂ ਬਚ ਜਾਂਦੇ ਹਨ, ਇਸ ਦਾ ਭਾਵ ਇਹ ਨਹੀਂ ਕਿ ਉਹ ਦੋਸ਼ੀ ਨਹੀਂ, ਉਹ ਦੋਸ਼ੀ ਹਨ ਤੇ ਦੋਸ਼ੀ ਰਹਿਣਗੇ।

ਕੀ ਸਿੱਖ ਆਕਾਰ ਦੀ ਪੂਜਾ ਕਰਦੇ ਹਨ ਜਾਂ ਨਿਰੰਕਾਰ ਦੀ ?

ਸਾਲ 1999 ਦੀ ਵਿਸਾਖੀ ਦੇ ਅਵਸਰ 'ਤੇ ਦਾਸ ਕਿਲੋਨਾ, ਬੀ.ਸੀ. ਵਿਖੇ ਹਾਜ਼ਰੀ ਭਰਨ ਲਈ ਗਿਆ। ਉਥੇ ਇਕ ਵੀਰ ਨੇ ਆਪਣੇ ਨਾਲ ਬੀਤੀ ਇਕ ਘਟਨਾ ਬਾਰੇ ਦੱਸਿਆ ਕਿ ਇਕੇਰਾਂ ਉਸ ਨੂੰ ਆਪਣੇ ਇਕ ਹਿੰਦੂ ਦੋਸਤ ਪਾਸ ਠਹਿਰਣ ਦਾ ਮੌਕਾ ਮਿਲਿਆ। ਉਸ ਦੇ ਦੋਸਤ ਨੇ ਸਵੇਰ ਵੇਲੇ ਆਪਣੀ ਪਰੰਪਰਾ ਅਨੁਸਾਰ ਠਾਕਰਾਂ ਦੀ ਪੂਜਾ ਕੀਤੀ। ਉਸ ਦੀ ਪੂਜਾ-ਵਿਧਾਨ ਨੂੰ ਦੇਖਦੇ ਹੋਏ ਆਖ ਦਿੱਤਾ ਕਿ ਉਹ ਪੜ੍ਹਿਆ-ਲਿਖਿਆ ਹੈ ਅਤੇ ਫਿਰ ਵੀ ਠਾਕਰਾਂ ਦੀ ਪੂਜਾ ਕਰੀ ਜਾ ਰਿਹਾ ਹੈ ? ਹਿੰਦੂ ਵੀਰ ਨੇ ਉੱਤਰ ਦਿੱਤਾ, 'ਮੈਨੂੰ ਪਤਾ ਹੈ ਕਿ ਠਾਕਰਾਂ ਦੀ ਪੂਜਾ ਪਰਮਾਤਮਾ ਦੀ ਅਸਲ ਪੂਜਾ ਨਹੀਂ, ਪਰ ਮੈਂ ਇਹ ਸਭ ਕੁਝ ਆਪਣੀ ਪਰਿਵਾਰਿਕ ਪਰੰਪਰਾ ਅਨੁਸਾਰ ਅਤੇ ਆਪਣੇ ਮਾਤਾ-ਪਿਤਾ ਨੂੰ ਖ਼ੁਸ਼ ਕਰਨ ਲਈ ਕਰਦਾ ਹਾਂ।' ਫਿਰ ਉਸ ਨੇ ਝੱਟ ਆਖ ਦਿੱਤਾ, 'ਕੀ ਤੂੰ ਕਦੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਸਮਝ ਕੇ ਪੜ੍ਹੀ ਹੈ ?' ਮੈਂ ਨਾਂਹ ਵਿਚ ਉੱਤਰ ਦਿੱਤਾ, ਤਾਂ ਉਸ ਹਿੰਦੂ ਵੀਰ ਨੇ ਆਖਿਆ ਜੇਕਰ ਸਿੱਖ ਲੋਕ ਬਾਣੀ ਦੇ ਅਰਥ-ਭਾਵ ਨਹੀਂ ਸਮਝਦੇ ਅਤੇ ਸਿਰਫ਼ ਸ਼ਰਧਾ ਨਾਲ ਮੱਥਾ ਟੇਕਦੇ ਹਨ ਤਾਂ ਹਿੰਦੂਆਂ ਵੱਲੋਂ ਬੁੱਤ ਪੂਜਾ ਜਾਂ ਠਾਕਰਾਂ ਦੀ ਪੂਜਾ ਵਾਂਗ ਉਹ ਵੀ ਆਕਾਰ ਦੀ ਪੂਜਾ ਕਰਦੇ ਹਨ। ਇਸ ਸੰਦਰਭ ਵਿਚ ਆਕਾਰਾਂ ਦੇ ਸਰੂਪਾਂ ਵਿਚ ਹੀ ਭਿੰਨਤਾ ਹੈ।

ਇਹੀ ਕਾਰਨ ਹੈ ਕਿ ਅੱਜ ਕਈ ਹਿੰਦੂ ਵਿਦਵਾਨ ਲਿਖਣ ਲੱਗ ਪਏ ਹਨ ਕਿ ਸਿੱਖ ਵੀ ਆਕਾਰ ਦੀ ਪੂਜਾ ਕਰ ਰਹੇ ਹਨ। ਜੇ ਹਿੰਦੂ ਮੂਰਤੀ-ਪੂਜਾ ਕਰਦੇ ਹਨ ਤਾਂ ਸਿੱਖ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗਿਆਨ ਨੂੰ ਸਮਝਣ ਦੀ ਬਜਾਇ, ਗੁਰੂ ਗ੍ਰੰਥ ਸਾਹਿਬ ਦੇ ਆਕਾਰ ਦੀ ਪੂਜਾ ਤਕ ਹੀ ਸੀਮਤ ਹੋ ਗਏ ਹਨ। ਗੁਰੂ ਗ੍ਰੰਥ ਸਾਹਿਬ ਅੰਦਰ ਭਗਤ ਨਾਮਦੇਵ ਜੀ ਦੇ ਬੋਲ ਹਨ :

ਹਿੰਦੂ ਪੂਜੈ ਦੇਹੁਰਾ ਮੁਸਲਮਾਣੁ ਮਸੀਤਿ ॥
ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤਿ ॥

(ਗੋਂਡ ਨਾਮਦੇਵ ਜੀ, ਪੰਨਾ 875)

ਉਪਰੋਕਤ ਪੰਗਤੀਆਂ ਅੰਦਰ ਅਰਥ ਸਪੱਸ਼ਟ ਹਨ ਕਿ ਹਿੰਦੂ, ਮੰਦਰਾਂ ਵਿਚ ਜਾ ਕੇ ਪੂਜਾ ਕਰਦੇ ਹਨ। ਇਥੇ ਦੇਹੁਰਾ ਦਾ ਅਰਥ ਡੇਰਾ ਹੈ ਜਾਂ ਮੰਦਰ ਜਾਂ ਕੋਈ ਧਰਮ-ਕਰਮ ਲਈ ਵਿਸ਼ੇਸ਼ ਅਸਥਾਨ। ਦੂਸਰਾ ਮੁਸਲਮਾਨ ਆਪਣੇ ਧਰਮ-ਅਸਥਾਨ ਮਸੀਤ (ਮਸਜਦ) ਅੰਦਰ ਜਾ ਕੇ ਨਮਾਜ਼ ਪੜ੍ਹਦੇ ਹਨ। ਨਾਮਦੇਵ ਜੀ ਆਖਦੇ ਹਨ

ਕਿ ਉਹ ਨਾ ਹੀ ਮੰਦਰ ਵਿਚ ਅਤੇ ਨਾ ਹੀ ਮਸੀਤ ਅੰਦਰ ਜਾ ਕੇ ਪੂਜਾ ਕਰਦੇ ਹਨ, ਉਹ ਤਾਂ ਉਸ ਨਿਰੰਕਾਰ ਦੀ ਪੂਜਾ ਕਰਦੇ ਹਨ ਜੋ ਕਿ ਇਨ੍ਹਾਂ ਧਰਮ-ਅਸਥਾਨਾਂ ਤਕ ਸੀਮਤ ਨਹੀਂ, ਸਗੋਂ ਸਰਵ-ਵਿਆਪਕ ਹੈ।

ਗੁਰੂ ਨਾਨਕ ਦੇਵ ਜੀ ਨੇ ਜਪੁ ਬਾਣੀ ਅੰਦਰ ਸਪੱਸ਼ਟ ਕਰ ਦਿੱਤਾ ਹੈ ਕਿ ਪਰਮਾਤਮਾ ਸਭਨੀ ਥਾਈਂ ਮੌਜੂਦ ਹੈ, ਜਿਸ ਨੇ ਸਾਰੇ ਬ੍ਰਹਿਮੰਡ ਨੂੰ ਬਣਾਇਆ ਅਤੇ ਸੰਸਾਰ ਦੀ ਉਤਪਤੀ ਉਸ ਨੇ ਹੀ ਕੀਤੀ, ਉਸ ਨੂੰ ਕਿਸੇ ਨੇ ਨਹੀਂ ਬਣਾਇਆ ਅਤੇ ਨਾ ਹੀ ਉਸ ਦੀ ਕਲਪਤਿ ਮੂਰਤ ਜਾਂ ਬੁੱਤ ਬਣਾਇਆ ਜਾ ਸਕਦਾ ਹੈ:

ਥਾਪਿਆ ਨ ਜਾਇ ਕੀਤਾ ਨ ਹੋਇ॥
ਆਪੇ ਆਪਿ ਨਿਰੰਜਨੁ ਸੋਇ॥ *(ਜਪੁ ਜੀ, ਪੰਨਾ 2)*

ਉਹ ਸੈਭੰ ਹੈ ਭਾਵ ਉਸ ਨੂੰ ਕਿਸੇ ਨੇ ਨਹੀਂ ਬਣਾਇਆ, ਕਰਤਾ ਪੁਰਖ ਹੈ, ਨਿਰੰਕਾਰ ਹੈ, ਜਿਥੇ ਉਹ ਸਿਰਜਨਹਾਰ ਹੈ, ਉਥੇ ਉਹ ਵਿਨਾਸ਼ ਕਰਨ ਵਾਲਾ ਵੀ ਆਪ ਹੈ। ਅਸੀਂ ਉਸ ਦੀ ਪੂਜਾ, ਉਸ ਦੇ ਗੁਣਾਂ ਨੂੰ ਗਾ ਕੇ ਕਰ ਸਕਦੇ ਹਾਂ ਕਿਉਂਕਿ ਉਸ ਦਾ ਕੋਈ ਸਰੂਪ ਕਲਪਿਆ ਨਹੀਂ ਜਾ ਸਕਦਾ। ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਇਕ ਸ਼ਬਦ ਗਉੜੀ ਰਾਗ ਅੰਦਰ ਹੈ, ਜਿਸ ਵਿਚ ਉਹ ਪ੍ਰਸ਼ਨ ਕਰਦੇ ਹਨ ਕਿ ਪਰਮਾਤਮਾ ਦੀ ਪੂਜਾ ਕਿਵੇਂ ਕੀਤੀ ਜਾਵੇ? ਉਸ ਦਾ ਕਿਹੜਾ ਸਰੂਪ ਕਲਪਿਆ ਜਾਏ? ਜਿਸ ਨਾਲ ਸੰਸਾਰ ਰੂਪੀ ਭਵਜਲ ਤੋਂ ਪਾਰ ਲੰਘਿਆ ਜਾ ਸਕੇ ਤੇ ਅਖ਼ੀਰ ਵਿਚ ਸਪੱਸ਼ਟ ਕਰਦੇ ਹਨ ਕਿ ਪਰਮਾਤਮਾ ਦੀ ਅਸਲ ਪੂਜਾ ਉਸ ਦੇ ਗੁਣਾਂ ਦੀ ਪੂਜਾ ਹੈ, ਇਹ ਵੀ ਤਦ ਹੀ ਸੰਭਵ ਹੈ ਜੇ ਪਰਮਾਤਮਾ ਦੀ ਨਦਰ ਜਾਂ ਕਿਰਪਾ ਹੋਵੇ:

ਕਵਨ ਰੂਪੁ ਤੇਰਾ ਆਰਾਧਉ॥
ਕਵਨ ਜੋਗ ਕਾਇਆ ਲੇ ਸਾਧਉ॥੧॥
ਕਵਨ ਗੁਨੁ ਜੋ ਤੁਝੁ ਲੈ ਗਾਵਉ॥
ਕਵਨ ਬੋਲ ਪਾਰਬ੍ਰਹਮ ਰੀਝਾਵਉ॥੧॥ਰਹਾਉ॥
ਕਵਨ ਸੁ ਪੂਜਾ ਤੇਰੀ ਕਰਉ॥
ਕਵਨ ਸੁ ਬਿਧਿ ਜਿਤੁ ਭਵਜਲ ਤਰਉ॥੨॥
ਕਵਨ ਤਪੁ ਜਿਤੁ ਤਪੀਆ ਹੋਇ॥
ਕਵਨੁ ਸੁ ਨਾਮੁ ਹਉਮੈ ਮਲੁ ਖੋਇ॥੩॥
ਗੁਣ ਪੂਜਾ ਗਿਆਨ ਧਿਆਨ ਨਾਨਕ ਸਗਲ ਘਾਲ॥
ਜਿਸੁ ਕਰਿ ਕਿਰਪਾ ਸਤਿਗੁਰੁ ਮਿਲੈ ਦਇਆਲ॥੪॥

(ਗਉੜੀ ਮ: ੫, ਪੰਨਾ 186-87)

ਪਰਮਾਤਮਾ ਦੇ ਗੁਣ, ਮੂਲ-ਮੰਤਰ ਜਾਂ ਜਪੁ ਮੰਗਲ ਅੰਦਰ ਬਹੁਤ ਵਿਸ਼ੇਸ਼ ਰੂਪ ਵਿਚ ਗੁਰੂ ਨਾਨਕ ਸਾਹਿਬ ਜੀ ਨੇ ਦੱਸੇ ਹਨ '੧ਓ' ਤੋਂ ਲੈ ਕੇ ਗੁਰਪ੍ਰਸਾਦਿ ਤਕ। ਇਸ ਤੋਂ ਉਪਰੰਤ ਗੁਰਬਾਣੀ ਅੰਦਰ ਪਰਮਾਤਮਾ ਦੀ ਕੀਰਤੀ ਲਈ ਗੁਰੂਆਂ ਅਤੇ ਭਗਤਾਂ ਨੇ ਬੇਅੰਤ ਵਿਸ਼ੇਸ਼ਣ ਪ੍ਰਯੋਗ ਕੀਤੇ ਹਨ।

ਗੁਰਮਤਿ ਅੰਦਰ ਕਿਸੇ ਵੀ ਆਕਾਰ ਜਾਂ ਦੇਵੀ-ਦੇਵਤਿਆਂ ਪ੍ਰਤੀ ਸ਼ਰਧਾ ਰੱਖਣੀ ਅਤੇ ਪੂਜਾ ਕਰਨੀ ਵਰਜਿਤ ਹੈ, ਸਿਰਫ਼ ਨਿਰੰਕਾਰ ਜੋ ਕਿ ਸਰਬ ਜੀਆਂ ਦਾ ਪਾਲਣਹਾਰ ਹੈ, ਦੀ ਕੀਰਤੀ ਕਰਨੀ ਹੈ।

ਗੁਰੂ ਸਾਹਿਬਾਨਾਂ ਨੇ ਭਾਰਤੀ ਧਰਮਾਂ ਦੀਆਂ ਪਰੰਪਰਾਵਾਂ ਦੇ ਵਿਪਰੀਤ ਰੱਬੀ ਮਹਿਮਾ ਦੀ ਪਰੰਪਰਾ ਨੂੰ ਸਥਾਪਤ ਕੀਤਾ ਹੈ। ਰਾਗ ਗੂਜਰੀ ਵਿਚ ਗੁਰੂ ਨਾਨਕ ਸਾਹਿਬ ਦਾ ਇਕ ਸ਼ਬਦ ਹੈ, ਜਿਸ ਅੰਦਰ ਅਸਲ ਪੂਜਾ ਵਿਧਾਨ ਬਾਰੇ ਸਪੱਸ਼ਟਤਾ ਮਿਲਦੀ ਹੈ:

ਤੇਰਾ ਨਾਮੁ ਕਰੀ ਚਨਣਾਠੀਆ ਜੇ ਮਨੁ ਉਰਸਾ ਹੋਇ ॥
ਕਰਣੀ ਕੁੰਗੂ ਜੇ ਰਲੈ ਘਟ ਅੰਤਰਿ ਪੂਜਾ ਹੋਇ ॥੧॥
ਪੂਜਾ ਕੀਚੈ ਨਾਮੁ ਧਿਆਈਐ ਬਿਨੁ ਨਾਵੈ ਪੂਜ ਨ ਹੋਇ ॥੧॥ਰਹਾਉ॥
ਬਾਹਰਿ ਦੇਵ ਪਖਾਲੀਅਹਿ ਜੇ ਮਨੁ ਧੋਵੈ ਕੋਇ ॥
ਜੂਠਿ ਲਹੈ ਜੀਉ ਮਾਜੀਐ ਮੋਖ ਪਇਆਣਾ ਹੋਇ ॥੨॥

(ਗੂਜਰੀ ਮਹਲਾ ੧, ਪੰਨਾ 489)

ਭਾਵ ਪਰਮਾਤਮਾ ਦੇ ਨਾਮ ਨੂੰ ਸਿਮਰਨਾ ਹੀ ਅਸਲ ਪੂਜਾ ਹੈ ਅਤੇ ਕੋਈ ਹੋਰ ਪੂਜਾ ਨਹੀਂ ਹੈ। ਪਹਿਲੇ ਬੰਦ ਅੰਦਰ ਆਖਦੇ ਹਨ ਕਿ ਤੇਰੇ ਨਾਮ ਦੀ ਯਾਦ ਨੂੰ ਚੰਦਨ ਦੀ ਲੱਕੜੀ ਬਣਾ ਲਵਾਂ ਤੇ ਮੇਰਾ ਮਨ ਉਸ ਨੂੰ ਘਸਾਉਣ ਲਈ ਸਿੱਲ ਬਣ ਜਾਵੇ, ਮੇਰਾ ਉੱਚਾ ਆਚਰਨ ਕੇਸਰ ਬਣ ਕੇ ਰਲ ਜਾਏ, ਤਾਂ ਤੇਰੀ ਪੂਜਾ ਹਿਰਦੇ ਦੇ ਅੰਦਰ ਹੀ ਹੋਵੇਗੀ। ਜਿਵੇਂ ਮੂਰਤੀਆਂ ਦੇ ਬਾਹਰੀ ਇਸ਼ਨਾਨ ਕਰਾਈਦੇ ਹਨ, ਜੇ ਮਨੁੱਖ ਆਪਣੇ ਮਨ ਨੂੰ ਧੋਵੇ ਤਾਂ ਮਨ ਦੇ ਵਿਕਾਰਾਂ ਦੀ ਮੈਲ ਲਹਿ ਜਾਂਦੀ ਹੈ ਤੇ ਜਿੰਦ ਸ਼ੁੱਧ ਤੇ ਪਵਿੱਤਰ ਹੋ ਜਾਂਦੀ ਹੈ ਅਤੇ ਜੀਵਨ ਵਿਕਾਰਾਂ ਤੋਂ ਰਹਿਤ ਹੋ ਜਾਂਦਾ ਹੈ।

ਜਿਥੋਂ ਤਕ ਗੁਣ ਪੂਜਾ ਦੀ ਪਰੰਪਰਾ ਬਾਰੇ ਹੈ, ਇਸ ਸੰਬੰਧ ਵਿਚ ਪਹਿਲਾਂ ਭਗਤ ਨਾਮਦੇਵ ਜੀ ਨੇ ਸਪੱਸ਼ਟ ਕੀਤਾ ਹੈ ਕਿ ਉਹ ਅਕਾਲ ਪੁਰਖ ਦੀ ਪੂਜਾ ਹੀ ਕਰਦੇ ਹਨ, ਜੋ ਕਿਸੇ ਵਿਸ਼ੇਸ਼ ਅਸਥਾਨ 'ਤੇ ਬਿਰਾਜਮਾਨ ਨਹੀਂ ਹੈ। ਇਸ ਤਰ੍ਹਾਂ ਹੀ ਬਸੰਤ ਰਾਗ ਵਿਚ ਭਗਤ ਰਾਮਾਨੰਦ ਜੀ ਦੇ ਬੋਲ ਹਨ:

ਕਤ ਜਾਈਐ ਰੇ ਘਰ ਲਾਗੋ ਰੰਗੁ ॥
ਮੇਰਾ ਚਿਤੁ ਨ ਚਲੈ ਮਨੁ ਭਇਓ ਪੰਗੁ ॥੧॥ਰਹਾਉ॥...
ਪੂਜਨ ਚਾਲੀ ਬ੍ਰਹਮ ਠਾਇ ॥
ਸੋ ਬ੍ਰਹਮੁ ਬਤਾਇਓ ਗੁਰ ਮਨ ਹੀ ਮਾਹਿ ॥੧॥ *(ਬਸੰਤ ਰਾਮਾਨੰਦ ਜੀ, ਪੰਨਾ 1195)*

ਜਦੋਂ ਗੁਰੂ ਨਾਨਕ ਸਾਹਿਬ ਸਿੱਧਾਂ ਨੂੰ ਮਿਲੇ ਤਾਂ ਉਨ੍ਹਾਂ ਵੱਲੋਂ ਵਿਚਾਰ-ਚਰਚਾ ਕਰਨ ਸਮੇਂ ਗੁਰੂ ਸਾਹਿਬ ਨੇ ਸਪੱਸ਼ਟ ਕੀਤਾ ਸੀ ਕਿ ਉਨ੍ਹਾਂ ਦਾ ਗੁਰੂ "ਸਬਦੁ ਗੁਰੂ ਸੁਰਤਿ ਧੁਨਿ ਚੇਲਾ"[1] ਭਾਵ ਗਿਆਨ ਮੇਰਾ ਗੁਰੂ ਹੈ ਤੇ ਉਸ ਗਿਆਨ ਵਿਚ ਸੁਰਤਿ ਟਿਕਾਉਣੀ ਉਸ ਦਾ ਚੇਲਾ ਬਣਨਾ ਹੈ।

---

1. ਰਾਮਕਲੀ ਮ: ੧, ਪੰਨਾ 943.

ਗੁਰੂ ਅਰਜਨ ਸਾਹਿਬ ਜੀ ਦਾ ਇਕ ਹੋਰ ਵਾਕ ਹੈ:

ਅਚੁਤ ਪੂਜਾ ਜੋਗ ਗੋਪਾਲ॥
ਮਨੁ ਤਨੁ ਅਰਪਿ ਰਖਉ ਹਰਿ ਆਗੈ
ਸਰਬ ਜੀਆ ਕਾ ਹੈ ਪ੍ਰਤਿਪਾਲ॥ *(ਬਿਲਾਵਲੁ ਮਹਲਾ ੫, ਪੰਨਾ 824)*

ਪਾਰਬ੍ਰਹਮ ਦੀ ਅਸਲ ਪੂਜਾ, ਆਪਣਾ ਮਨ ਤਨ ਉਸ ਨੂੰ ਭੇਟ ਕਰਨਾ ਹੈ, ਜੋ ਸਮੂਹ ਜੀਵਾਂ ਦਾ ਪਾਲਣਹਾਰ ਅਤੇ ਸਾਰੀ ਸ੍ਰਿਸ਼ਟੀ ਦਾ ਸਾਜਣਹਾਰ ਹੈ। ਭਾਈ ਗੁਰਦਾਸ ਜੀ ਗੁਰਮਤਿ ਪਰੰਪਰਾ ਅਨੁਸਾਰ ਸਪੱਸ਼ਟ ਕਰਦੇ ਹਨ ਕਿ ਪਰਮਾਤਮਾ ਦੀ ਪੂਜਾ ਕਿਵੇਂ ਕੀਤੀ ਜਾਂਦੀ ਹੈ:

ਗੁਰਮਤਿ ਆਪੁ ਗਵਾਇਆ, ਮਾਇਆ ਅੰਦਰਿ ਕਰਨਿ ਉਦਾਸੀ॥
ਸਬਦ ਸੁਰਤਿ ਲਿਵਲੀਣੁ ਹੋਇ, ਨਿਰੰਕਾਰ ਸਚਖੰਡਿ ਨਿਵਾਸੀ॥
(ਭਾ: ਗੁਰਦਾਸ ਜੀ, ਵਾਰ 25, ਪਉੜੀ 18)

ਗੁਰਬਾਣੀ ਦੀਆਂ ਸਿੱਖਿਆਵਾਂ ਨੂੰ ਮੰਨ ਕੇ ਆਪਾ-ਭਾਵ ਗੁਆ ਕੇ ਸੰਸਾਰ 'ਚ ਵਿਚਰਨਾ ਹੈ। ਵਾਹਿਗੁਰੂ ਦੇ ਗੁਣਾਂ ਨੂੰ ਧਾਰਨ ਕਰ ਕੇ ਉਸ ਦੀ ਯਾਦ ਨੂੰ ਹਮੇਸ਼ਾਂ ਹਿਰਦੇ ਵਿਚ ਵਸਾ ਕੇ ਅਨੰਦਤ ਹੋਣਾ ਹੈ। ਜਿਸ ਇਨਸਾਨ ਅੰਦਰ ਸ਼ੁਭ ਗੁਣ ਵੱਸ ਜਾਂਦੇ ਹਨ, ਉਹ ਅਸਲ ਵਿਚ ਸਚਖੰਡ ਵਿਚ ਰਹਿੰਦਾ ਹੈ, ਭਾਵ ਮੁਕਤ ਹੈ:

ਸਚੁ ਸਬਦੁ ਟਕਸਾਲ ਸਚੁ ਗੁਰ ਤੇ ਗੁਰ ਹੁਇ ਸਬਦ ਮਿਲੰਦਾ॥
ਸਚੀ ਭਗਤਿ ਭੰਡਾਰ ਸਚੁ, ਰਾਗ ਰਤਨ ਕੀਰਤਨੁ ਭਾਵੰਦਾ॥
(ਭਾਈ ਗੁਰਦਾਸ ਜੀ, ਵਾਰ 26, ਪਉੜੀ 1)

ਸਾਡੇ ਲਈ ਗੁਰਮਤਿ ਸਿਧਾਂਤ ਉਹੀ ਹੈ ਕਿ ਗੁਰਬਾਣੀ ਦੇ ਸੱਚ ਨੂੰ ਮੰਨਣਾ ਹੈ ਅਤੇ ਗੁਰਬਾਣੀ ਉਪਦੇਸ਼ਾਂ ਦੁਆਰਾ 'ਸਚਿਆਰ' ਬਣਨਾ ਹੈ ਅਤੇ ਇਹੀ ਸੱਚੀ ਤੇ ਸਹੀ ਬੰਦਗੀ ਦਾ ਮਾਰਗ ਹੈ। ਗੁਰੂਆਂ ਨੇ ਦੇਹ ਪੂਜਾ ਦੀ ਪਰੰਪਰਾ ਦਾ ਵਿਰੋਧ ਕੀਤਾ, ਇਸ ਦਾ ਸਪੱਸ਼ਟ ਉੱਤਰ ਗੁਰੂ ਨਾਨਕ ਸਾਹਿਬ ਨੇ ਸਿੱਧਾਂ ਨਾਲ ਗੋਸ਼ਟੀ ਦੌਰਾਨ ਦਿੱਤਾ ਸੀ। ਚੌਥੇ ਪਾਤਿਸ਼ਾਹ ਗੁਰੂ ਰਾਮਦਾਸ ਜੀ ਨੇ ਪ੍ਰਚਾਰਿਆ ਕਿ ਬਾਣੀ ਹੀ ਗੁਰੂ ਹੈ:

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥
(ਨਟ ਮਹਲਾ ੪, ਪੰਨਾ 982)

ਭਾਵ ਉਨ੍ਹਾਂ ਨੇ ਕਦੀ ਵੀ ਦੇਹ ਪੂਜਾ ਨੂੰ ਪ੍ਰਵਾਨ ਨਹੀਂ ਕੀਤਾ।

ਭਾਈ ਕਾਨ੍ਹ ਸਿੰਘ ਜੀ ਨਾਭਾ ਅਨੁਸਾਰ ਗੁਰਮਤਿ ਵਿਚ ਮਨ ਦੀ ਏਕਾਗਰਤਾ ਲਈ ਸਰਵੋਤਮ ਸਾਧਨ ਕੀਰਤਨ ਹੈ। ਕੀਰਤਨ ਦਾ ਭਾਵ ਪਰਮਾਤਮਾ ਦੇ ਗੁਣਾਂ ਦੀ ਕੀਰਤੀ ਹੈ। ਗੁਰੂ ਅਰਜਨ ਦੇਵ ਜੀ ਆਸਾ ਰਾਗ ਵਿਚ ਫ਼ੁਰਮਾ ਰਹੇ ਹਨ ਕਿ ਹੇ ਮਿੱਤਰ! ਮੈਨੂੰ ਉਹ ਥਾਂ ਦੱਸ ਜਿਥੇ ਹਰ ਵੇਲੇ ਪਰਮਾਤਮਾ ਦੀ ਸਿਫ਼ਤਿ-ਸਾਲਾਹ ਹੁੰਦੀ ਹੋਵੇ:

ਸੋ ਅਸਥਾਨੁ ਬਤਾਵਹੁ ਮੀਤਾ॥
ਜਾ ਕੈ ਹਰਿ ਹਰਿ ਕੀਰਤਨੁ ਨੀਤਾ॥ *(ਆਸਾ ਮਹਲਾ ੫, ਪੰਨਾ 385)*

ਇਕ ਹੋਰ ਸੋਰਠਿ ਰਾਗ ਵਿਚ ਸ਼ਬਦ ਹੈ, ਜਿਸ ਵਿਚ ਉਸ ਸਮੇਂ ਅੰਦਰ ਧਾਰਮਿਕ ਪਰੰਪਰਾਵਾਂ ਦੀ ਚਰਚਾ ਕੀਤੀ ਹੈ, ਜਿਸ ਵਿਚ ਵੇਦ ਪਾਠ ਬਾਰੇ ਅਥਵਾ ਜੋਗ ਸਾਧਨਾਂ ਦੁਆਰਾ ਮਨ ਕਾਬੂ ਕਰਨ ਦੀਆਂ ਵਿਧੀਆਂ, ਮੋਨ ਧਾਰਨਾ, ਨਗਨ ਹੋ ਕੇ ਜੰਗਲਾਂ ਵਿਚ ਫਿਰਨਾ, ਪੂਜਾ ਕਰਨ ਦੇ ਅਨੇਕਾਂ ਢੰਗ ਅਤੇ ਬਹੁਤ ਪ੍ਰਕਾਰ ਦਾਨ ਦੇਣਾ ਆਦਿ ਨਾਲ ਵੀ ਪਰਮਾਤਮਾ ਨਾਲ ਮੇਲ ਸੰਭਵ ਨਹੀਂ। ਆਖ਼ਰ 'ਚ ਸਭ ਤੋਂ ਸੁਖੈਨ ਅਤੇ ਪ੍ਰਵਾਣਿਤ ਵਿਧੀ ਪਰਮਾਤਮਾ ਦੇ ਗੁਣਾਂ ਦੀ ਕੀਰਤੀ ਸਾਧ ਸੰਗਤ ਵਿਚ ਕੀਤੀ ਜਾਵੇ।

ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ॥
ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ॥੮॥

ਇਸ ਸ਼ਬਦ ਦੇ ਰਹਾਉ ਵਿਚ ਸਵਾਲ ਸੀ:

ਪਿਆਰੇ ਇਨ ਬਿਧਿ ਮਿਲਣੁ ਨ ਜਾਈ ਮੈ ਕੀਏ ਕਰਮ ਅਨੇਕਾ॥
ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ॥ਰਹਾਉ॥

ਸ਼ਬਦ ਦੇ 'ਰਹਾਉ ਦੂਜਾ' ਵਿਚ ਉਸ ਸਵਾਲ ਦਾ ਉੱਤਰ ਹੈ:

ਤੇਰੋ ਸੇਵਕੁ ਇਹ ਰੰਗਿ ਮਾਤਾ॥
ਭਇਓ ਕ੍ਰਿਪਾਲੁ ਦੀਨ ਦੁਖ ਭੰਜਨੁ
ਹਰਿ ਹਰਿ ਕੀਰਤਨਿ ਇਹੁ ਮਨੁ ਰਾਤਾ॥ਰਹਾਉ ਦੂਜਾ॥ *(ਸੋਰਠਿ ਮ: ੫, ਪੰਨਾ 642)*

ਹੇ ਪ੍ਰਭੂ ਤੇਰਾ ਦਾਸ ਇਸ ਪ੍ਰੇਮ ਵਿਚ ਮਸਤ ਹੋਇਆ ਹੈ। ਅਨਾਥਾਂ ਦੇ ਦੁਖ ਨਾਸ ਕਰਨ ਵਾਲਾ ਹਰੀ-ਪਰਮਾਤਮਾ ਮਿਹਰਵਾਨ ਹੋਇਆ ਤਾਂ ਇਹ ਮੇਰਾ ਮਨ ਹਰੀ ਦੇ ਗੁਣ ਗਾਉਣ ਵਿਚ ਲੱਗ ਪਿਆ।

ਪਰਮਾਤਮਾ ਦੀ ਕੀਰਤੀ ਸ਼ਬਦਾਂ ਤੇ ਸ਼ਬਦ-ਵਿਚਾਰ ਦੁਆਰਾ ਕੀਤੀ ਜਾ ਸਕਦੀ ਹੈ। ਦੂਸਰਾ, ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅੰਦਰ ਗੁਰੂ ਸਾਹਿਬਾਨਾਂ ਨੇ ਰਾਗ ਨਿਰਧਾਰਿਤ ਕੀਤੇ ਅਤੇ ਕੀਰਤਨ ਪਰੰਪਰਾ ਨੂੰ ਸਥਾਪਤ ਕੀਤਾ। ਅੱਜ ਅਸੀਂ ਸ਼ਬਦ-ਵਿਚਾਰ ਤੇ ਕੀਰਤਨ ਪਰੰਪਰਾ ਦੇ ਤੁੱਲ ਹੱਠ ਸਾਧਨਾਂ ਨੂੰ ਵੀ ਗੁਰਮਤਿ ਵਿਚ ਘੁਸੇੜ ਰਹੇ ਹਾਂ। ਕਿਸੇ ਥਾਂ ਨਾਮ ਅਭਿਆਸ, ਨਾਮ ਸਿਮਰਨ, ਮੂਲ ਮੰਤਰ ਸਿਮਰਨ ਜਾਂ ਗੁਰਮੰਤਰ ਸਿਮਰਨ ਨਾਮ ਹੇਠ ਭਾਂਤ-ਭਾਂਤ ਦੀਆਂ ਪਰੰਪਰਾਵਾਂ ਪ੍ਰਚੱਲਿਤ ਕਰ ਦਿੱਤੀਆਂ ਗਈਆਂ ਹਨ, ਜਿਨ੍ਹਾਂ ਦਾ ਮਨੋਰਥ ਸਾਜ਼ਸ਼ੀ ਪ੍ਰਤੀਤ ਹੁੰਦਾ ਹੈ ਸਿੱਟਾ ਇਹ ਹੈ ਕਿ ਸਿੱਖਾਂ ਵਿੱਚੋਂ ਸ਼ਬਦ-ਵਿਚਾਰ ਅਤੇ ਗੁਰਬਾਣੀ ਕੀਰਤਨ ਦੀ ਮਹਾਨਤਾ ਨੂੰ ਘਟਾਇਆ ਜਾਵੇ। ਜਿਵੇਂ ਪਹਿਲਾਂ ਦੱਸਿਆ ਗਿਆ ਕਿ ਗੁਰਮਤਿ ਅੰਦਰ ਕਿਸੇ ਆਕਾਰ ਦੀ ਪੂਜਾ ਨਹੀਂ, ਸਗੋਂ ਰੱਬੀ ਗੁਣਾਂ ਦੀ ਕੀਰਤੀ ਹੈ। ਇਹ ਵੀ ਖ਼ਿਆਲ ਦ੍ਰਿੜ੍ਹ ਕਰਨਾ ਹੈ ਕਿ ਪ੍ਰਭੂ ਗੁਣਾਂ ਨੂੰ ਸਿਰਫ਼ ਗਾਇਨ ਤਕ ਸੀਮਤ ਨਹੀਂ ਹੋਣਾ, ਬਲਕਿ ਉਨ੍ਹਾਂ ਨੂੰ ਆਪਣੀ ਜੀਵਨ ਜਾਚ ਵਿਚ ਅਮਲੀ ਤੌਰ 'ਤੇ ਜੀਵਨ ਵਿਚ ਧਾਰਨ ਕਰਨਾ ਹੈ:

ਸਤਿਗੁਰ ਬਚਨ ਕਮਾਵਣੇ ਸਚਾ ਏਹੁ ਵੀਚਾਰੁ॥

(ਸਿਰੀਰਾਗੁ ਮਹਲਾ ੫, ਪੰਨਾ 52)

ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ ॥
ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ ॥

(ਵਡਹੰਸ ਕੀ ਵਾਰ, ਮ: ੩, ਪੰਨਾ 594)

ਏਸੇ ਹੀ ਗੁਰਮਤਿ ਸਿਧਾਂਤ ਦੀ ਪ੍ਰੋੜ੍ਹਤਾ ਕਰਦੇ ਭਾਈ ਗੁਰਦਾਸ ਜੀ ਲਿਖਦੇ ਹਨ:

ਪੂਛਤ ਪਥਿਕ ਤਿਹ ਮਾਰਗਿ ਨ ਧਾਰੈ ਪਗੁ,
ਪ੍ਰੀਤਮ ਕੇ ਦੇਸ ਕੈਸੇ ਬਾਤਨ ਕੈ ਜਾਈਐ ॥
ਪੂਛਤ ਹੈ ਬੈਦ ਖਾਤ ਅਉਖਧਿ ਨ ਸੰਜਮ ਸੈ,
ਕੈਸੇ ਮਿਟੈ ਰੋਗ ਸੁਖ ਸਹਜਿ ਸਮਾਈਐ ॥
ਪੂਛਤ ਸੁਹਾਗਨਿ ਕਰਮ ਹੈ ਦੁਹਾਗਨਿ ਕੈ,
ਰਿਦੈ ਬਿਭਚਾਰ ਕਤ ਸਿਹਜਾ ਬੁਲਾਈਐ ॥
ਗਾਏ ਸੁਨੈ ਆਂਖੇ ਮੀਚੇ ਪਾਈਐ ਨ ਪਰਮ ਪਦੁ,
ਗੁਰ ਉਪਦੇਸੁ ਗਹਿ ਜਉ ਲਉ ਨ ਕਮਾਈਐ ॥੪੩੯॥ *(ਕਬਿੱਤ ਸਵੱਯੇ)*

ਇਸ ਕਬਿੱਤ ਅੰਦਰ ਭਾਈ ਗੁਰਦਾਸ ਅਨੇਕਾਂ ਪ੍ਰਮਾਣਾਂ ਦੁਆਰਾ ਸਪੱਸ਼ਟ ਕਰਦੇ ਹਨ ਕਿ ਬਿਨਾਂ ਅਮਲ ਕੀਤਿਆਂ 'ਸਚਿਆਰਾ' ਨਹੀਂ ਬਣਿਆ ਜਾ ਸਕਦਾ। ਜਿਵੇਂ ਕੋਈ ਪ੍ਰਮਾਰਥ ਬਾਰੇ ਰਸਤਾ ਪੁੱਛਦਾ ਹੈ, ਪਰ ਉਸ ਰਸਤੇ 'ਤੇ ਤੁਰਦਾ ਨਹੀਂ, ਕਦੀ ਵੀ ਪ੍ਰਮਾਰਥ ਨੂੰ ਅਪਨਾ ਨਹੀਂ ਸਕਦਾ। ਕੋਈ ਬਿਮਾਰੀ ਦੇ ਇਲਾਜ ਲਈ ਵੈਦ ਪਾਸ ਜਾਵੇ, ਦਵਾਈ ਲੈ ਕੇ ਪੂਰੇ ਪ੍ਰਹੇਜ਼ ਨਾਲ ਨਹੀਂ ਖਾਂਦਾ, ਉਸ ਨੂੰ ਕੋਈ ਲਾਭ ਨਹੀਂ ਹੋਵੇਗਾ। ਆਖ਼ਰ 'ਚ ਆਖਦੇ ਹਨ ਕਿ ਜੇਕਰ ਕੋਈ ਦਿਖਾਵੇ ਮਾਤਰ ਰੱਬੀ ਗੀਤ (ਕੀਰਤਨ) ਗਾਉਣ ਦਾ ਪਾਖੰਡ ਕਰੇ, ਅੱਖਾਂ ਮੀਚੇ, ਇਸ ਤਰ੍ਹਾਂ ਕਰਨ ਨਾਲ ਕੁਝ ਨਹੀਂ ਪ੍ਰਾਪਤ ਹੁੰਦਾ, ਜਿਤਨਾ ਚਿਰ ਗੁਰ-ਉਪਦੇਸ਼ ਅਨੁਸਾਰ ਜੀਵਨ ਜਾਚ ਨਹੀਂ ਢਾਲਦਾ।

ਜੋ ਲੋਕ ਆਖ ਰਹੇ ਹਨ ਕਿ ਸਿੱਖ ਵੀ ਸਨਾਤਨ ਧਰਮ ਵਾਲਿਆਂ ਵਾਂਗ ਗੁਰੂ ਗ੍ਰੰਥ ਸਾਹਿਬ ਜੀ ਦੇ ਆਕਾਰ ਦੀ ਪੂਜਾ ਕਰਦੇ ਹਨ, ਉਹ ਸਿੱਖਾਂ ਵੱਲੋਂ ਸਿਧਾਂਤਕ ਗਿਆਨ ਵਿਹੂਣੀ ਸ਼ਰਧਾ ਅਧੀਨ ਗੁਰਦੁਆਰਿਆਂ ਅੰਦਰ ਕੀਤੇ ਜਾ ਰਹੇ ਕਰਮ ਨੂੰ ਦੇਖ ਕੇ ਹੀ ਆਖਦੇ ਹਨ। ਇਸ ਬਾਰੇ ਡਾਕਟਰ ਸ਼ੇਰ ਸਿੰਘ ਜੀ ਲਿਖਦੇ ਹਨ: "ਬਾਵਜੂਦ ਸਪੱਸ਼ਟ ਦਲੀਲਾਂ (ਗੁਰਬਾਣੀ ਪ੍ਰਮਾਣ) ਤੇ ਮੂਰਤੀ ਖੰਡਨ ਦੇ ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ ਅਨਪੜ੍ਹ ਸਿੱਖਾਂ ਵਿਚ ਬੁੱਤ-ਪੂਜਾ ਦੀ ਸ਼ਕਲ ਇਖ਼ਤਿਆਰ ਕਰ ਰਿਹਾ ਹੈ।... ਇਕ ਭਗਤੀ ਭਾਵਨਾ ਵਾਲੇ ਸਾਧਾਰਨ ਸਿੱਖ ਦੀ ਜੋ ਤਸੱਲੀ ਗੁਰੂ ਗ੍ਰੰਥ ਸਾਹਿਬ ਨੂੰ ਸੋਹਣੇ-ਸੋਹਣੇ ਪੁਸ਼ਾਕੇ ਪੁਆ ਕੇ, ਫੁੱਲ ਤੇ ਹਾਰ ਚੜ੍ਹਾ ਕੇ, ਕਮਰਾ ਧੋ ਕੇ, ਸਜਾ ਕੇ ਅਤੇ ਅੰਦਰ ਖ਼ੁਸ਼ਬੋ ਆਦਿ ਖਿਲਾਰ ਕੇ ਹੁੰਦੀ ਹੈ, ਉਹ ਹੋਰ ਕਿਸੇ ਤਰ੍ਹਾਂ ਨਹੀਂ ਹੋ ਸਕਦੀ।... ਪਰ ਸ਼ਰਧਾਲੂ ਦਾ ਸਾਧਾਰਨ ਮਨ ਏਸ ਤੋਂ ਭੀ ਅੱਗੇ ਲੰਘ ਜਾਂਦਾ ਹੈ, ਉਹ ਗੁਰੂ ਗ੍ਰੰਥ ਸਾਹਿਬ ਤੋਂ ਕਈ ਮੰਗਾਂ ਮੰਗਦਾ ਹੈ ਤੇ ਆਸ ਕਰਦਾ ਹੈ, ਇਸ ਤਰ੍ਹਾਂ ਕਰਨ ਨਾਲ ਉਸ ਨੂੰ ਮੁਕਤੀ ਤੇ ਸੁਰਗ ਪ੍ਰਾਪਤ ਹੋਵੇਗਾ, ਉਸ ਦੀਆਂ ਸਰਬ-ਇੱਛਾ ਪੂਰਨ

ਹੋਣਗੀਆਂ, ਉਹ ਇਸ ਕੰਮ ਨੂੰ ਹੀ ਪਰਮ ਧਰਮ ਸਮਝ ਲੈਂਦਾ ਹੈ, ਅਜਿਹੀਆਂ ਹਾਲਤਾਂ ਵਿਚ ਮੂਰਤੀ ਪੂਜਾ ਦਾ ਇਤਿਹਾਸ ਦੁਹਰਾਇਆ ਜਾ ਰਿਹਾ ਹੈ।"[2]

ਡਾਕਟਰ ਸ਼ੇਰ ਸਿੰਘ ਜੀ ਅਨੁਸਾਰ ਅਨਪੜ੍ਹ ਸਿੱਖ ਜਾਂ ਸਾਧਾਰਨ ਸੋਚ ਵਾਲੇ ਵਿਅਕਤੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਅਰਦਾਸ ਕਰ ਕੇ ਮੰਗਾਂ ਮੰਗਦੇ ਹਨ, ਪਰ ਅਜੋਕੇ ਸਮੇਂ ਅੰਦਰ ਡੇਰੇਦਾਰਾਂ ਦੇ ਪ੍ਰਚਾਰ ਦੇ ਹਾਵੀ ਹੋ ਜਾਣ ਕਾਰਨ, ਕਈ ਗੁਰਮਤਿ ਕਾਲਜਾਂ ਦੇ ਪੜ੍ਹੇ ਹੋਏ ਮਿਸ਼ਨਰੀ ਵੀ ਅਰਦਾਸ ਸਮੇਂ ਅਕਾਲ ਪੁਰਖ ਵਾਹਿਗੁਰੂ ਦੀ ਥਾਂ ਗੁਰੂ ਗ੍ਰੰਥ ਸਾਹਿਬ ਆਖਣ ਲੱਗ ਪਏ ਹਨ। ਹਾਲਾਂਕਿ ਪੰਥਕ ਰਹਿਤ-ਮਰਯਾਦਾ ਅੰਦਰ ਸਪੱਸ਼ਟ ਲਿਖਿਆ ਹੋਇਆ ਹੈ ਕਿ ਸਾਡੀ ਅਰਦਾਸ 'ਅਕਾਲ ਪੁਰਖ' ਅੱਗੇ ਹੁੰਦੀ ਹੈ। ਕਈ ਥਾਵਾਂ 'ਤੇ ਵੱਖ-ਵੱਖ ਗੁਰੂ ਸਾਹਿਬਾਨਾਂ ਦੇ ਨਾਂਵ ਲੈ ਕੇ ਅਰਦਾਸ ਕੀਤੀ ਜਾਂਦੀ ਹੈ, ਜੋ ਕਿ ਗੁਰਮਤਿ ਦੇ ਉਲਟ ਹੈ।

ਸਾਨੂੰ ਗੁਰਮਤਿ ਦੀਆਂ ਪਰੰਪਰਾਵਾਂ ਨੂੰ ਮੁੜ ਬਹਾਲ ਕਰਨਾ ਜ਼ਰੂਰੀ ਹੈ ਅਤੇ ਇਸ ਗੱਲ ਨੂੰ ਵੀ ਪ੍ਰਚਾਰੀਏ ਕਿ ਸਿੱਖ ਕਿਸੇ ਆਕਾਰ ਦੀ ਪੂਜਾ ਨਹੀਂ ਕਰਦਾ। ਡਾਕਟਰ ਸ਼ੇਰ ਸਿੰਘ ਆਖਦੇ ਹਨ: "ਗੁਰੂ ਗ੍ਰੰਥ ਦੀ ਪੂਜਾ ਅਸਲ ਵਿਚ ਗੁਰਬਾਣੀ ਦਾ ਸਤਿਕਾਰ ਹੈ। ਗੁਰੂ ਗ੍ਰੰਥ ਵਿਚ ਗੁਰੂ ਦੇ ਬਚਨ, ਅਕਾਲੀ ਬਾਣੀ "ਬਾਣੀਆ ਸਿਰਿ ਬਾਣੀ" ਦਰਜ ਹੈ...ਗੁਰੂ ਗ੍ਰੰਥ ਦੇ ਪਾਠ-ਵਿਚਾਰ ਤੋਂ ਹਮੇਸ਼ਾ ਸਿੱਖ ਨੂੰ ਚੰਗੀ ਸਿੱਖਿਆ ਮਿਲਣ ਦੀ ਆਸ ਹੈ।... ਕਈ ਤਰ੍ਹਾਂ ਦੇ ਵਹਿਮ ਤੇ ਭਰਮ ਗੁਰੂ ਗ੍ਰੰਥ ਨੂੰ ਜਿਊਂਦੀ ਦੇਹ, ਖਾਣ ਪੀਣ ਤੇ ਸੌਣ ਜਾਗਣ ਵਾਲੀ ਸਮਝ ਕੇ ਸਾਧਾਰਣ ਮਨਾਂ ਅੰਦਰ ਘਰ ਕਰ ਗਏ ਹਨ, ਇਸ ਕਰਕੇ ਅਨਮਤਾਂ ਵਾਲੇ ਸਿੱਖਾਂ ਉੱਤੇ ਪੂਜਾ ਅਰਚਾ ਤੇ ਬੁੱਤ-ਪ੍ਰਸਤੀ ਦਾ ਦੂਸ਼ਣ ਲਾ ਰਹੇ ਹਨ ਤੇ ਇਹ ਦੂਸ਼ਣ ਕਈ ਹਾਲਤਾਂ ਵਿਚ ਸਾਨੂੰ ਬੇ-ਬੁਨਿਆਦ ਨਹੀਂ ਸਮਝਣਾ ਚਾਹੀਦਾ।"[3]

ਗੁਰਮਤਿ ਅੰਦਰ ਕਿਸੇ ਵੀ ਅਕਾਰ ਦੀ ਪੂਜਾ ਪਰਵਾਨ ਨਹੀਂ ਹੈ। ਖ਼ਾਲਸਾ ਪੰਥ ਅੰਦਰ ਤ੍ਰੈ-ਨੁਕਤੀ ਸਿਧਾਂਤ ਸਥਾਪਤ ਹੈ:

ਪੂਜਾ ਅਕਾਲ ਕੀ,
ਪਰਚਾ ਸ਼ਬਦ ਕਾ (ਸ਼ਬਦ-ਵਿਚਾਰ, ਗਿਆਨ)
ਦੀਦਾਰ ਖ਼ਾਲਸੇ ਕਾ।

ਅੱਜ ਸਾਡਾ ਮੁੱਖ ਮਨੋਰਥ ਇਹ ਹੋਵੇ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੀ ਸਿਧਾਂਤਕ ਵਿਚਾਰ ਲਈ ਪ੍ਰੇਰਨਾ ਕੀਤੀ ਜਾਵੇ। ਰਸਮੀ ਪਾਠਾਂ ਨੂੰ ਤਦ ਹੀ ਠੱਲ ਪੈ ਸਕਦੀ ਹੈ, ਜੇਕਰ ਇਸ ਬਾਣੀ ਦੇ ਮਹਾਨ ਉਪਦੇਸ਼ਾਂ ਨੂੰ ਪ੍ਰਚਾਰਿਆ ਜਾਵੇ ਅਤੇ ਇਨ੍ਹਾਂ ਉਪਦੇਸ਼ਾਂ ਅਨੁਸਾਰ ਜੀਵਨ-ਜਾਚ ਅਪਨਾਈਏ, ਤਦ ਹੀ 'ਸਚਿਆਰੇ' ਬਣ ਸਕਦੇ ਹਾਂ:

ਸਬਦਿ ਮਰੈ ਮਨੁ ਨਿਰਮਲੁ ਸੰਤਹੁ ਏਹ ਪੂਜਾ ਥਾਇ ਪਾਈ॥

(ਰਾਮਕਲੀ ਮਹਲਾ ੩, ਪੰਨਾ 910)

---

2. ਪ੍ਰੋ਼ਫੈਸਰ ਸ਼ੇਰ ਸਿੰਘ, *ਗੁਰਮਤਿ ਦਰਸ਼ਨ ਅਰਥਾਤ ਸਿੱਖ ਧਰਮ ਦੇ ਸਿਧਾਂਤ ਤੇ ਮਾਰਗ ਦੀ ਦਾਰਸ਼ਨਿਕ ਵਿਚਾਰ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1992, ਪੰਨਾ 166-67.
3. *ਗੁਰਮਤਿ ਦਰਸ਼ਨ*, ਪੰਨਾ 167.

ਖ਼ਾਲਸੇ ਦਾ ਸਾਜਨਾ ਦਿਵਸ ਜਾਂ ਖ਼ਾਲਸਾ ਪੰਥ ਦਾ ਸੰਪੂਰਨਤਾ ਦਿਵਸ ?

1699 ਈ: ਦੀ ਵਿਸਾਖੀ, ਇਤਿਹਾਸ ਅੰਦਰ ਇਕ ਅਦੁੱਤੀ ਕਾਰਨਾਮਾ ਹੈ, ਜਿਸ ਦਿਨ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਪੰਜ ਪਿਆਰਿਆਂ ਦੀ ਚੋਣ ਕਰ ਕੇ ਗੁਰੂ ਸੰਗਤ ਨੂੰ ਗੁਰੂ ਖ਼ਾਲਸਾ ਪੰਥ ਦਾ ਨਾਮ ਦਿੱਤਾ। ਪੰਥ ਨੂੰ ਸੰਪੂਰਨ ਮੰਨ ਕੇ ਗੁਰਿਆਈ ਬਖ਼ਸ਼ ਦਿੱਤੀ। ਇਕ ਗੱਲ ਪੂਰਨ ਤੌਰ 'ਤੇ ਸਪੱਸ਼ਟ ਹੈ ਕਿ ਖ਼ਾਲਸਾ ਪੰਥ ਦੀ ਸਥਾਪਨਾ ਕੋਈ ਝਟਪਟ ਕੀਤਾ ਫ਼ੈਸਲਾ ਨਹੀਂ ਸੀ। ਇਹ ਸਿੱਖ ਲਹਿਰ ਗੁਰੂ ਨਾਨਕ ਸਾਹਿਬ ਨੇ ਬਹੁਤ ਹੀ ਯੋਜਨਾਬੱਧ ਤਰੀਕੇ ਨਾਲ ਸ਼ੁਰੂ ਕੀਤੀ ਅਤੇ 1699 ਦੀ ਵਿਸਾਖੀ ਨੂੰ ਸੰਪੂਰਨ ਹੋਈ। ਹੈਰਾਨੀ ਇਸ ਗੱਲ ਦੀ ਹੁੰਦੀ ਹੈ ਕਿ ਜਦੋਂ ਕਦੀ ਖ਼ਾਲਸੇ ਦੀ ਵਿਸਾਖੀ ਦੀ ਚਰਚਾ ਹੋਵੇ ਤਾਂ ਆਖਿਆ ਜਾਂਦਾ ਹੈ ਕਿ ਪੰਜਾਬ ਅੰਦਰ ਵਿਸਾਖੀ ਵੇਲੇ ਫ਼ਸਲਾਂ ਪੱਕਣ ਦੀ ਰੁੱਤ ਹੋਣ ਕਰਕੇ ਕਿਸਾਨਾਂ ਨੂੰ ਅਤਿ ਖ਼ੁਸ਼ੀ ਹੁੰਦੀ ਹੈ। ਇਸ ਖ਼ੁਸ਼ੀ ਦਾ ਪ੍ਰਗਟਾਵਾ ਕਰਨ ਲਈ ਉਹ ਭੰਗੜੇ ਪਾਉਂਦੇ ਹਨ। ਅਸੀਂ ਪੰਜਾਬ ਵਿਚ ਰਹੇ ਹਾਂ, ਪਰ ਕਿਸਾਨਾਂ ਨੂੰ ਖ਼ੁਸ਼ੀਆਂ ਪ੍ਰਗਟਾਉਣ ਲਈ ਕਦੀ ਧੁਮਾਲਾਂ ਪਾਉਂਦੇ ਨਹੀਂ ਦੇਖਿਆ।

ਇਹ ਵੀ ਕਿਹਾ ਜਾਂਦਾ ਹੈ ਕਿ ਮੌਸਮੀ ਤਿਓਹਾਰ ਨੂੰ ਇਸ ਲਈ ਚੁਣਿਆ ਗਿਆ ਕਿ ਇਸ ਸਮੇਂ ਫ਼ਸਲਾਂ ਪੱਕ ਜਾਂਦੀਆਂ ਹਨ ਅਤੇ ਦੋ ਸਦੀਆਂ ਤੋਂ ਵੱਧ ਸਮਾਂ ਲਗਾ ਕੇ ਸੰਗਤ ਨੂੰ ਖ਼ਾਲਸਾ ਪੰਥ ਬਣਾ ਦਿੱਤਾ। ਕੁਝ ਸਮਾਂ ਪਹਿਲਾਂ ਵਿਸਾਖੀ ਨੂੰ ਖ਼ਾਲਸੇ ਦਾ ਜਨਮ ਦਿਨ ਆਖਿਆ ਜਾਂਦਾ ਸੀ ਅਤੇ ਹੁਣ ਇਸ ਦੀ ਥਾਂ ਖ਼ਾਲਸੇ ਦਾ ਸਿਰਜਣਾ ਜਾਂ ਸਾਜਨਾ ਦਿਵਸ ਆਖਣ ਦੀ ਪਿਰਤ ਸ਼ੁਰੂ ਹੋ ਗਈ ਹੈ। ਇਹ ਸ਼ਬਦ ਭਾਵੇਂ ਬਹੁਤ ਢੁਕਵੇਂ ਲੱਗਦੇ ਹਨ, ਪਰ ਅਸਲ ਵਿਚ ਜੇ ਇੰਜ ਵੀ ਆਖ ਲਈਏ ਕਿ ਇਸ ਦਿਨ ਖ਼ਾਲਸੇ ਦੀ ਸੰਪੂਰਨਤਾ ਹੋਈ ਤਾਂ ਸਿਧਾਂਤਕ ਪੱਖੋਂ ਠੀਕ ਜਾਪਦਾ ਹੈ। ਇਸ ਤੋਂ ਬਿਨਾਂ ਜੇਕਰ ਮੁਲਾਂਕਣ ਕਰੀਏ ਤਾਂ ਇੰਜ ਵੀ ਲੱਗਦਾ ਹੈ ਕਿ ਇਸ ਅਵਸਰ 'ਤੇ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸੇ ਨੂੰ ਗੁਰਿਆਈ ਸੌਂਪੀ।

ਇਹ ਸਵਾਲ ਵੀ ਉੱਠ ਸਕਦਾ ਹੈ ਕਿ ਜੇਕਰ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਦੀ ਸਾਜਨਾ ਕੀਤੀ, ਤਾਂ ਫਿਰ ਗੁਰੂ ਨਾਨਕ ਸਾਹਿਬ ਜੀ ਦਾ ਮਿਸ਼ਨ ਕੋਈ ਹੋਰ ਸੀ ? ਦੂਸਰਾ, ਵਿਰੋਧੀ ਧਿਰਾਂ ਵੱਲੋਂ ਮੁੱਢ ਤੋਂ ਹੀ ਜਤਨ ਹੁੰਦੇ ਰਹੇ ਕਿ ਗੁਰੂਆਂ ਵੱਲੋਂ ਗੁਰਮਤਿ ਸਿਧਾਂਤਾਂ ਨੂੰ ਵੱਖ-ਵੱਖ ਦੱਸਿਆ ਜਾਵੇ। ਕੁਝ ਡੇਰੇਦਾਰਾਂ ਵੱਲੋਂ ਇਹ ਵੀ ਪ੍ਰਚਾਰਿਆ ਜਾਂਦਾ ਹੈ ਕਿ ਪਹਿਲੇ ਗੁਰੂ ਤੋਂ ਲੈ ਕੇ ਪੰਜਵੇਂ ਪਾਤਿਸ਼ਾਹ (ਗੁਰੂ ਅਰਜਨ ਸਾਹਿਬ) ਤਕ ਸਿੱਧਾਂਤਾਂ ਵਿਚ ਸਮਾਨਤਾ ਸੀ, ਪਰ ਗੁਰੂ ਹਰਿਗੋਬਿੰਦ ਸਾਹਿਬ ਵੱਲੋਂ

ਤਲਵਾਰ ਚੁੱਕਣਾ ਅਤੇ ਫ਼ੌਜ ਤਿਆਰ ਕਰਨੀ ਪਹਿਲੇ ਗੁਰੂਆਂ ਦੀ ਸੋਚ ਦੇ ਵਿਪਰੀਤ ਸੀ, ਇੰਜ ਅਗਿਆਨਤਾ-ਵੱਸ ਲੋਕ ਸਮਝਦੇ ਸਨ। ਉਹ ਇਕ ਹੋਰ ਪੱਖ ਦੱਸਦੇ ਹਨ ਕਿ ਪਹਿਲੇ ਪੰਜ ਗੁਰੂਆਂ ਨੇ ਬਾਣੀ ਰਚੀ ਅਤੇ ਛੇਵੇਂ ਗੁਰੂ ਨੇ ਬਾਣੀ ਰਚਣ ਦੀ ਥਾਂ ਤਲਵਾਰ ਉਠਾ ਲਈ, ਰਾਜਿਆਂ ਮਹਾਰਾਜਿਆਂ ਵਾਂਗ ਸ਼ਿਕਾਰ ਖੇਡਣਾ ਸ਼ੁਰੂ ਕਰ ਦਿੱਤਾ। ਭਾਈ ਗੁਰਦਾਸ ਜੀ ਦੀ ਵਾਰ 26, ਪਉੜੀ 24 ਅੰਦਰ ਉਪਰੋਕਤ ਗੱਲਾਂ ਦਾ ਜ਼ਿਕਰ ਹੈ :

ਧਰਮਸਾਲ ਘਰਿ ਬਹੀਦਾ ਇਕਤ ਥਾਉਂ ਨ ਟਿਕੈ ਟਿਕਾਇਆ।
ਪਾਤਿਸਾਹ ਘਰਿ ਆਵਦੇ ਗੜਿ ਚੜਿਆ ਪਾਤਿਸਾਹ ਚੜਾਇਆ।
ਉਮਤਿ ਮਹਲੁ ਨ ਪਾਵਦੀ ਨਠਾ ਫਿਰੈ ਨ ਡਰੈ ਡਰਾਇਆ।
ਮੰਜੀ ਬਹਿ ਸੰਤੋਖਦਾ ਕੁਤੇ ਰਖਿ ਸਿਕਾਰੁ ਖਿਲਾਇਆ।
ਬਾਣੀ ਕਰਿ ਸੁਣਿ ਗਾਵਦਾ ਕਥੈ ਨ ਸੁਣੈ ਨ ਗਾਵਿ ਸੁਣਾਇਆ।
ਸੇਵਕ ਪਾਸ ਨ ਰਖੀਅਨਿ ਦੋਖੀ ਦੁਸਟ ਆਗੂ ਮੁਹਿ ਲਾਇਆ।
ਸਚੁ ਨ ਲੁਕੈ ਲੁਕਾਇਆ ਚਰਣ ਕਵਲ ਸਿਖ ਭਵਰ ਲੁਭਾਇਆ।
ਅਜਰੁ ਜਰੇ ਨ ਆਪੁ ਜਣਾਇਆ ॥੨੪॥

ਭਾਈ ਗੁਰਦਾਸ ਜੀ ਨੇ ਪਿਛਲੀਆਂ ਦੋ ਪੰਗਤੀਆਂ ਵਿਚ ਲੋਕਾਂ ਵੱਲੋਂ ਹੋ ਰਹੀ ਨੁਕਤਾਚੀਨੀ ਦਾ ਉੱਤਰ ਦਿੱਤਾ ਹੈ ਕਿ ਇਸ ਪਰਿਵਰਤਨ ਨਾਲ ਸੱਚ ਨਹੀਂ ਲੁਕਦਾ ਅਤੇ ਸਿੱਖ ਭਵਰੇ ਵਾਂਗੂ ਹਨ ਅਤੇ ਠੀਕ ਪਹਿਚਾਣ ਕਰਦੇ ਹਨ। ਉਹ ਜਾਣਦੇ ਹਨ ਕਿ ਗੁਰੂ (ਸਾਹਿਬ) ਅਜਰ ਨੂੰ ਜਰ ਰਿਹਾ ਹੈ ਤੇ ਆਪਾ ਨਹੀਂ ਜਣਾਉਂਦਾ ਅਤੇ ਸੱਚੇ ਸਿੱਖ ਲੋਕਾਂ ਦੀਆਂ ਨੁਕਤਾਚੀਨੀਆਂ ਦੀ ਪ੍ਰਵਾਹ ਨਹੀਂ ਕਰਦੇ।

ਵਾਰ 26 ਦੀ 34ਵੀਂ ਪਉੜੀ ਅੰਦਰ ਗੁਰੂ ਨਾਨਕ ਤੋਂ ਜੋ ਪੀੜ੍ਹੀ ਚੱਲੀ ਹੈ, ਉਹ ਛੇਵੇਂ ਗੁਰੂ ਤਕ ਇਕ ਰੂਪ ਹੀ ਹੈ :

ਬਾਬਾਣੀ ਪੀੜੀ ਚਲੀ ਗੁਰ ਚੇਲੇ ਪਰਚਾ ਪਰਚਾਇਆ।
ਗੁਰੁ ਅੰਗਦੁ ਗੁਰੁ ਅੰਗੁ ਤੇ ਗੁਰੁ ਚੇਲਾ ਚੇਲਾ ਗੁਰੁ ਭਾਇਆ।
ਅਮਰਦਾਸੁ ਗੁਰ ਅੰਗਦਹੁ ਸਤਿਗੁਰੁ ਤੇ ਸਤਿਗੁਰੂ ਸਦਾਇਆ।
ਗੁਰੁ ਅਮਰਹੁ ਗੁਰੁ ਰਾਮਦਾਸੁ ਗੁਰ ਸੇਵਾ ਗੁਰੁ ਹੋਇ ਸਮਾਇਆ।
ਰਾਮਦਾਸਹੁ ਅਰਜਣੁ ਗੁਰੂ ਅੰਮ੍ਰਿਤ ਬ੍ਰਿਖਿ ਅੰਮ੍ਰਿਤ ਫਲ ਲਇਆ।
ਹਰਿਗੋਵਿੰਦ ਗੁਰੁ ਅਰਜਨਹੁੰ ਆਦਿ ਪੁਰਖ ਆਦੇਸੁ ਕਰਾਇਆ।
ਸੁਝੈ ਸੁਝ ਨ ਲੁਕੈ ਲੁਕਾਇਆ ॥੩੪॥

ਭਾਈ ਗੁਰਦਾਸ ਜੀ ਵੱਲੋਂ ਉਪਰੋਕਤ ਵਾਰ ਦੁਆਰਾ ਸਪੱਸ਼ਟ ਕੀਤਾ ਗਿਆ ਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਕੋਈ ਨਵੀਂ ਪਰੰਪਰਾ ਸਥਾਪਤ ਨਹੀਂ ਕੀਤੀ। ਆਮ ਤੌਰ 'ਤੇ ਮੰਨਿਆ ਜਾਂਦਾ ਹੈ ਕਿ ਮੀਰੀ-ਪੀਰੀ ਸਿੱਧਾਂਤ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਪ੍ਰਚੱਲਿਤ ਕੀਤਾ ਅਤੇ ਪ੍ਰਚਾਰਕ ਕਈ ਵਾਰ ਇੰਜ ਹੀ ਆਖਦੇ ਹਨ। ਜੇ ਸਿੱਧਾਂਤਕ ਪੜਚੋਲ ਕਰੀਏ ਤਾਂ ਇਸ ਤੱਥ ਵਿਚ ਸਚਾਈ ਨਹੀਂ ਹੈ। ਅਸਲ ਤਲਵਾਰ

ਫੜਨ ਜਾਂ ਮੀਰੀ-ਪੀਰੀ ਦਾ ਸੰਕਲਪ ਗੁਰੂ ਨਾਨਕ ਸਾਹਿਬ ਜੀ ਨੇ ਸਥਾਪਿਤ ਕਰ ਦਿੱਤਾ ਸੀ। ਭਾਈ ਗੁਰਦਾਸ ਜੀ ਅਨੁਸਾਰ:

ਮਾਰਿਆ ਸਿਕਾ ਜਗਤ੍ਰਿ ਵਿਚਿ ਨਾਨਕ ਨਿਰਮਲ ਪੰਥ ਚਲਾਇਆ॥

(ਵਾਰ ਪਹਿਲੀ, ਪਉੜੀ 45)

ਜਦੋਂ ਗੁਰੂ ਨਾਨਕ ਸਾਹਿਬ ਨੇ ਉਸ ਸਮੇਂ ਦੇ ਜ਼ਾਲਮ ਰਾਜਿਆਂ ਅਤੇ ਧਾਰਮਿਕ ਆਗੂਆਂ ਦੀਆਂ ਗ਼ਲਤ ਨੀਤੀਆਂ ਨੂੰ ਭੰਡਿਆ:

ਕਾਦੀ ਕੂੜੁ ਬੋਲਿ ਮਲੁ ਖਾਇ॥
ਬ੍ਰਾਹਮਣੁ ਨਾਵੈ ਜੀਆ ਘਾਇ॥
ਜੋਗੀ ਜੁਗਤਿ ਨ ਜਾਣੈ ਅੰਧੁ॥
ਤੀਨੇ ਓਜਾੜੇ ਕਾ ਬੰਧੁ॥੨॥ *(ਧਨਾਸਰੀ ਮ: ੧, ਪੰਨਾ 662)*

ਬਾਬਰ ਵਰਗੇ ਤਾਕਤਵਰ ਬਾਦਸ਼ਾਹ ਨੂੰ ਜਾਬਰ ਆਖਣ ਅਤੇ ਉਸ ਦੀ ਫ਼ੌਜ ਨੂੰ 'ਪਾਪ ਕੀ ਜੰਞ' ਕਹਿ ਦੇਣਾ ਅਤਿ ਵੱਡੀ ਜੁਰਅਤ ਸੀ। ਇੰਜ ਗੁਰੂ ਨਾਨਕ ਸਾਹਿਬ ਨੇ ਅਸਲ ਰੂਪ ਵਿਚ ਮੀਰੀ-ਪੀਰੀ ਸਿੱਧਾਂਤ ਦੀ ਨੀਂਹ ਰੱਖ ਦਿੱਤੀ ਸੀ:

ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ॥

(ਤਿਲੰਗ ਮਹਲਾ ੧, ਪੰਨਾ 722)

ਇਸ ਤੋਂ ਬਿਨਾਂ ਗੁਰੂ ਨਾਨਕ ਸਾਹਿਬ ਜੀ ਨੇ ਸਿੱਖ ਇਨਕਲਾਬ ਵਿਚ ਹਿੱਸਾ ਲੈਣ ਵਾਲਿਆਂ ਲਈ ਵਿਸ਼ੇਸ਼ ਸ਼ਰਤ ਵੀ ਰੱਖ ਦਿੱਤੀ ਸੀ:

ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰੁ ਧਰਿ ਤਲੀ ਗਲੀ ਮੇਰੀ ਆਉ॥

(ਸਲੋਕ ਵਾਰਾਂ ਤੇ ਵਧੀਕ, ਮਹਲਾ ੧, ਪੰਨਾ 1412)

ਉਪਰੋਕਤ ਤੱਥਾਂ ਤੋਂ ਇਲਾਵਾ ਗ਼ੈਰ-ਸਿੱਖ ਇਤਿਹਾਸਕਾਰਾਂ ਵੱਲੋਂ ਸਿੱਖ ਲਹਿਰ ਸੰਬੰਧੀ ਆਖੇ ਬਚਨ ਮਹੱਤਵਪੂਰਨ ਹਨ, ਜਿਵੇਂ ਡਾਕਟਰ ਗੋਕਲ ਚੰਦ ਨਾਰੰਗ ਅਨੁਸਾਰ: "ਜਿਸ ਖੰਡੇ ਨਾਲ ਖ਼ਾਲਸੇ ਦੀ ਸਾਜਣਾ ਕੀਤੀ, ਉਸ ਖੰਡੇ ਦਾ ਸਟੀਲ ਗੁਰੂ ਨਾਨਕ ਸਾਹਿਬ ਨੇ ਦਿੱਤਾ ਸੀ।" "ਜੋ ਦਰਖ਼ਤ ਗੁਰੂ ਗੋਬਿੰਦ ਸਿੰਘ ਜੀ ਸਮੇਂ ਪ੍ਰਫੁੱਲਤ ਹੋਇਆ, ਉਸ ਦਾ ਬੀਜ ਗੁਰੂ ਨਾਨਕ ਸਾਹਿਬ ਜੀ ਨੇ ਬੀਜਿਆ ਅਤੇ ਉਸ ਦੀ ਸੰਭਾਲ ਤੇ ਪਾਣੀ ਦੇਣ ਦਾ ਕੰਮ ਹੋਰ ਗੁਰੂ ਸਾਹਿਬਾਨ ਨੇ ਕੀਤਾ।" ਗੁਰੂ ਹਰਿ ਗੋਬਿੰਦ ਸਾਹਿਬ ਤੋਂ ਪਿੱਛੋਂ ਗੁਰੂ ਹਰਿਰਾਇ ਸਾਹਿਬ ਜੀ ਨੇ ਤਿਆਰ-ਬਰ-ਤਿਆਰ ਫ਼ੌਜ ਰੱਖਣ ਦੀ ਪਰੰਪਰਾ ਨੂੰ ਬਰਕਰਾਰ ਰੱਖਿਆ। ਉਨ੍ਹਾਂ ਪਾਸ 2200 ਘੋੜ ਸਵਾਰ ਤਿਆਰ ਰਹਿੰਦੇ ਅਤੇ ਫ਼ੌਜੀ ਅਭਿਆਸ ਵੀ ਕਰਦੇ ਹੋਣਗੇ, ਪਰ ਕਿਸੇ ਸਮੇਂ ਵੀ ਸੈਨਿਕ ਸ਼ਕਤੀ ਦੇ ਪ੍ਰਯੋਗ ਦੀ ਲੋੜ ਨਹੀਂ ਪਈ।

ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਗੁਰੂ ਨਾਨਕ ਸਾਹਿਬ ਵੱਲੋਂ ਸਥਾਪਤ ਗੁਰਮਤਿ ਸਿੱਧਾਂਤਾਂ ਵਿਚ ਕੋਈ ਤਬਦੀਲੀ ਨਹੀਂ ਹੋਈ। ਉਨ੍ਹਾਂ ਨੇ ਪਹਿਲੇ ਗੁਰੂਆਂ ਦੀ ਰਚੀ

ਗੁਰਬਾਣੀ ਤੇ ਸੰਪਾਦਤ 'ਆਦਿ ਗ੍ਰੰਥ ਸਾਹਿਬ ਜੀ' ਨੂੰ ਗੁਰੂ-ਪਦ ਦਿੱਤਾ ਜਦੋਂ ਕਿ ਗੁਰਬਾਣੀ ਨੂੰ ਗੁਰੂ ਦਾ ਦਰਜਾ ਗੁਰੂ ਰਾਮਦਾਸ ਜੀ ਨੇ ਦੇ ਦਿੱਤਾ ਸੀ:

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥

(ਨਟ ਮਹਲਾ ੪, ਪੰਨਾ 982)

ਇਹ ਸੁਭਾਵਿਕ ਹੀ ਆਖ ਦਿੱਤਾ ਜਾਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਜਾਤ-ਪਾਤ ਦੀ ਪ੍ਰਥਾ ਨੂੰ ਖ਼ਤਮ ਕਰਨ ਦਾ ਐਲਾਨ ਕੀਤਾ ਅਤੇ ਪੰਜਾਂ ਪਿਆਰਿਆਂ ਦੀ ਚੋਣ ਛੋਟੀਆਂ ਜਾਂ ਨੀਵੀਆਂ ਜਾਤੀਆਂ ਵਿੱਚੋਂ ਕੀਤੀ। ਇਹ ਸਿਧਾਂਤ ਵੀ ਪੁਰਾਣਾ ਸੀ। ਜਾਤ-ਪਾਤ ਦੀ ਪ੍ਰਥਾ ਦੇ ਵਿਰੁੱਧ ਗੁਰੂ ਨਾਨਕ ਸਾਹਿਬ ਹੋਰ ਗੁਰੂਆਂ ਅਤੇ ਭਗਤਾਂ ਨੇ ਵੀ ਬਚਨ ਆਖੇ ਹਨ:

ਜਾਤਿ ਜਨਮੁ ਨਹ ਪੂਛੀਐ ਸਚ ਘਰੁ ਲੇਹੁ ਬਤਾਇ ॥
ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ ॥

(ਪ੍ਰਭਾਤੀ ਮਹਲਾ ੧, ਪੰਨਾ 1330)

ਪਹਿਲੇ ਗੁਰੂਆਂ ਨੇ ਸੰਗਤ ਤੇ ਪੰਗਤ ਦੀ ਪ੍ਰਥਾ ਦੁਆਰਾ ਊਚ-ਨੀਚ ਦੇ ਭੇਦ ਨੂੰ ਮਿਟਾ ਦਿੱਤਾ। ਸਰੋਵਰਾਂ ਦੇ ਸਾਂਝੇ ਪਾਣੀਆਂ ਵਿਚ ਸਭ ਜਾਤਾਂ ਦੇ ਲੋਕ ਇਕੱਠੇ ਇਸ਼ਨਾਨ ਕਰਨ ਲੱਗ ਪਏ ਸਨ, ਜਿਸ ਦੁਆਰਾ ਭਿੱਟ ਦਾ ਵਹਿਮ ਘਟਦਾ ਗਿਆ। ਆਖ਼ਰ ਗੁਰੂ ਗੋਬਿੰਦ ਸਿੰਘ ਜੀ ਨੇ ਪੰਜਾਂ ਪਿਆਰਿਆਂ ਦਾ ਇੱਕੋ ਬਾਟੇ ਨੂੰ ਮੂੰਹ ਲਗਵਾ ਦਿੱਤਾ। ਖ਼ਾਲਸੇ ਨੂੰ ਗੁਰਿਆਈ ਦੇ ਕੇ ਉਸ ਨੂੰ 'ਗੁਰੂ ਖ਼ਾਲਸਾ' ਪਦ ਬਖ਼ਸ਼ ਦਿੱਤਾ। ਮੂਲ ਤੱਤ ਇਹੀ ਹੈ ਕਿ 1699 ਦੀ ਵਿਸਾਖੀ ਨੂੰ ਗੁਰੂ ਨਾਨਕ ਸਾਹਿਬ ਵੱਲੋਂ ਸ਼ੁਰੂ ਕੀਤੀ ਸਿੱਖ ਲਹਿਰ ਨੂੰ ਸੰਪੂਰਨ ਕਰ ਦਿੱਤਾ। ਸਮੂਹ ਕੌਮ ਦੀ ਅਗਵਾਈ ਕਰਨ ਲਈ ਪੰਜਾਂ ਪਿਆਰਿਆਂ ਦੀ ਚੋਣ ਕਰ ਕੇ ਸੰਸਾਰ ਅੰਦਰ ਨਵੀਂ ਤੇ ਵਿਲੱਖਣ ਲੋਕਤੰਤਰੀ ਪ੍ਰਣਾਲੀ ਨੂੰ ਜਨਮ ਦਿੱਤਾ।

ਪੰਜਾਬ ਅੰਦਰ ਵਿਸਾਖੀ ਦੀ ਮਹਾਨਤਾ ਖ਼ਾਲਸੇ ਦੀ ਸੰਪੂਰਨਤਾ ਕਰਕੇ ਹੋਈ ਹੈ। ਮਤਾਂਹ ਕਿਤੇ ਇਹ ਨਾ ਸੋਚ ਪਕਾ ਲਈਏ ਕਿ ਅਸੀਂ ਵਿਸਾਖੀ ਨੂੰ ਫ਼ਸਲਾਂ ਪੱਕਣ ਦਾ ਮੌਸਮ ਦੱਸੀ ਜਾਈਏ ਅਤੇ ਪੰਜਾਬੀ ਲੋਕਾਂ ਵੱਲੋਂ ਭੰਗੜੇ ਪਾਉਣ ਅਤੇ ਗੀਤਾਂ ਨਾਲ ਮਨ ਪਰਚਾਉਣ ਨੂੰ ਆਪਣਾ ਮੁਖ ਮਨੋਰਥ ਸਮਝ ਲਈਏ।

ਖ਼ਾਲਸਈ ਵਿਰਸੇ ਦੀ ਮਹਾਨਤਾ ਨੂੰ ਪ੍ਰਚਾਰਨਾ ਅਥਵਾ ਖ਼ਾਲਸਈ ਪਰੰਪਰਾਵਾਂ ਅਨੁਸਾਰ ਜੋੜ-ਮੇਲੇ ਹੀ ਖ਼ਾਲਸੇ ਦੀ ਚੜ੍ਹਦੀ ਕਲਾ ਦਾ ਪ੍ਰਤੀਕ ਹੋ ਸਕਦੇ ਹਨ। ਪਰ ਸਿੱਖ ਸਿਧਾਂਤ ਤੋਂ ਵਿਹੂਣੇ ਜੋ ਲੋਕ ਅਤੇ ਪ੍ਰਬੰਧਕ ਵਿਸਾਖੀ ਸਮੇਂ ਲੱਚਰ ਗੀਤ ਗਾਉਣ ਵਾਲੇ ਗਾਇਕਾਂ ਨੂੰ ਸੱਦ ਕੇ ਸਭਿਆਚਾਰਕ ਦਾ ਨਾਮ ਦੇ ਕੇ ਜਸ਼ਨ ਮਨਾਉਂਦੇ ਹਨ, ਇਹੋ ਜਿਹੇ ਸਮਾਗਮ ਸਿੱਖ ਕੌਮ ਦਾ ਵਿਰਸਾ ਨਹੀਂ ਅਖਵਾ ਸਕਦੇ, ਸਗੋਂ ਇੰਜ ਜਾਪਦਾ ਹੈ ਕਿ ਇਨ੍ਹਾਂ ਰੌਲਾ ਪਾਊ ਜਸ਼ਨਾਂ ਦੁਆਰਾ ਖ਼ਾਲਸਈ ਪਰੰਪਰਾਵਾਂ ਨੂੰ ਅਲੋਪ ਕਰਨ ਦਾ ਸਾਜ਼ਸ਼ੀ ਜਤਨ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਤਿਕਾਰ ਪਰੰਪਰਾ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਮੂਹ ਸਿੱਖ ਜਗਤ ਆਪਣਾ ਗੁਰੂ ਮੰਨਦਾ ਹੈ ਅਤੇ ਇਸ ਦੀ ਪੁਸ਼ਟੀ ਲਈ ਇਤਿਹਾਸਕ ਸਾਖੀ ਦੱਸੀ ਜਾਂਦੀ ਹੈ ਕਿ ਜਦੋਂ ਗੁਰੂ ਗੋਬਿੰਦ ਸਿੰਘ ਜੀ ਜੋਤੀ ਜੋਤਿ ਸਮਾਉਣ ਲੱਗੇ, ਤਾਂ ਉਨ੍ਹਾਂ ਆਖਿਆ ਸੀ ਕਿ ਹੁਣ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਮੰਨਣਾ। ਇਸ ਦੀ ਪ੍ਰੋੜ੍ਹਤਾ ਲਈ ਇਹ ਬੋਲ ਹਰ ਰੋਜ਼, ਹਰ ਗੁਰਦੁਆਰੇ ਅੰਦਰ ਅਰਦਾਸ ਉਪਰੰਤ ਦੁਹਰਾਏ ਜਾਂਦੇ ਹਨ:

ਆਗਿਆ ਭਈ ਅਕਾਲ ਕੀ, ਤਬੈ ਚਲਾਇਓ ਪੰਥ,
ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ॥

ਗੁਰਬਾਣੀ ਅੰਦਰ ਵੀ ਗੁਰੂ ਰਾਮਦਾਸ ਜੀ ਦੇ ਬਚਨ ਹਨ:

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥

(ਨਟ ਮਹਲਾ 4, ਪੰਨਾ 982)

ਇਨ੍ਹਾਂ ਪ੍ਰਮਾਣਾਂ ਨੂੰ ਜਾਣ ਕੇ ਕੋਈ ਭਰਮ ਨਹੀਂ ਰਹਿੰਦਾ ਕਿ ਗੁਰੂ-ਕਾਲ ਅੰਦਰ ਗੁਰੂਆਂ ਨੇ ਜਤਨ ਆਰੰਭ ਦਿੱਤਾ ਸੀ ਕਿ ਗਿਆਨ-ਗੁਰੂ ਦੀ ਮਹੱਤਤਾ ਨੂੰ ਪ੍ਰਚਾਰਿਆ ਜਾਵੇ ਅਤੇ ਦੇਹ-ਪੂਜਾ ਦੀ ਪਰੰਪਰਾ ਨੂੰ ਸਵੀਕਾਰ ਨਹੀਂ ਕੀਤਾ।

ਉਪਰੋਕਤ ਇਤਿਹਾਸਕ ਅਤੇ ਗੁਰਬਾਣੀ ਪ੍ਰਮਾਣਾਂ ਦੁਆਰਾ ਸੰਦੇਸ਼ ਹੈ ਕਿ ਸਾਰੇ ਸਿੱਖ ਗੁਰੂ ਗ੍ਰੰਥ ਸਾਹਿਬ ਨੂੰ ਆਪਣਾ ਗੁਰੂ ਮੰਨਣ। ਅਸਲ ਵਿਚ ਗੁਰੂ ਗ੍ਰੰਥ ਸਾਹਿਬ ਦੇ ਉਪਦੇਸ਼ ਸਮੂਹ ਵਿਸ਼ਵ ਲੋਕਾਈ ਲਈ ਹਨ। ਇਸ ਪ੍ਰਤੀ ਗੁਰਬਾਣੀ ਪ੍ਰਮਾਣ ਹਨ:

ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ॥

(ਸੂਹੀ ਮ: ੫, ਪੰਨਾ 747-48)

ਸੰਸਾਰ ਪ੍ਰਸਿੱਧ ਇਤਿਹਾਸਕਾਰਾਂ ਅਤੇ ਵਿਦਵਾਨਾਂ ਨੇ ਮੰਨ ਲਿਆ ਹੈ ਕਿ ਸਮੂਹ ਸੰਸਾਰ ਲਈ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼ ਸਾਰਥਕ ਹਨ ਅਤੇ ਭਵਿੱਖ 'ਚ ਅਤੇ ਮੌਜੂਦਾ ਸਮੇਂ ਇਸ ਦੇ ਸੰਦੇਸ਼ ਸੰਸਾਰ ਵਿਚ ਸਥਾਈ ਸ਼ਾਂਤੀ ਬਣਾਈ ਰੱਖਣ ਵਿਚ ਸਹਾਈ ਹੋ ਸਕਦੇ ਹਨ।

ਦੁਖਦਾਈ ਗੱਲ ਇਹ ਹੈ ਕਿ ਸਿੱਖ ਜਗਤ ਅੰਦਰ ਗੁਰੂ ਗ੍ਰੰਥ ਸਾਹਿਬ ਜੀ ਦੀ ਮਹੱਤਤਾ ਨੂੰ ਘਟਾਉਣ ਲਈ ਦਸਮ ਗ੍ਰੰਥ ਦਾ ਪ੍ਰਚਾਰ ਸਾਜ਼ਸ਼ ਨਾਲ ਕੀਤਾ ਜਾ ਰਿਹਾ ਹੈ। ਇਸ ਮੰਤਵ ਦੀ ਪੂਰਤੀ ਲਈ ਯੂਨੀਵਰਸਿਟੀਆਂ ਦੇ ਪ੍ਰੋਫ਼ੈਸਰਾਂ ਨੂੰ ਖ਼ਰੀਦ ਕੇ ਉਨ੍ਹਾਂ ਪਾਸੋਂ ਦਸਮ ਗ੍ਰੰਥ ਦੀ ਮਹਿਮਾ ਲਿਖਾਈ ਜਾ ਰਹੀ ਹੈ। ਜੇਕਰ ਵਿਦੇਸ਼ੀ ਵਿਦਵਾਨ

ਜਾਂ ਇਤਿਹਾਸਕਾਰਾਂ ਦੇ ਹੱਥਾਂ ਵਿਚ ਦਸਮ ਗ੍ਰੰਥ ਪਹੁੰਚਿਆ ਤਾਂ ਉਨ੍ਹਾਂ ਦੀ ਸੋਚ ਦਾ ਨਤੀਜਾ ਕੀ ਹੋਵੇਗਾ? ਇਹ ਸਮਾਂ ਹੀ ਦੱਸੇਗਾ। ਹੁਣ ਤਕ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਹੱਤਤਾ ਨੂੰ ਦੁਨੀਆਂ ਵਿਚ ਉਜਾਗਰ ਕੀਤਾ ਹੈ, ਪਰ ਦਸਮ ਗ੍ਰੰਥ, ਜਿਸ ਦੇ ਕਰਤਾ ਬਾਰੇ ਕਿਸੇ ਨੂੰ ਕੁਝ ਨਹੀਂ ਪਤਾ, ਇਸ ਨੂੰ ਪੜ੍ਹ ਅਤੇ ਪ੍ਰਚਾਰ ਕੇ ਸਿੱਖਾਂ ਨੂੰ ਸਿਧਾਂਤ ਤੌਰ 'ਤੇ ਭੰਬਲ-ਭੂਸੇ ਵਿਚ ਪਾਇਆ ਜਾ ਰਿਹਾ ਹੈ, ਅਵੱਸ਼ ਹੀ ਵਿਦੇਸ਼ੀ ਚਿੰਤਕ ਸਿੱਖ ਗੁਰੂਆਂ ਬਾਰੇ ਵੱਖਰੇ ਹੀ ਵਿਚਾਰ ਨਾ ਰੱਖਣ ਲੱਗ ਜਾਣ। ਕੌਮੀ ਹਿਤੂਆਂ ਨੂੰ ਇਹੀ ਡਰ ਮਹਿਸੂਸ ਹੋ ਰਿਹਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਦੋਹਿਰੇ ਦਾ ਦੂਸਰਾ ਪਦ ਹੈ:

ਗੁਰੂ ਗ੍ਰੰਥ ਜੀ ਮਾਨਿਓ, ਪ੍ਰਗਟ ਗੁਰਾਂ ਕੀ ਦੇਹਿ॥
ਜੋ ਪ੍ਰਭ ਕੋ ਮਿਲਬੋ ਚਹੈ, ਖੋਜ ਸ਼ਬਦ ਮਹਿ ਲੇਹਿ॥

ਜਾਂ

ਜਾਂ ਕਾ ਹਿਰਦਾ ਸੁਧ ਹੈ, ਖੋਜ ਸ਼ਬਦ ਮਹਿ ਲੇਹਿ॥

ਉਪਰੋਕਤ ਦੋਹਰੇ ਦੀ ਦੂਸਰੀ ਪੰਗਤੀ ਵਿਚ ਗੁਰਮਤਿ ਸਿੱਧਾਂਤ ਦੀ ਪ੍ਰੋੜ੍ਹਤਾ ਹੈ ਕਿ ਸ਼ਬਦ-ਵਿਚਾਰ ਦੁਆਰਾ ਹਰ ਪ੍ਰਾਣੀ ਆਪਣਾ ਜੀਵਨ ਸਫਲ ਕਰ ਸਕਦਾ ਹੈ, ਕਿਉਂਕਿ ਗੁਰਬਾਣੀ ਅੰਦਰ ਵਡਮੁੱਲੇ ਸਿੱਧਾਂਤ ਹਨ, ਜਿਸ ਵਿਚ ਰੱਬ ਦੀ ਹਸਤੀ, ਪ੍ਰਭੂ-ਮਿਲਾਪ ਅਤੇ ਜੀਵਨ-ਮੁਕਤੀ ਦੇ ਮਾਰਗ ਨੂੰ ਸਪੱਸ਼ਟ ਕੀਤਾ ਗਿਆ ਹੈ। ਹਰ ਮਨੁੱਖ ਇਨ੍ਹਾਂ ਸਿੱਧਾਂਤਾਂ ਨੂੰ ਜੀਵਨ 'ਚ ਢਾਲ ਕੇ ਜੀਵਨ ਦਾ ਲਾਹਾ ਪ੍ਰਾਪਤ ਕਰ ਸਕਦਾ ਹੈ। ਜਿਥੋਂ ਤਕ ਦੋਹਰੇ ਦੀ ਪਹਿਲੀ ਪੰਗਤੀ ਅੰਦਰ ਖ਼ਿਆਲ ਪ੍ਰਗਟਾਏ ਹਨ, ਉਹ ਗੁਰਮਤਿ ਦੇ ਵਿਪਰੀਤ ਹਨ ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂਆਂ ਦੀ ਦੇਹ ਨਹੀਂ ਸਵੀਕਾਰ ਕੀਤਾ ਜਾ ਸਕਦਾ। ਇਹੀ ਮੁੱਖ ਕਾਰਨ ਹੈ ਕਿ ਕੁਝ ਸਿੱਖ ਵਿਦਵਾਨ ਇਨ੍ਹਾਂ ਦੋਹਰਿਆਂ ਵਿਚ ਤਰਮੀਮ ਚਾਹੁੰਦੇ ਹਨ। ਇਹ ਠੀਕ ਵੀ ਹੈ ਕਿ ਜਦੋਂ ਕੋਈ ਅਢੁੱਕਵੀਂ ਗੱਲ ਸਿੱਧਾਂਤ ਨੂੰ ਕੱਟਦੀ ਹੋਵੇ ਅਤੇ ਗੁਰਮਤਿ ਅਨੁਕੂਲ ਨਾ ਹੋਵੇ, ਉਸ ਨੂੰ ਅਵੱਸ਼ ਹੀ ਬਦਲ ਦੇਣਾ ਚਾਹੀਦਾ ਹੈ। ਕਈਆਂ ਦਾ ਖ਼ਿਆਲ ਹੈ ਕਿ ਗੁਰੂ-ਕਾਲ ਤੋਂ ਪਿੱਛੋਂ ਸਿੱਖਾਂ ਵਿਚ ਮੁੜ ਆਕਾਰ ਦੀ ਪੂਜਾ ਪ੍ਰਚੱਲਿਤ ਹੋ ਗਈ ਸੀ, ਉਨ੍ਹਾਂ ਨੂੰ ਬੁੱਤਪ੍ਰਸਤੀ ਤੋਂ ਵਾਪਸ ਮੋੜਨ ਲਈ ਇਹ ਬੋਲ ਪ੍ਰਚੱਲਿਤ ਕੀਤੇ ਗਏ ਕਿ "ਗੁਰੂ ਗ੍ਰੰਥ ਜੀ ਮਾਨਿਓ, ਪ੍ਰਗਟ ਗੁਰਾਂ ਕੀ ਦੇਹ"। ਇਤਿਹਾਸਕ ਤੱਥ ਹੈ ਕਿ ਸਿੱਖਾਂ ਦੇ ਮੁਖ ਕੇਂਦਰੀ ਅਸਥਾਨ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦੀ ਪਰਿਕਰਮਾ ਵਿਚ ਬੁੱਤ ਪੂਜਾ ਆਮ ਹੋਣ ਲੱਗ ਗਈ ਸੀ ਅਤੇ ਭਾਈ ਕਾਨ੍ਹ ਸਿੰਘ ਨਾਭਾ ਜੀ ਨੇ ਜ਼ਿਲ੍ਹੇ ਦੇ ਮੁੱਖ ਅਧਿਕਾਰੀ ਨੂੰ ਆਖ ਕੇ ਉਥੋਂ ਬੁੱਤ ਚੁਕਾਏ ਸਨ।

ਭਾਵੇਂ ਸਾਡੇ ਪਾਸ ਠੋਸ ਸਬੂਤ ਨਹੀਂ ਹਨ, ਜਿਸ ਦੇ ਆਧਾਰ 'ਤੇ ਆਖੀਏ ਕਿ ਪਹਿਲੇ ਸਮਿਆਂ ਵਿਚ ਕਿਹੜੇ ਦੋਹਰੇ ਪੜ੍ਹੇ ਜਾਂਦੇ ਸਨ। ਕਿਆਸ ਕੀਤਾ ਜਾਂਦਾ ਹੈ ਕਿ ਭਾਈ ਪ੍ਰਹਿਲਾਦ ਸਿੰਘ ਜੀ ਜੋ ਗੁਰੂ ਗੋਬਿੰਦ ਸਿੰਘ ਜੀ ਦਾ ਸਮਕਾਲੀ ਸਿੱਖ ਸੀ, ਦਾ ਦੋਹਰਾ ਪੜ੍ਹਿਆ ਜਾਂਦਾ ਸੀ:

ਗੁਰੂ ਖ਼ਾਲਸਾ ਮਾਨੀਅਹਿ, ਪਰਗਟ ਗੁਰੂ ਕੀ ਦੇਹ॥
ਜੋ ਸਿਖ ਮੋ ਮਿਲਬੇ ਚਹਿਹ, ਖੋਜ ਇਨਹੁ ਮਹਿ ਲੇਹੁ॥

ਇਨ੍ਹਾਂ ਬੋਲਾਂ ਵਿਚ ਗੁਰਮਤਿ ਦਾ ਸਿੱਧਾਂਤ ਸਪੱਸ਼ਟ ਹੈ ਕਿ ਗੁਰੂ ਦੀ ਦੇਹਿ, ਗੁਰੂ ਖ਼ਾਲਸਾ ਪੰਥ ਹੈ। ਗੁਰੂ ਪੰਥ ਅੰਦਰ ਗੁਰਮਤਿ ਦਾ ਤ੍ਰੈ-ਨੁਕਾਤੀ ਸਿਧਾਂਤ, ਪੂਜਾ ਅਕਾਲ ਕੀ, ਪਰਚਾ ਸ਼ਬਦ ਦਾ, ਦੀਦਾਰ ਖ਼ਾਲਸੇ ਦਾ ਵੀ ਉਪਰੋਕਤ ਸਿੱਧਾਂਤ ਦੀ ਪ੍ਰੋੜ੍ਹਤਾ ਕਰਦਾ ਹੈ।

ਪਰ ਅਫ਼ਸੋਸ! ਅੱਜ ਖ਼ਾਲਸਾ ਪੰਥ ਅੰਦਰ ਨਵੀਆਂ ਹੀ ਪਰੰਪਰਾਵਾਂ ਲਾਗੂ ਕੀਤੀਆਂ ਜਾ ਰਹੀਆਂ ਹਨ, ਜਿਨ੍ਹਾਂ ਦੁਆਰਾ ਸਮੁੱਚੀ ਕੌਮ ਨੂੰ ਗੁੰਮਰਾਹ ਕੀਤਾ ਜਾ ਰਿਹਾ ਹੈ। ਜਿਵੇਂ ਦੇਖਦੇ ਹਾਂ ਕਿ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਦੀ ਦੇਹ ਸਮਝ ਕੇ ਸਨਾਤਨੀਆਂ ਵਾਂਗ ਪੂਜਾ ਢੰਗ ਅਪਨਾਇਆ ਜਾ ਰਿਹਾ ਹੈ। ਭਾਵੇਂ ਗੁਰਮਤਿ ਅੰਦਰ ਸਪੱਸ਼ਟ ਹੈ ਕਿ ਗੁਰੂ ਸਾਹਿਬਾਨਾਂ ਨੇ ਸਾਨੂੰ ਨਿਰੰਕਾਰ ਦੀ ਪੂਜਾ ਕਰਨ ਲਈ ਆਖਿਆ ਸੀ ਨਾ ਕਿ ਆਕਾਰ ਦੀ ਪੂਜਾ। ਸਾਨੂੰ ਗੁਰਬਾਣੀ ਸੇਧ ਦੇ ਰਹੀ ਹੈ ਕਿ:

ਪੂਜਾ ਕੀਚੈ ਨਾਮੁ ਧਿਆਈਐ, ਬਿਨੁ ਨਾਵੈ ਪੂਜ ਨ ਹੋਇ॥

(ਗੂਜਰੀ ਮ: ੧, ਪੰਨਾ 489)

ਭਾਵੇਂ ਰੱਬੀ ਚਿੰਤਨ ਜਾਂ ਰੱਬ ਦੀ ਯਾਦ ਤੋਂ ਬਿਨਾਂ ਕੋਈ ਹੋਰ ਪੂਜਾ ਨਹੀਂ ਹੋ ਸਕਦੀ। ਕਬੀਰ ਜੀ ਆਖਦੇ ਹਨ:

ਤੋਰਉ ਨ ਪਾਤੀ ਪੂਜਉ ਨ ਦੇਵਾ॥
ਰਾਮ ਭਗਤਿ ਬਿਨੁ ਨਿਹਫਲ ਸੇਵਾ॥੨॥
ਸਤਿਗੁਰੁ ਪੂਜਉ ਸਦਾ ਸਦਾ ਮਨਾਵਉ॥
ਐਸੀ ਸੇਵ ਦਰਗਹ ਸੁਖੁ ਪਾਵਉ॥੩॥ *(ਭੈਰਉ ਕਬੀਰ ਜੀ, ਪੰਨਾ 1158)*

ਗੁਰੂ ਅਮਰਦਾਸ ਜੀ ਅਨੁਸਾਰ:

ਪੂਜਾ ਕਰੈ ਸਭੁ ਲੋਕੁ ਸੰਤਹੁ ਮਨਮੁਖਿ ਥਾਇ ਨ ਪਾਈ॥੪॥
ਸਬਦਿ ਮਰੈ ਮਨੁ ਨਿਰਮਲੁ ਸੰਤਹੁ ਏਹ ਪੂਜਾ ਥਾਇ ਪਾਈ॥੫॥...
ਬਿਨੁ ਨਾਵੈ ਹੋਰ ਪੂਜ ਨ ਹੋਵੀ ਭਰਮਿ ਭੁਲੀ ਲੋਕਾਈ॥੭॥

(ਰਾਮਕਲੀ ਮਹਲਾ ੩, ਪੰਨਾ 910)

ਕੁਝ ਸਾਲਾਂ ਤੋਂ ਕੈਨੇਡਾ ਦੇ ਕਈ ਗੁਰਦੁਆਰਿਆਂ ਅੰਦਰ ਸੁਖ-ਆਸਣ ਕਰਨ ਸਮੇਂ ਨਵੀਆਂ ਪਰੰਪਰਾਵਾਂ ਚਾਲੂ ਕੀਤੀਆਂ ਗਈਆਂ ਹਨ, ਜੋ ਕਿ ਪਹਿਲਾਂ ਨਹੀਂ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਨੂੰ ਸੁਖ-ਆਸਣ ਵਾਲੇ ਅਸਥਾਨ 'ਤੇ ਲੈ ਜਾਣ ਸਮੇਂ ਸੰਗਤ ਜੋਟੀਆਂ ਵਿਚ ਸ਼ਬਦ ਪੜ੍ਹਦੀ ਉਪਰੰਤ ਢੋਲ ਵਜਾਉਂਦੀ ਅਤੇ ਚਿਮਟੇ ਸਾਜ਼ ਸ਼ਾਮਲ ਕਰ ਕੇ ਨਵੀਂ ਰੀਤ ਸ਼ੁਰੂ ਹੋ ਚੁੱਕੀ ਹੈ। ਜਦੋਂ ਕਦੀ ਕਿਸੇ ਨੇ ਇਸ ਨਵੀਂ ਰੀਤ ਸਥਾਪਤ ਕਰਨ ਦਾ ਕਾਰਨ ਪੁੱਛਿਆ, ਤਾਂ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਦੀ ਪਰੰਪਰਾ ਨੂੰ ਆਧਾਰ ਦੱਸਿਆ ਜਾਂਦਾ ਹੈ। ਹਾਲਾਂ ਤੀਕ ਉਥੋਂ ਦੀ ਇਕ ਵਿਲੱਖਣ ਪਰੰਪਰਾ ਕਿ ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੈ, ਉਸ ਅਸਥਾਨ ਨੂੰ ਦੁੱਧ ਨਾਲ ਧੋਤਾ ਜਾਂਦਾ ਹੈ, ਉਹ ਪਰੰਪਰਾ ਵਿਦੇਸ਼ ਅੰਦਰ ਪ੍ਰਵੇਸ਼ ਨਹੀਂ ਹੋਈ। ਹੁਣ

ਗੁਰਮਤਿ ਦੀ ਕਸਵੱਟੀ ਜਾਂ ਇਤਿਹਾਸ ਅੰਦਰ ਪ੍ਰਚੱਲਿਤ ਪਰੰਪਰਾਵਾਂ ਦਾ ਮੁਲਾਂਕਣ ਕਰਨਾ ਪਵੇਗਾ ਕਿ, ਕੀ ਇਹ ਪਰੰਪਰਾਵਾਂ ਗੁਰੂ-ਕਾਲ ਅੰਦਰ ਸਥਾਪਤ ਸਨ ? ਜਾਂ ਉਸ ਪਿੱਛੋਂ ਸਨਾਤਨੀ ਪ੍ਰਭਾਵ ਅਧੀਨ ਸ਼ੁਰੂ ਹੋਈਆਂ ? ਮੈਨੂੰ ਯਾਦ ਹੈ ਕਿ ਜਦੋਂ ਛੋਟੇ ਹੁੰਦੇ ਸਾਂ ਤਾਂ ਪਿੰਡਾਂ ਦੇ ਗੁਰਦੁਆਰਿਆਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੁਖ-ਆਸਣ ਵਿਸ਼ੇਸ਼ ਤੌਰ 'ਤੇ ਬਣੀਆਂ ਹੋਈਆਂ ਅਲਮਾਰੀਆਂ ਵਿਚ ਕੀਤੇ ਜਾਂਦੇ ਸਨ, ਪਰ ਹੁਣ ਤਕਰੀਬਨ ਸਮੂਹ ਗੁਰਦੁਆਰਿਆਂ ਅੰਦਰ ਸੁਖ-ਆਸਣ ਵਿਸ਼ੇਸ਼ ਤੌਰ 'ਤੇ ਬਣੇ ਪਲੰਘਾਂ ਉਪਰ ਕੀਤੇ ਜਾਂਦੇ ਹਨ। ਜਿਵੇਂ ਪਹਿਲਾਂ ਦੋਹਰਿਆਂ ਸੰਬੰਧੀ ਉਲੇਖ ਕੀਤਾ ਹੈ ਅਤੇ ਉਨ੍ਹਾਂ ਅੰਦਰ ਸ਼ਾਮਲ ਬੋਲਾਂ ਦੀ ਚਰਚਾ ਹੋਈ ਕਿ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂਆਂ ਦੀ ਦੇਹ (ਸਰੀਰ) ਆਖਣਾ ਗ਼ਲਤ ਪਰੰਪਰਾ ਹੈ। ਇਹ ਵੀ ਕਿਆਸ ਕੀਤਾ ਜਾਂਦਾ ਹੈ ਕਿ ਇਨ੍ਹਾਂ ਬੋਲਾਂ ਨੂੰ ਆਧਾਰ ਬਣਾ ਕੇ ਆਮ ਸੰਗਤਾਂ ਸਮਝਦੀਆਂ ਹੋਣ ਕਿ ਗੁਰੂ ਗ੍ਰੰਥ ਸਾਹਿਬ ਜੀ ਗੁਰੂਆਂ ਦੀ ਦੇਹ ਹਨ। ਚਲੋ, ਮੰਨਦੇ ਹਾਂ ਕਿ ਪਲੰਘ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਦੇ ਸੁਖ-ਆਸਣ ਲਈ ਪ੍ਰਯੋਗ ਕਰਨਾ ਸੌਖਾ ਤੇ ਢੁਕਵਾਂ ਹੈ, ਪਰ ਉਸ ਸਮੇਂ ਇਹ ਪਰੰਪਰਾ ਗ਼ਲਤ ਹੋ ਜਾਂਦੀ ਹੈ, ਜਦੋਂ ਅਸੀਂ ਪਲੰਘ ਉੱਤੇ ਸਿਰਹਾਣਾ ਜਾਂ ਸਿਰਹਾਣੇ ਵੀ ਰੱਖ ਦਿੰਦੇ ਹਾਂ। ਇਸ ਤੋਂ ਇਹ ਸਮਝਿਆ ਜਾਂਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਮਨੁੱਖਾ ਸਰੀਰ ਵਾਂਗੂੰ ਇਕ ਦੇਹ-ਰੂਪ ਹਨ। ਦੂਸਰਾ, ਜੋ ਸ਼ਰਧਾਲੂ ਲੋਕ ਇਹੋ ਜਿਹੇ ਕਰਮਾਂ ਨੂੰ ਅੱਖੀਂ ਤੱਕਦੇ ਹਨ, ਉਹ ਦੇਖਾ-ਦੇਖੀ ਭਾਵ ਬਿਨਾਂ ਸਮਝ ਤੋਂ ਇਸ ਤਰ੍ਹਾਂ ਦੀ ਪਰੰਪਰਾ ਨੂੰ ਗੁਰਮਤਿ ਅਨੁਸਾਰ ਪਰਵਾਨ ਸਮਝ ਕੇ ਸਹੀ ਮੰਨਣ ਲੱਗ ਜਾਂਦੇ ਹਨ। ਅਜਿਹਾ ਕਰਨ ਨੂੰ ਗੁਰੂ ਗ੍ਰੰਥ ਸਾਹਿਬ ਜੀ ਦਾ ਢੁਕਵਾਂ ਜਾਂ ਪੂਰਾ ਸਤਿਕਾਰ ਕਰਨਾ ਸਮਝਿਆ ਜਾਂਦਾ ਹੈ।

ਅਸੀਂ ਗਿਆਨਹੀਨ ਹੋ ਕੇ ਜਾਂ ਇਹ ਵੀ ਸੰਭਵ ਹੈ ਕਿ ਸਿੱਖ ਵਿਰੋਧੀ ਤਾਕਤਾਂ ਸਾਨੂੰ ਬੁੱਤ ਜਾਂ ਆਕਾਰ ਦੀ ਪੂਜਾ ਵੱਲ ਨੂੰ ਪ੍ਰੇਰ ਰਹੀਆਂ ਹੋਣ। ਮੁੱਖ ਕਾਰਨ ਹੈ ਸਾਨੂੰ ਗੁਰੂ ਗ੍ਰੰਥ ਸਾਹਿਬ ਜੀ ਦੇ ਅਸਲ ਸਤਿਕਾਰ ਬਾਰੇ ਭੁਲੇਖੇ ਹਨ। ਕੁਝ ਸਾਲ ਪਹਿਲਾਂ ਦੀ ਗੱਲ ਹੈ ਕਿ ਟੋਰਾਂਟੋ ਵਿਖੇ, ਇਕ ਸੰਸਥਾ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਪ੍ਰਤੀ ਵੱਧ ਸਤਿਕਾਰ ਤੇ ਸ਼ਰਧਾ ਦਿਖਾਉਣ ਲਈ ਇਕ ਵਿਲੱਖਣ ਹੀ ਪਰੰਪਰਾ ਅਪਨਾਈ ਗਈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਹੁਤ ਸਰੂਪਾਂ ਨੂੰ ਇੰਡੀਆ ਤੋਂ ਇਕ ਵਿਸ਼ੇਸ਼ ਚਾਰਟਰ ਹਵਾਈ ਜਹਾਜ਼ ਰਾਹੀਂ ਲਿਆਂਦਾ ਗਿਆ। ਉਨ੍ਹਾਂ ਸਰੂਪਾਂ ਨੂੰ ਬਹੁਤ ਅਦਬ-ਸਤਿਕਾਰ ਨਾਲ ਜਹਾਜ਼ ਤੋਂ ਲਿਜਾ ਕੇ, ਇਕ ਅਸਥਾਨ 'ਤੇ ਰੱਖਿਆ ਗਿਆ। ਮੇਰੇ ਮਨ 'ਚ ਕਈ ਖ਼ਿਆਲ ਆਏ ਕਿ ਜਦੋਂ ਇਨ੍ਹਾਂ ਸਰੂਪਾਂ ਨੂੰ ਦਿੱਲੀ ਹਵਾਈ ਅੱਡੇ 'ਤੇ ਪਹੁੰਚਾਇਆ ਹੋਵੇਗਾ, ਉਥੇ ਅਦਬ ਤੇ ਸਤਿਕਾਰ ਦੀ ਕਿਹੜੀ ਵਿਧੀ ਅਪਨਾਈ ਹੋਵੇਗੀ ? ਸ੍ਰੀ ਅੰਮ੍ਰਿਤਸਰ ਤੋਂ ਨਵੀਂ ਦਿੱਲੀ ਤਕ ਸਭ ਸਰੂਪਾਂ ਨੂੰ ਕਿਵੇਂ ਲਿਜਾਇਆ ਗਿਆ ਹੋਵੇਗਾ ? ਇਹ ਨਵੀਂ ਪਰੰਪਰਾ ਟੋਰਾਂਟੋ ਵਿਖੇ ਸਥਾਪਤ ਹੋਈ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਇਸ ਤੋਂ ਪਹਿਲਾਂ ਜੋ ਸਰੂਪ ਵਿਦੇਸ਼ਾਂ ਵਿਚ ਪੁੱਜੇ, ਕੀ ਉਨ੍ਹਾਂ ਸਰੂਪਾਂ ਨੂੰ ਲਿਆਉਣ ਸਮੇਂ ਮਨਮਤ ਹੋਈ ਜਾਂ ਪੂਰਾ ਅਦਬ ਤੇ ਸਤਿਕਾਰ ਨਹੀਂ ਹੋਇਆ ?

ਕੁਝ ਸਮਾਂ ਪਹਿਲਾਂ, ਸ੍ਰੀ ਅੰਮ੍ਰਿਤਸਰ ਵਿਖੇ ਇਕ ਵਿਉਪਾਰੀ, ਇਕ ਕਾਰ ਵਿਚ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਜਾਹ ਸਰੂਪ ਰੱਖ ਕੇ ਲੈ ਜਾ ਰਿਹਾ ਸੀ। ਉਸਦੀ ਕਾਰ ਨੂੰ ਰੋਕ ਕੇ ਉਸ ਦਾ ਮੂੰਹ ਕਾਲਾ ਕੀਤਾ ਗਿਆ। ਇਹ ਕਿਉਂ ਹੋਇਆ ? ਪਤਾ ਨਹੀਂ, ਪਰ ਬਾਅਦ ਵਿਚ ਦੱਸਦੇ ਹਨ ਕਿ ਉਨ੍ਹਾਂ ਪਾਸੋਂ ਮੁਆਫ਼ੀ ਮੰਗ ਲਈ ਗਈ। ਜਦੋਂ ਨੇਤਾ ਲੋਕ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਘਸੁੰਨ-ਮੁੱਕੀ ਹੁੰਦੇ ਹਨ, ਉਨ੍ਹਾਂ ਲੋਕਾਂ ਦਾ ਕਦੀ ਕਿਸੇ ਨੇ ਮੂੰਹ ਕਾਲਾ ਨਹੀਂ ਕੀਤਾ ਅਤੇ ਉਨ੍ਹਾਂ ਨੂੰ ਕਦੀ ਸਜ਼ਾ ਨਹੀਂ ਦਿੱਤੀ ਗਈ। ਇਸ ਵਿਉਪਾਰੀ ਵੀਰ ਉਪਰ ਇਹ ਦੋਸ਼ ਸੀ ਕਿ ਉਸ ਨੇ ਪੈਰੀਂ ਜੁੱਤੀ ਪਾਈ ਹੋਈ ਸੀ, ਹੁਣ ਪੁੱਛ-ਗਿੱਛ ਕਰਨੀ ਚਾਹੀਦੀ ਹੈ ਕਿ ਜਿਸ ਜਹਾਜ਼ ਵਿਚ ਟੋਰਾਂਟੋ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਆਏ, ਕੀ ਜਹਾਜ਼ ਦਾ ਕਪਤਾਨ ਨੰਗੇ ਪੈਰੀਂ ਸੀ ? ਕੀ ਜਹਾਜ਼ ਦੇ ਹੋਰ ਸਟਾਫ਼ ਮੈਂਬਰ ਵੀ ਨੰਗੇ ਪੈਰੀਂ ਸਨ ? ਕੀ ਜਹਾਜ਼ ਦਾ ਪਹਿਲਾਂ ਇਸ਼ਨਾਨ ਕਰਾਇਆ ਹੋਇਆ ਸੀ ? ਕੀ ਸਮੂਹ ਸਟਾਫ਼ ਮੈਂਬਰਾਂ ਨੇ ਇਸ਼ਨਾਨ ਕੀਤਾ ਹੋਇਆ ਸੀ ?

ਜਿਥੋਂ ਤਕ ਪੈਰੀਂ ਜੁੱਤੀ ਪਾਉਣ ਦੀ ਗੱਲ ਹੈ, ਇਸ ਬਾਰੇ ਸਿੱਖ ਰਹਿਤ ਮਰਯਾਦਾ ਵਿਚ ਸਪੱਸ਼ਟ ਕੀਤਾ ਹੋਇਆ ਹੈ ਕਿ, 'ਜਿਸ ਨੇ ਸਿਰ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਚੁੱਕਿਆ ਹੋਵੇ, ਉਹ ਨੰਗੇ ਪੈਰੀਂ ਚੱਲੇ, ਪਰ ਜੇਕਰ ਕਿਸੇ ਮੌਕੇ ਜੋੜੇ ਪਾਉਣ ਦੀ ਅਤਿ ਲੋੜ ਪੈ ਜਾਵੇ, ਤਾਂ ਭਰਮ ਨਹੀਂ ਕਰਨਾ।' ਇਹ ਤਾਂ ਸੰਭਵ ਨਹੀਂ ਹੋ ਸਕਦਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਿਰ 'ਤੇ ਰੱਖ ਕੇ, ਜਿਥੇ ਲੋੜ ਹੈ, ਪੈਦਲ ਪਹੁੰਚਾਇਆ ਜਾਵੇ। ਜਿਨ੍ਹਾਂ ਥਾਵਾਂ 'ਤੇ ਤਾਪਮਾਨ ਮਾਈਨਸ-30 ਡਿਗਰੀ ਹੋਵੇ, ਜੇ ਅਸੀਂ ਆਖੀਏ ਕਿ ਗੁਰੂ ਗ੍ਰੰਥ ਸਾਹਿਬ ਦਾ ਪੂਰਾ ਸਤਿਕਾਰ ਕਰਨ ਲਈ ਨੰਗੇ ਪੈਰੀਂ ਚੱਲਿਆ ਜਾਵੇ, ਕਦੀ ਸੰਭਵ ਨਹੀਂ ਹੋ ਸਕਦਾ। ਸਾਨੂੰ ਤਾਂ ਉਨ੍ਹਾਂ ਮਹਾਨ ਸਿਦਕੀ ਸਿੱਖਾਂ ਦਾ ਰੋਮ-ਰੋਮ ਧੰਨਵਾਦ ਕਰਨਾ ਚਾਹੀਦਾ ਹੈ, ਜਿਨ੍ਹਾਂ ਨੇ ਵਿਦੇਸ਼ਾਂ ਵਿਚ ਗੁਰਮਤਿ ਦੇ ਪ੍ਰਚਾਰ ਲਈ ਗੁਰ-ਅਸਥਾਨ ਬਣਾਏ। ਜੇ ਕਰਮਕਾਂਡੀ ਲੋਕਾਂ ਦੇ ਪੈਮਾਨੇ ਅਨੁਸਾਰ ਦੇਖਿਆ ਜਾਵੇ ਕਿ ਉਨ੍ਹਾਂ ਨੇ ਵਿਦੇਸ਼ਾਂ 'ਚ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਕਿਸ ਤਰ੍ਹਾਂ ਲਿਆਂਦੇ, ਤਾਂ ਉਨ੍ਹਾਂ ਨੂੰ ਇਹ ਲੋਕ ਪੰਥ ਵਿੱਚੋਂ ਛੇਕ ਦੇਣਗੇ ਜਾਂ ਜਥੇਦਾਰਾਂ ਨੂੰ ਆਖ ਕੇ ਫ਼ਤਵਾ ਦਿਵਾ ਦੇਣਗੇ।

ਅਜੋਕੇ ਸਮੇਂ ਜੋ ਚਰਚਿਤ ਵਿਸ਼ਾ ਹੈ, ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਨੂੰ ਇਕ ਥਾਂ ਤੋਂ ਦੂਜੀ ਥਾਂ ਲੈ ਜਾਣ ਜਾਂ ਵਿਦੇਸ਼ਾਂ ਵਿਚ ਵੱਡੇ ਵੱਡੇ ਬਕਸਿਆਂ 'ਚ ਪਾ ਕੇ ਭੇਜਣ ਸੰਬੰਧੀ ਹੈ। ਜੇ ਦੂਰੀ ਨਾ ਹੋਵੇ, ਤਾਂ ਸਰੂਪਾਂ ਨੂੰ ਸੀਸ 'ਤੇ ਰੱਖ ਕੇ ਲਿਜਾਇਆ ਜਾ ਸਕਦਾ ਹੈ, ਪਰ ਜੇ ਫ਼ਾਸਲਾ ਲੰਬਾ ਹੈ ਤਾਂ ਅਜਿਹਾ ਕਰਨਾ ਅਸੰਭਵ ਹੈ। ਵਿਦੇਸ਼ਾਂ 'ਚ ਸ਼ਰਧਾਲੂ ਲੋਕ ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਨੂੰ ਆਪਣੇ ਘਰ ਲੈ ਕੇ ਜਾਂਦੇ ਹਨ, ਉਸ ਸਮੇਂ ਕਾਰ 'ਚ ਆਪ ਬੈਠ ਕੇ ਤੇ ਸਰੂਪ ਨੂੰ ਆਪਣੇ ਪੱਟਾਂ ਉੱਤੇ ਰੱਖ ਕੇ ਲਿਜਾਂਦੇ ਹਨ। ਹੁਣ ਸਵਾਲ ਇਹ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਸੰਬੰਧੀ ਕੋਈ ਮਾਪਦੰਡ ਤਾਂ ਸਥਾਪਤ ਨਹੀਂ ਕੀਤਾ ਹੋਇਆ, ਜਿਸ ਦੇ ਆਧਾਰ 'ਤੇ ਅਸੀਂ ਆਖ ਸਕੀਏ ਕਿ ਇੰਜ ਕਰਨ ਨਾਲ ਘੱਟ ਸਤਿਕਾਰ ਹੈ ਤੇ ਉਂਜ ਕਰਨ ਨਾਲ ਵੱਧ ਸਤਿਕਾਰ ਹੁੰਦਾ ਹੈ। ਦਸ ਹਜ਼ਾਰ ਮੀਲ ਦੀ ਦੂਰੀ 'ਤੇ ਵਿਦੇਸ਼ਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਪਹਿਲਾਂ ਪਹਿਲਾਂ ਲੋਕ ਆਪ ਲੈ ਕੇ ਜਾਂਦੇ ਸਨ ਤੇ

ਸਫ਼ਰ ਦਾ ਸਮਾਂ ਇਕ ਮਹੀਨੇ ਤੋਂ ਤਿੰਨ ਮਹੀਨੇ ਤਕ ਤਹਿ ਹੁੰਦਾ ਸੀ ਕਿਉਂਕਿ ਸਮੁੰਦਰੀ ਜਹਾਜ਼ ਹੀ ਆਵਾਜਾਈ ਲਈ ਸਾਧਨ ਸਨ। ਭਾਵੇਂ 1950 ਤੋਂ ਬਾਅਦ ਹਵਾਈ ਜਹਾਜ਼ ਦੂਰ ਜਾਣ ਲਈ ਵਧੀਆ ਸਾਧਨ ਬਣਿਆ। ਪਰ 1970 ਤੋਂ ਪਿੱਛੋਂ ਵਿਦੇਸ਼ਾਂ 'ਚ ਸਿੱਖਾਂ ਦੀ ਗਿਣਤੀ ਬਹੁਤ ਹੋ ਜਾਣ ਕਾਰਨ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਦੀ ਮੰਗ ਬਹੁਤ ਵੱਧ ਗਈ ਅਤੇ ਸਿੱਖਾਂ ਦੀ ਜ਼ਿਆਦਾ ਮੰਗ ਦੀ ਪੂਰਤੀ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਜ਼ਿਆਦਾ ਗਿਣਤੀ 'ਚ ਵੱਡੇ ਵੱਡੇ ਬਕਸਿਆਂ ਵਿਚ ਪੈਕ ਕਰ ਕੇ ਭੇਜੇ ਜਾਂਦੇ ਸਨ ਜਾਂ ਮੰਗਵਾਏ ਜਾਂਦੇ ਸਨ। ਵਿਉਪਾਰੀ ਲੋਕਾਂ ਵੱਲੋਂ ਵੱਡੇ ਵੱਡੇ ਕੰਟੇਨਰਾਂ ਵਿਚ ਸਰੂਪਾਂ ਨੂੰ ਪਾ ਕੇ ਸਮੁੰਦਰੀ ਜਹਾਜ਼ ਰਾਹੀਂ ਮੰਗਵਾਇਆ ਜਾਂਦਾ ਰਿਹਾ ਹੈ, ਕਦੀ ਕੋਈ ਚਰਚਾ ਨਹੀਂ ਹੋਈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 1944 ਈ: ਵਿਚ ਇਕ ਚਿੱਠੀ ਦੇ ਉੱਤਰ ਵਿਚ ਲਿਖਿਆ ਹੋਇਆ ਹੈ ਕਿ ਜੇ ਲੋੜ ਪੈ ਜਾਵੇ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਨੂੰ ਪਾਰਸਲਾਂ ਦੁਆਰਾ ਬਾਹਰ ਭੇਜਿਆ ਜਾ ਸਕਦਾ ਹੈ। ਅੱਜ ਭਾਵੇਂ ਤੁਸੀਂ ਸਰੂਪ ਨੂੰ ਹੱਥੀਂ ਲੈ ਕੇ ਜਾਓ ਜਾਂ ਪਾਰਸਲ ਦੁਆਰਾ ਮੰਗਾਓ, ਵਿਦੇਸ਼ਾਂ ਵਿਚ ਸਿਕਿਉਰਿਟੀ ਕਾਰਨਾਂ ਕਰਕੇ ਹਰ ਚੀਜ਼ ਜਾਂ ਵਸਤੂ ਵਾਂਗੂੰ, ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਦੀ ਵੀ ਛਾਣ-ਬੀਣ ਕਰਦੇ ਹਨ। ਜੋ ਲੋਕ ਵਿਦੇਸ਼ੀ ਹਨ ਜਾਂ ਸਿਕਿਉਰਿਟੀ ਕਾਰਜਾਂ 'ਤੇ ਤਾਇਨਾਤ ਹਨ, ਅਸੀਂ ਉਨ੍ਹਾਂ ਨੂੰ ਨਹੀਂ ਆਖ ਸਕਦੇ ਕਿ ਪਹਿਲਾਂ ਹੱਥ ਧੋਵੋ ਜਾਂ ਸਿਰ ਢੱਕੋ, ਫਿਰ ਛਾਣ-ਬੀਣ ਕਰੋ।

ਜਿਵੇਂ ਸਿੱਖ ਰਹਿਤ ਮਰਯਾਦਾ ਅੰਦਰ ਲਿਖੀ ਗੱਲ ਕਿ 'ਜੇਕਰ ਜੋੜੇ ਪਾਉਣ ਦੀ ਲੋੜ ਪਵੇ ਤਾਂ ਭਰਮ ਨਹੀਂ ਕਰਨਾ' ਸਪੱਸ਼ਟ ਕਰਦਾ ਹੈ ਕਿ ਸਾਨੂੰ ਆਪਣੀ ਬੁੱਧੀ ਜਾਂ ਅਕਲ ਨਾਲ ਧਾਰਮਿਕ ਕਰਮ ਕਰਨੇ ਚਾਹੀਦੇ ਹਨ। ਇਸ ਬਾਰੇ ਭਾਈ ਕਾਨ੍ਹ ਸਿੰਘ ਜੀ ਨਾਭਾ 'ਗੁਰਮਤਿ ਮਾਰਤੰਡ' ਦੇ ਪੰਨਾ 382 ਉਪਰ ਵਿਸਥਾਰ ਸਹਿਤ ਲਿਖਦੇ ਹਨ: "ਕਿਤਨੇ ਪ੍ਰੇਮੀ ਸਿੱਖ, ਗੁਰੂ ਗ੍ਰੰਥ ਜੀ ਨੂੰ ਸਿਰ 'ਤੇ ਰੱਖ ਕੇ ਸਫ਼ਰ ਕਰਦੇ ਹੋਏ ਅਥਵਾ ਗੁਰੂ ਸਾਹਿਬ ਦੀ ਪਾਲਕੀ ਉਠਾਉਂਦੇ ਹੋਏ ਜੁੱਤੀ ਉਤਾਰ ਕੇ ਨੰਗੇ ਪੈਰੀਂ ਜਾਂਦੇ ਹਨ, ਅਰ ਚੌਰ ਕਰਨ ਵਾਲਾ ਅਤੇ ਕੀਰਤਨੀਏ ਸਿੱਖ ਜੁੱਤੀ ਉਤਾਰ ਦਿੰਦੇ ਹਨ, ਪਰ ਇਹ ਅਵਿਦਿਆ ਅਤੇ ਭਰਮ-ਮੂਲਕ ਕਰਮ ਹੈ, ਰਸਤੇ ਵਿਚ ਜੁੱਤੀ ਉਤਾਰ ਕੇ ਜਾਣਾ ਯੋਗ ਨਹੀਂ, ਜੇ ਜੁੱਤੀ ਦੀ ਭਿੱਟ ਅਪਵਿੱਤਰਤਾ ਦਾ ਕਾਰਨ ਹੋ ਸਕਦੀ ਹੈ, ਤਦ ਰਸਤੇ ਵਿਚ ਪਿਆ ਖੰਘਾਰ, ਕੁੱਤੇ ਆਦਿ ਜੀਵਾਂ ਦਾ ਮਲ-ਮੂਤਰ ਪੈਰਾਂ ਨੂੰ ਕਿਤਨਾ ਵੱਧ ਕੇ ਅਪਵਿੱਤਰ ਕਰ ਸਕਦਾ ਹੈ? ਕੰਕਰ ਕੰਡਾ ਆਦਿ ਪੈਰਾਂ ਨੂੰ ਦੁਖ ਦਾ ਕਾਰਨ ਹੁੰਦੇ ਹਨ। ਸ੍ਰੀ ਗੁਰੂ ਸਾਹਿਬਾਨ ਦੀ ਅੜਦਲ (ਹਾਜ਼ਰੀ ਜਾਂ ਸੇਵਾ) ਵਿਚ ਜੋ ਸਿੱਖ ਸੇਵਕ ਚੱਲਦੇ ਸਨ, ਉਹ ਨਗਨ ਚਰਨ ਨਹੀਂ ਹੋਇਆ ਕਰਦੇ ਸਨ, ਗੁਰਸਿੱਖਾਂ ਨੂੰ ਗੁਰੂ ਨਾਨਕ ਦੇਵ ਜੀ ਦਾ ਵਾਕ: 'ਪਗ ਉਪੇਤਾਣਾ॥ ਅਪਣਾ ਕੀਆ ਕਮਾਣਾ॥' (ਵਾਰ ਆਸਾ) ਸਦਾ ਮਨ ਵਿਚ ਵਸਾ ਕੇ ਪਾਖੰਡ ਕਰਮਾਂ ਤੋਂ ਬਚਣਾ ਚਾਹੀਏ।"

ਸਾਨੂੰ ਗੁਰੂ ਸਾਹਿਬਾਨ ਨੇ ਸ਼ਬਦ-ਗੁਰੂ ਨਾਲ ਜੋੜਿਆ ਸੀ, ਤਾਂ ਜੋ ਅਸੀਂ ਮਨੁੱਖਾ ਜੀਵਨ ਨੂੰ ਸਚਿਆਰ ਬਣਾਉਣ ਲਈ ਗੁਰ-ਗਿਆਨ ਨੂੰ ਆਧਾਰ ਬਣਾਈਏ ਕਿਉਂਕਿ:

ਗੁਰ ਕੀ ਸੇਵਾ ਸਬਦੁ ਵੀਚਾਰੁ ॥
ਹਉਮੈ ਮਾਰੇ ਕਰਣੀ ਸਾਰੁ ॥ *(ਗਉੜੀ ਮਹਲਾ ੧, ਪੰਨਾ 223)*

ਇਸ ਤਰ੍ਹਾਂ ਜਾਪਦਾ ਹੈ ਕਿ ਸਿੱਖਾਂ ਅੰਦਰ ਨਵੀਆਂ ਪਰੰਪਰਾਵਾਂ ਸ਼ੁਰੂ ਕਰਾਉਣ ਪਿੱਛੇ ਸਾਜ਼ਸ਼ਾਂ ਘੜੀਆਂ ਜਾ ਰਹੀਆਂ ਹਨ। ਹਰ ਗੁਰਦੁਆਰੇ ਅੰਦਰ ਪਾਲਕੀਆਂ ਸਥਾਪਤ ਕਰਨੀਆਂ, ਪਾਲਕੀ ਦੇ ਆਲੇ-ਦੁਆਲੇ ਬਣਾਵਟੀ ਫੁੱਲਾਂ ਦੀ ਸਜਾਵਟ, ਸਜਾਵਟੀ ਸਾਮਾਨ, ਬਿਜਲੀ ਦੇ ਟਿਮਟਿਮਾਉਂਦੇ ਬਲਬ, ਕੀ ਇਹ ਪਰੰਪਰਾਵਾਂ ਗੁਰੂ-ਕਾਲ ਅੰਦਰ ਸਨ ? ਅੱਜ ਸੋਨੇ ਦੀਆਂ ਪਾਲਕੀਆਂ ਦੀ ਅਤਿ ਚਰਚਾ ਹੋਣੀ ਅਤੇ ਅਗਿਆਨਤਾ ਕਾਰਨ ਲੋਕਾਂ ਵੱਲੋਂ ਪਾਲਕੀਆਂ ਦੇ ਦਰਸ਼ਨ ਨੂੰ ਹੀ ਧਰਮ-ਕਰਮ ਸਮਝੀ ਜਾਣਾ, ਜਾਂ ਗੁਰੂ ਦੇ ਦਰਸ਼ਨ, ਗੁਰੂ ਗ੍ਰੰਥ ਸਾਹਿਬ ਦੇ ਸਰੂਪ ਨੂੰ ਮੱਥਾ ਟੇਕਣ ਤਕ ਹੀ ਸੀਮਤ ਕਰ ਲੈਣਾ, ਗੁਰਮਤਿ ਦੇ ਵਿਪਰੀਤ ਕਰਮ ਹਨ। ਗੁਰੂ ਸਾਹਿਬਾਨ ਨੇ ਸਾਨੂੰ ਅਕਾਲ ਦੀ ਪੂਜਾ ਕਰਨ ਲਈ ਆਖਿਆ ਸੀ ਨਾ ਕਿ ਪਾਲਕੀਆਂ ਜਾਂ ਆਕਾਰ ਦੀ ਪੂਜਾ।

ਗੁਰੂ ਸਾਹਿਬਾਨ ਨੇ ਸਾਨੂੰ ਗੁਰਬਾਣੀ ਦਾ ਮਹਾਨ ਖ਼ਜ਼ਾਨਾ ਬਖ਼ਸ਼ਿਆ, ਪਰ ਅਸੀਂ ਕਦੀ ਗੁਰਮਤਿ ਨੂੰ ਸਮਝਣ ਦਾ ਜਤਨ ਨਹੀਂ ਕੀਤਾ, ਗੁਰਬਾਣੀ ਅੰਦਰ ਸੰਦੇਸ਼ ਹੈ:

ਕੁਬੁਧਿ ਮਿਟੈ ਗੁਰ ਸਬਦੁ ਬੀਚਾਰਿ ॥
ਸਤਿਗੁਰੁ ਭੇਟੈ ਮੋਖ ਦੁਆਰ ॥ *(ਰਾਮਕਲੀ ਮਹਲਾ ੧, ਪੰਨਾ 944)*

ਧਨਾਸਰੀ ਰਾਗ 'ਚ ਗੁਰੂ ਰਾਮਦਾਸ ਜੀ ਦੇ ਬਚਨ:

ਸੇਵਕ ਸਿਖ ਪੂਜਣ ਸਭਿ ਆਵਹਿ ਸਭਿ ਗਾਵਹਿ ਹਰਿ ਹਰਿ ਊਤਮ ਬਾਨੀ ॥
ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ
ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ ॥੧॥
(ਧਨਾਸਰੀ ਮਹਲਾ ੪, ਪੰਨਾ 669)

ਸਾਡਾ ਪੂਜਣ ਢੰਗ, ਗੁਰੂ ਦੀ ਮਹਿਮਾ ਭਾਵ ਪਰਮਾਤਮਾ ਦੀ ਉਸਤਤ ਕਰਨਾ ਹੈ, ਤਾਹੀਓਂ ਲਿਖਿਆ ਹੋਇਆ ਹੈ: "ਸਭਿ ਗਾਵਹਿ ਹਰਿ ਹਰਿ ਊਤਮ ਬਾਨੀ"। ਇਹ ਕੀਰਤਨ, ਰੱਬੀ ਵਡਿਆਈ ਹੈ ਅਤੇ ਗੁਰ-ਉਪਦੇਸ਼ ਮੰਨਣਾ ਹੀ ਉੱਤਮ ਹੈ, ਪਰ ਜਿਥੋਂ ਤਕ ਗੁਰਬਾਣੀ ਦੇ ਸਤਿਕਾਰ ਦੀ ਪਰੰਪਰਾ ਹੈ, ਇਸ ਬਾਰੇ ਪੂਰੀ ਸੇਧ ਸਿੱਖ ਰਹਿਤ ਮਰਯਾਦਾ ਅੰਦਰ ਦਿੱਤੀ ਹੋਈ ਹੈ।

ਜਿਵੇਂ ਗੁਰੂ ਗ੍ਰੰਥ ਸਾਹਿਬ ਉਪਰ ਚਾਨਣੀ ਲਗਾਉਣੀ ਅਤੇ ਚੌਰ ਕਰਨਾ ਸਾਡੀ ਸਤਿਕਾਰ ਪਰੰਪਰਾ ਦਾ ਇਕ ਹਿੱਸਾ ਹੈ, ਪਰ ਨਿਰਾ ਇੰਜ ਕਰਨ ਨਾਲ ਗੁਰੂ ਗ੍ਰੰਥ ਸਾਹਿਬ ਜੀ ਦਾ ਪੂਰਾ ਸਤਿਕਾਰ ਨਹੀਂ ਹੈ। ਕਈ ਥਾਵਾਂ 'ਤੇ 51-51 ਪਾਠ ਜਾਂ ਇਕੋਤਰ ਸੌ ਪਾਠਾਂ ਦੀਆਂ ਲੜੀਆਂ ਦੇ ਪਾਠ ਦੇਖਣ ਨੂੰ ਮਿਲਦੇ ਹਨ, ਜਦੋਂ ਇਨ੍ਹਾਂ ਪਾਠਾਂ ਨੂੰ ਕੋਈ ਸੁਣਦਾ ਹੀ ਨਹੀਂ ਤਾਂ ਅਸੀਂ ਅਜਿਹੇ ਕਰਮ ਕਰਨ ਨਾਲ ਬਾਣੀ ਦਾ ਨਿਰਾਦਰ ਹੀ ਸਮਝਾਂਗੇ। ਇਸ ਉਪਰੰਤ ਗੁਰੂ ਗ੍ਰੰਥ ਸਾਹਿਬ ਉਪਰ ਬੇਅੰਤ ਰੁਮਾਲੇ ਚਾੜ੍ਹਨੇ ਜਾਂ ਧੂਫਾਂ ਲਗਾ ਲਗਾ ਕੇ ਹਵਾ ਨੂੰ ਪ੍ਰਦੂਸ਼ਿਤ ਕਰਨਾ ਠੀਕ ਨਹੀਂ। ਧੂਫਾਂ ਤੋਂ ਇਲਾਵਾ ਕਈ

ਥਾਵਾਂ 'ਤੇ ਤਰਲ ਸੁਗੰਧੀਆਂ ਛਿੜਕ ਦਿੱਤੀਆਂ ਜਾਂਦੀਆਂ ਹਨ ਅਤੇ ਹੁਣ ਇਹ ਗੱਲ ਜੱਗ-ਜ਼ਾਹਰ ਹੋ ਚੁੱਕੀ ਹੈ ਕਿ ਇਨ੍ਹਾਂ ਤਰਲ ਸੁਗੰਧੀਆਂ ਵਿਚ ਸ਼ਰਾਬ ਦਾ ਅੰਸ਼ ਕਾਫ਼ੀ ਮਾਤਰਾ ਵਿਚ ਪਾਇਆ ਹੁੰਦਾ ਹੈ। ਦੂਸਰਾ, ਇਹ ਤਰਲ ਸੁਗੰਧੀਆਂ ਕਿਸੇ ਮਨੁੱਖ ਲਈ ਘਾਤਕ ਸਿੱਧ ਹੋ ਸਕਦੀ ਹੈ, ਕਿਸੇ ਦਾ ਸਾਹ ਵੀ ਰੁਕ ਸਕਦਾ ਹੈ। ਗੁਰਦੁਆਰਾ ਸਾਹਿਬ ਦੇ ਦਰਬਾਰ ਦੀ ਸਫ਼ਾਈ ਰੱਖਣੀ ਜਾਂ ਢੁੱਕਵੀਂ ਸਜਾਵਟ ਤਾਂ ਠੀਕ ਹੈ, ਪਰ ਲੋੜ ਤੋਂ ਵੱਧ ਨਕਲੀ ਫੁੱਲ ਸਜਾਉਣ 'ਤੇ ਜ਼ੋਰ ਦੇਣ ਨਾਲੋਂ ਗੁਰਬਾਣੀ ਸਿੱਧਾਂਤ ਦਾ ਪ੍ਰਚਾਰ ਕੀਤਾ ਜਾਵੇ ਤਾਂ ਕੌਮ ਦਾ ਭਲਾ ਹੋ ਸਕਦਾ ਹੈ।

ਅਜੋਕੇ ਸਮੇਂ ਨਵੇਂ ਨਵੇਂ ਭਰਮ ਤੇ ਵਹਿਮ ਪੈਦਾ ਕਰਨ ਨਾਲ ਕੌਮ ਦਾ ਕੁਝ ਨਹੀਂ ਸੰਵਰਨਾ। ਅਸਲ ਵਿਚ ਸਾਨੂੰ ਭੁਲੇਖਾ ਹੋਣ ਕਾਰਨ ਗ਼ਲਤੀ ਲੱਗ ਗਈ ਹੈ, ਜਿਸ ਕਰਕੇ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਨੂੰ 'ਗੁਰੂ ਦੀ ਦੇਹ' ਸਮਝਣ ਲੱਗ ਪਏ ਹਾਂ। ਕਈ ਵਾਰ ਸੁਣਦੇ ਹਾਂ ਕਿ ਡੇਰਿਆਂ ਅੰਦਰ ਅਗਿਆਨਤਾ ਕਾਰਨ, ਜਿਥੇ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਰੱਖੇ ਹੁੰਦੇ ਹਨ, ਉਥੇ ਦਾਤਣ ਤੇ ਪਾਣੀ ਵੀ ਰੱਖ ਦਿੰਦੇ ਹਨ। ਇਸ ਉਪਰੰਤ ਖਾਣਾ ਪਰੋਸ ਕੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਭੋਗ ਲਗਾਉਂਦੇ ਹਨ। ਜਦੋਂ ਹਿੰਦੂ ਵੀਰ ਆਖਦੇ ਹਨ ਕਿ ਸਿੱਖ ਵੀ ਉਨ੍ਹਾਂ ਵਾਂਗੂੰ ਪੂਜਾ ਕਰਦੇ ਹਨ ਤਾਂ ਸਾਨੂੰ ਦੁੱਖ ਲੱਗਦਾ ਹੈ। ਇਕ ਵੀਰ ਨੇ ਇਥੋਂ ਤਕ ਲਿਖ ਦਿੱਤਾ ਹੈ ਕਿ ਜਿਵੇਂ ਹਿੰਦੂ ਲੋਕ ਮੰਦਰਾਂ ਵਿਚ ਬੁੱਤਾਂ ਦੀ ਪੂਜਾ ਕਰਦੇ ਹਨ, ਉਸੇ ਤਰ੍ਹਾਂ ਹੀ ਸਿੱਖ ਵੀ ਗੁਰਦੁਆਰਿਆਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੂਜਾ ਕਰਦੇ ਹਨ। ਹਾਲਾਂਕਿ ਸਾਨੂੰ ਗੁਰਬਾਣੀ ਸਪੱਸ਼ਟ ਕਰਦੀ ਹੈ ਕਿ ਜਿਵੇਂ ਬਹੁਤ ਲੋਕ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮੱਥਾ ਟੇਕਦੇ ਹਨ ਅਤੇ ਇਸ ਨਾਲ ਸੰਤੁਸ਼ਟ ਹੋ ਜਾਂਦੇ ਹਨ ਕਿ ਇਸ ਨਾਲ ਧਾਰਮਿਕ ਕਿਰਿਆ ਪੂਰੀ ਹੋ ਜਾਂਦੀ ਹੈ, ਪਰ ਗੁਰਮਤਿ ਇਸ ਨਾਲ ਸਹਿਮਤ ਨਹੀਂ:

ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ॥
ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ॥

(ਵਾਰ ਵਡਹੰਸ, ਮ: ੩, ਪੰਨਾ 594)

ਪੂਜਾ ਕੀਚੈ ਨਾਮੁ ਧਿਆਈਐ ਬਿਨੁ ਨਾਵੈ ਪੂਜ ਨ ਹੋਇ॥੧॥ਰਹਾਉ॥

(ਗੂਜਰੀ ਮ: ੧, ਪੰਨਾ 489)

ਸਾਨੂੰ ਸੁਚੇਤ ਹੋਣਾ ਪਏਗਾ, ਨਹੀਂ ਤਾਂ ਅਸੀਂ ਗੁਰਮਤਿ ਦੇ ਅਸਲ ਮਾਰਗ ਤੋਂ ਉਖੜ ਕੇ ਡੇਰਾਵਾਦ ਜਾਂ ਮੁੜ ਬੁੱਤ-ਪ੍ਰਸਤੀ ਵੱਲ ਲੱਗ ਜਾਵਾਂਗੇ। ਗੁਰਬਾਣੀ ਨੂੰ ਪੜ੍ਹਾਂਗੇ ਤਾਂ ਸਮਝ ਆਵੇਗੀ ਕਿ ਅਕਾਲ ਦੀ ਪੂਜਾ ਕਿਵੇਂ ਕਰਨੀ ਹੈ। ਸਾਨੂੰ ਕਿਸੇ ਡੇਰੇਦਾਰ ਜਾਂ ਸਾਧਾਂ ਦੇ ਮਗਰ ਲੱਗਣ ਦੀ ਲੋੜ ਨਹੀਂ। ਜਿਤਨਾ ਵੀ ਅਸੀਂ ਅਜੋਕੇ ਸਮੇਂ ਕਰਮ-ਕਾਂਡ ਦੇਖ ਰਹੇ ਹਾਂ, ਇਹ ਸਭ ਡੇਰੇਦਾਰਾਂ ਵੱਲੋਂ ਫੈਲਾਇਆ ਜਾ ਰਿਹਾ ਹੈ। ਉਹੀ ਲੋਕਾਈ ਨੂੰ ਬੁੱਤ-ਪੂਜਾ ਕਰਨ ਲਈ ਪ੍ਰੇਰ ਰਹੇ ਹਨ। ਸਾਨੂੰ ਗੁਰਬਾਣੀ ਨੂੰ ਸਮਝ ਕੇ ਪੜ੍ਹਨਾ ਚਾਹੀਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼ਾਂ ਨੂੰ ਜੀਵਨ 'ਤੇ ਘਟਾਉਣਾ ਹੀ, ਗੁਰੂ ਗ੍ਰੰਥ ਸਾਹਿਬ ਜੀ ਦਾ ਸਹੀ ਸਤਿਕਾਰ ਹੈ।

ਕਵਨੁ ਨਰਕੁ ਕਿਆ ਸੁਰਗੁ ਬਿਚਾਰਾ

ਭਾਈ ਕਾਨ੍ਹ ਸਿੰਘ ਜੀ ਨਾਭਾ *ਮਹਾਨ ਕੋਸ਼* ਅੰਦਰ ਨਰਕ ਬਾਰੇ ਲਿਖਦੇ ਹਨ ਕਿ ਪੁਰਾਣਾਂ ਅਨੁਸਾਰ ਉਹ ਦੇਸ਼ ਜਿਥੇ ਪਾਪੀ ਜੀਵ ਬੁਰੇ ਕਰਮਾਂ ਦਾ ਫਲ ਭੋਗਣ ਲਈ ਜਾਂਦੇ ਹਨ।[1] ਇਸ ਦੇ ਉਲਟ ਸੁਰਗ ਜਾਂ ਸਵਰਗ ਬਾਰੇ ਏਨਾ ਹੀ ਆਖਦੇ ਹਨ ਕਿ ਆਨੰਦ ਜਾਂ ਸੁੱਖ, ਦੇਵ ਲੋਕ ਜਾਂ ਇੰਦਰ ਲੋਕ।[2] *ਗੁਰੂ ਗ੍ਰੰਥ ਵਿਸ਼ਵਕੋਸ਼* ਅਨੁਸਾਰ ਨਰਕ ਉਹ ਥਾਂ ਹੈ, ਜਿਥੇ ਪਾਪੀ ਲੋਕ ਕਰਮ ਫਲ ਭੋਗਣ ਲਈ ਰੱਖੇ ਜਾਂਦੇ ਹਨ। ਵਿਸ਼ੇਸ਼ ਕਰਕੇ ਹਿੰਦੂ ਧਰਮ ਵਿਚ ਮਨੁੱਖ ਨੂੰ ਨਰਕ ਬਾਰੇ ਬਹੁਤ ਸੁਚੇਤ ਕੀਤਾ ਗਿਆ ਹੈ। *ਮਨੂ ਸਿੰਮ੍ਰਿਤੀ* ਵਿਚ 21 ਪ੍ਰਕਾਰ ਦੇ ਨਰਕ ਦੱਸੇ ਗਏ ਹਨ।[3] ਹਿੰਦੂ ਧਰਮ ਅਨੁਸਾਰ ਸਵਰਗ ਉਹ ਅਸਥਾਨ ਹੈ ਕਿ ਜਿਨ੍ਹਾਂ ਲੋਕਾਂ ਨੂੰ ਪੂਰਨ ਗਿਆਨ ਪ੍ਰਾਪਤ ਹੋ ਜਾਂਦਾ ਹੈ, ਉਹ ਬ੍ਰਹਮ ਲੋਕ ਵਿਚ ਜਾਂਦੇ ਹਨ, ਭਾਵ ਸਵਰਗ ਵਿਚ। ਹਿੰਦੂ ਧਰਮ ਦੇ ਗ੍ਰੰਥਾਂ ਅੰਦਰ ਸਵਰਗ ਕਿਹੜੀ ਜਗ੍ਹਾ ਹੈ, ਬਾਰੇ ਇਕ ਰਾਇ ਨਹੀਂ ਹੈ।[4]

ਨਰਕ ਤੇ ਸਵਰਗ ਲਈ ਹੋਰ ਸ਼ਬਦ ਵੀ ਪ੍ਰਯੋਗ ਕੀਤੇ ਜਾਂਦੇ ਹਨ, ਜਿਵੇਂ ਇਸਲਾਮੀ ਸ਼ਬਦ ਦੋਜ਼ਖ਼ (ਨਰਕ), ਬਹਿਸ਼ਤ ਅਤੇ ਸਵਰਗ ਲਈ ਬੈਕੁੰਠ ਆਦਿ। ਹਿੰਦੂ ਧਰਮ ਤੋਂ ਬਿਨਾਂ ਈਸਾਈ ਤੇ ਇਸਲਾਮ ਧਰਮ ਅੰਦਰ ਵੀ ਨਰਕ ਤੇ ਸਵਰਗ ਦੀਆਂ ਥਾਵਾਂ ਨੂੰ ਪ੍ਰਵਾਨ ਕੀਤਾ ਜਾਂਦਾ ਹੈ, ਪਰ ਹੁਣ ਨਵਾਂ ਗੁੰਝਲਦਾਰ ਸਵਾਲ ਪੈਦਾ ਹੁੰਦਾ ਹੈ ਕਿ ਕੀ ਵੱਖ-ਵੱਖ ਧਰਮਾਂ ਦੇ ਨਰਕ ਸੁਰਗ ਇੱਕੋ ਥਾਂ ਹਨ ਜਾਂ ਵੱਖ-ਵੱਖ ਥਾਵਾਂ 'ਤੇ। ਅਸਲ ਵਿਚ ਇਨ੍ਹਾਂ ਵਿਸ਼ਵਾਸਾਂ ਦੀ ਸੱਚਾਈ ਨੂੰ ਜਾਣਨ ਲਈ ਕੋਈ ਠੋਸ ਤੇ ਵਿਗਿਆਨਕ ਖੋਜ-ਵਿਧੀ ਨਹੀਂ ਅਪਨਾਈ ਜਾ ਸਕਦੀ। ਅਨੇਕਾਂ ਧਰਮ ਗ੍ਰੰਥਾਂ ਵੱਲੋਂ ਦਿੱਤੇ ਵੱਖ-ਵੱਖ ਖ਼ਿਆਲਾਂ ਨੂੰ ਵਿਸ਼ਵਾਸ ਦੇ ਆਧਾਰ 'ਤੇ ਪ੍ਰਵਾਨ ਕਰ ਲਿਆ ਜਾਂਦਾ ਹੈ।

ਸੰਸਾਰ ਦੇ ਵੱਖ-ਵੱਖ ਸਭਿਆਚਾਰਾਂ ਜਾਂ ਧਰਮ ਅੰਦਰ ਮਰਨ ਉਪਰੰਤ ਦੇਹ ਨਾਲ ਸੰਬੰਧਿਤ ਸੰਸਕਾਰ ਵੱਖ-ਵੱਖ ਪਰੰਪਰਾਵਾਂ ਜਾਂ ਰਵਾਇਤਾਂ ਅਨੁਸਾਰ ਕੀਤੇ ਜਾਂਦੇ ਹਨ। ਹਿੰਦੂ ਤੇ ਸਿੱਖ ਧਰਮ ਦੇ ਪੈਰੋਕਾਰ ਮ੍ਰਿਤਕ ਦੇਹ ਨੂੰ ਸਾੜਦੇ ਹਨ। ਦੂਜੇ ਪਾਸੇ ਜ਼ਿਆਦਾ ਧਰਮਾਂ ਵਾਲੇ, ਜਿਨ੍ਹਾਂ ਵਿਚ ਈਸਾਈ, ਮੁਸਲਮਾਨ ਤੇ ਯਹੂਦੀ ਮ੍ਰਿਤਕ ਦੇਹ ਨੂੰ

---

1. *ਮਹਾਨ ਕੋਸ਼*, ਪੰਨਾ 683.
2. *ਉਹੀ*, ਪੰਨਾ 219.
3. *ਗੁਰੂ ਗ੍ਰੰਥ ਵਿਸ਼ਵਕੋਸ਼*, ਸੰਪਾਦਕ ਡਾ. ਰਤਨ ਸਿੰਘ ਜੱਗੀ, ਭਾਗ ਦੂਜਾ, ਪੰਨਾ 140.
4. *ਉਹੀ*, ਭਾਗ ਪਹਿਲਾ, ਪੰਨਾ 172.

ਦਫ਼ਨਾਉਂਦੇ ਹਨ। ਅਜੋਕੇ ਸਮੇਂ ਕਾਫ਼ੀ ਈਸਾਈ ਮ੍ਰਿਤਕ ਦੇਹ ਨੂੰ ਸਾੜਨ ਲੱਗ ਪਏ ਹਨ, ਕਿਉਂਕਿ ਦਫ਼ਨਾਉਣਾ ਕਾਫ਼ੀ ਮਹਿੰਗਾ ਹੁੰਦਾ ਹੈ। ਪਾਰਸੀ ਲੋਕ ਮ੍ਰਿਤਕ ਦੇਹ ਨੂੰ ਇਕ ਖੂਹ 'ਚ ਲਟਕਾ ਦਿੰਦੇ ਹਨ ਤਾਂ ਜੋ ਜਾਨਵਰ ਖਾ ਲੈਣ। ਕੁਝ ਲੋਕ ਮ੍ਰਿਤਕ ਦੇਹਾਂ ਨੂੰ ਜਲ-ਪ੍ਰਵਾਹ ਕਰ ਦਿੰਦੇ ਹਨ, ਉਹ ਸਮਝਦੇ ਹਨ ਕਿ ਉਨ੍ਹਾਂ ਦਾ ਸਰੀਰ ਮੱਛੀਆਂ ਆਦਿ ਲਈ ਖ਼ੁਰਾਕ ਬਣ ਜਾਵੇ। ਇਨ੍ਹਾਂ ਵੱਖ-ਵੱਖ ਸੰਸਕਾਰਾਂ ਨੂੰ ਦੇਖ ਕੇ ਗੁਰੂ ਨਾਨਕ ਸਾਹਿਬ ਆਖਦੇ ਹਨ :

ਇਕ ਦਝਹਿ ਇਕ ਦਬੀਅਹਿ ਇਕਨਾ ਕੁਤੇ ਖਾਹਿ ॥
ਇਕਿ ਪਾਣੀ ਵਿਚਿ ਉਸਟੀਅਹਿ ਇਕਿ ਭੀ ਫਿਰਿ ਹਸਣਿ ਪਾਹਿ ॥
ਨਾਨਕ ਏਵ ਨ ਜਾਪਈ ਕਿਥੈ ਜਾਇ ਸਮਾਹਿ ॥੨॥ *(ਵਾਰ ਸੋਰਠਿ, ਮ: ੧, ਪੰਨਾ 648)*

ਮਰਨ ਉਪਰੰਤ ਕਿਸੇ ਦੀ ਦੇਹ ਸਾੜੀ ਜਾਂਦੀ ਹੈ, ਕਈ ਦੱਬ ਦਿੰਦੇ ਹਨ, ਕਈਆਂ ਦੀਆਂ ਦੇਹਾਂ ਨੂੰ ਕੁੱਤੇ ਖਾਂਦੇ ਹਨ, ਕਈ ਜਲ-ਪ੍ਰਵਾਹ ਕੀਤੇ ਜਾਂਦੇ ਹਨ, ਕਈ ਮ੍ਰਿਤਕ ਦੇਹ ਨੂੰ ਸੁੱਕੇ ਖੂਹ ਵਿਚ ਰੱਖਦੇ ਹਨ, ਪਰ ਹੇ ਨਾਨਕ, ਇਨ੍ਹਾਂ ਵੱਖ-ਵੱਖ ਸੰਸਕਾਰਾਂ ਨੂੰ ਕਰਨ ਨਾਲ ਨਹੀਂ ਪਤਾ ਲੱਗਦਾ ਕਿ ਰੂਹਾਂ ਕਿਥੇ ਜਾ ਵੱਸਦੀਆਂ ਹਨ ?

ਹੁਣ ਇਕ ਹੋਰ ਗੁੰਝਲ ਹੈ ਕਿ ਜੇਕਰ ਆਵਾਗਵਨ ਹੁੰਦਾ ਹੈ ਤਾਂ ਮਰਨ ਉਪਰੰਤ ਪ੍ਰਾਣੀ ਦੀ ਰੂਹ ਕਿਹੋ ਜਿਹਾ ਰੂਪ ਵਟਾ ਲੈਂਦੀ ਹੈ ਜਾਂ ਉਨ੍ਹਾਂ ਦੀ ਪਹਿਚਾਣ ਲਈ ਕੋਈ ਨਵਾਂ ਰੂਪ ਬਣ ਜਾਂਦਾ ਹੈ। ਦੂਸਰਾ, ਰੂਹ ਜਾਂ ਆਤਮਾ ਬਾਰੇ ਵੀ ਵੱਖ-ਵੱਖ ਵਿਚਾਰ ਮਿਲਦੇ ਹਨ। ਕੁਝ ਧਰਮਾਂ ਦਾ ਵਿਸ਼ਵਾਸ ਹੈ ਕਿ ਆਤਮਾ ਸਦੀਵੀ ਹੈ ਅਤੇ ਮਰਦੀ ਨਹੀਂ। ਕਈ ਧਰਮਾਂ ਦੇ ਵਿਚਾਰ ਸਪੱਸ਼ਟ ਨਹੀਂ ਹਨ। ਬੁੱਧ ਧਰਮ ਵਾਲੇ ਆਤਮਾ ਦੀ ਹੋਂਦ ਨੂੰ ਮੰਨਦੇ ਹੀ ਨਹੀਂ। ਜੇ ਮੰਨ ਲਈਏ ਕਿ ਜਿਨ੍ਹਾਂ ਮਨੁੱਖਾਂ ਨੂੰ ਨਰਕ ਵਿਚ ਜਾਣਾ ਪੈਂਦਾ ਹੈ, ਤਾਂ ਉਨ੍ਹਾਂ ਨੂੰ ਸਜ਼ਾਵਾਂ ਕਿਵੇਂ ਦਿੱਤੀਆਂ ਜਾਂਦੀਆਂ ਹਨ ? ਜੇ ਮਰਨ ਉਪਰੰਤ ਨਰਕ ਵਿਚ ਰੂਹ ਜਾਂ ਆਤਮਾ ਹੀ ਜਾਂਦੀ ਹੈ ਤਾਂ ਉਨ੍ਹਾਂ ਦਾ ਉਥੇ ਕਿਹੋ ਜਿਹਾ ਸਰੂਪ ਬਣਦਾ ਹੈ ? ਉਨ੍ਹਾਂ ਨੂੰ ਜਮਦੂਤ ਕਿਵੇਂ ਤਸੀਹੇ ਦਿੰਦੇ ਹਨ ? ਅਸਲ ਤੱਤ ਇਹੀ ਹੈ ਕਿ ਕੋਈ ਦਾਅਵੇ ਨਾਲ ਨਹੀਂ ਦੱਸ ਸਕਦਾ ਕਿ ਪ੍ਰਾਣੀ ਮਰਨ ਉਪਰੰਤ ਨਰਕ/ਸੁਰਗ ਵਿਚ ਕਿਵੇਂ ਜਾਂਦੇ ਹਨ ਅਤੇ ਉਨ੍ਹਾਂ ਦੇ ਸਰੀਰ ਕਿਹੋ ਜਿਹਾ ਰੂਪ ਵਟਾਉਂਦੇ ਹਨ ?

ਸਿੱਖ ਧਰਮ ਅੰਦਰ ਨਰਕ ਜਾਂ ਸੁਰਗ ਦੀ ਹੋਂਦ ਨੂੰ ਸਵੀਕਾਰ ਨਹੀਂ ਕੀਤਾ ਜਾਂਦਾ, ਪਰ ਫਿਰ ਵੀ ਸਨਾਤਨੀ ਪ੍ਰਭਾਵ ਕਾਰਨ ਨਰਕ ਸੁਰਗ ਬਾਰੇ ਬਹੁਤ ਲੋਕਾਂ ਦਾ ਖ਼ਿਆਲ ਹੈ ਕਿ ਇਨ੍ਹਾਂ ਦੀ ਹੋਂਦ ਹੈ। ਗੁਰਮਤਿ ਅੰਦਰ ਮਰਨ ਉਪਰੰਤ ਮੁਕਤੀ ਦੇ ਸਿਧਾਂਤ ਨੂੰ ਰੱਦ ਕੀਤਾ ਗਿਆ ਹੈ ਅਤੇ ਨਾ ਹੀ ਨਰਕ/ਸੁਰਗ ਦੀਆਂ ਕਲਪਤ ਥਾਵਾਂ ਨੂੰ ਮੰਨਿਆ ਹੈ। ਬਸ, ਹਰ ਮਨੁੱਖ ਨੂੰ ਦ੍ਰਿੜ੍ਹ ਕਰਾਇਆ ਜਾਂਦਾ ਹੈ ਕਿ ਮਨੁੱਖਾ ਜਨਮ ਅਮੋਲ ਹੈ ਅਤੇ ਜੀਵਨ ਅੰਦਰ ਚੰਗੇ ਕਰਮ ਕਰਨੇ, ਮਨੁੱਖਤਾ ਦੀ ਸੇਵਾ ਕਰਨੀ ਅਤੇ ਮਨੁੱਖੀ ਅਧਿਕਾਰਾਂ ਦੀ ਖ਼ਾਤਰ ਜੂਝਣਾ ਹੀ ਜੀਵਨ ਮਨੋਰਥ ਹੈ। ਡਾ. ਗੁਰਬਖ਼ਸ਼ ਸਿੰਘ ਜੀ ਆਪਣੀ ਪੁਸਤਕ *The Sikh Faith : Questions and Answers* ਵਿਚ ਲਿਖਦੇ ਹਨ ਕਿ ਸਿੱਖ ਧਰਮ ਵਿਚ ਨਰਕ ਤੇ ਸੁਰਗ ਦੀਆਂ ਕਲਪਤ ਥਾਵਾਂ ਦੀ ਹੋਂਦ ਨੂੰ

ਪ੍ਰਵਾਨ ਨਹੀਂ ਕੀਤਾ ਜਾਂਦਾ। ਗੁਰਮਤਿ ਵਿਚ ਪਰਮਾਤਮਾ ਨਾਲ ਲਿਵ ਲਾਉਣੀ ਸੁਰਗ ਹੈ ਅਤੇ ਪਰਮਾਤਮਾ ਦੇ ਨਾਂਵ ਤੋਂ ਵਿਸਰਨਾ ਨਰਕ ਹੈ।[5] ਡਾ. ਦਲੀਪ ਸਿੰਘ 'ਦੀਪ' ਆਖਦੇ ਹਨ ਕਿ "ਗੁਰਬਾਣੀ ਵਿਚ ਅਨੇਕਾਂ ਥਾਵਾਂ 'ਤੇ ਸੁਰਗ ਨਰਕ ਸ਼ਬਦ ਵਰਤੇ ਗਏ ਹਨ, ਪਰ ਕਿਧਰੇ ਇਹ ਨਹੀਂ ਕਿਹਾ ਕਿ ਪਾਪ ਪੁੰਨ ਦੇ ਫਲ ਭੋਗ ਕੇ ਪ੍ਰਾਣੀ ਉਥੋਂ ਮਾਤ-ਲੋਕ ਵਿਚ ਜਾਂ ਫਿਰ ਜਨਮ ਗੇੜ ਵਿਚ ਪੈਂਦੇ ਹਨ। ਜੇ ਨਰਕ ਸੁਰਗ ਵਿਚ ਕਰਮਾਂ ਦਾ ਫਲ ਭੋਗ ਲਿਆ ਜਾਂਦਾ ਹੈ ਤਾਂ ਫੇਰ ਆਵਾਗਵਨ ਦਾ ਵਿਚਾਰ ਨਿਰਮੂਲ ਜਾਪਦਾ ਹੈ। ਅਸਲ ਵਿਚ ਨਰਕ ਸੁਰਗ ਬਾਰੇ ਵੱਖਰੇ ਸਥਾਨ ਨਹੀਂ ਹਨ। ਨਰਕ ਸੁਰਗ ਜੇ ਕੋਈ ਹਨ ਤਾਂ ਉਹ ਨਰਕ ਸੁਰਗ ਧਰਤੀ ਉੱਤੇ ਹੀ ਹਨ।"[6]

ਡਾ. ਸ਼ੇਰ ਸਿੰਘ ਜੀ ਲਿਖਦੇ ਹਨ, "ਭਿਸ਼ਤ-ਦੋਜ਼ਖ਼, ਨਰਕ-ਸੁਰਗ, ਜਿਥੇ ਜਾ ਕੇ ਜੀਵ ਆਪਣੇ ਕਰਮਾਂ ਦਾ ਫਲ ਭੋਗਣਗੇ ਅਰਥਾਤ ਸੁਰਗਾਂ ਵਿਚ ਅਨੰਦ ਲੈਣਗੇ ਤੇ ਨਰਕਾਂ ਵਿਚ ਕੋਹਲੂ ਪੀੜੇ ਜਾਣਗੇ। ਅਜਿਹੀਆਂ ਮੌਜਾਂ ਜਾਂ ਦੁੱਖਾਂ ਦੀਆਂ ਥਾਵਾਂ ਗੁਰਮਤਿ ਅਨੁਸਾਰ ਕੋਈ ਨਹੀਂ ਹਨ। ਗੁਰਬਾਣੀ ਵਿਚ ਜਿਥੇ ਕਿਧਰੇ ਭੀ ਆਵਾਗਵਨ ਦਾ ਜ਼ਿਕਰ ਆਇਆ ਹੈ, ਉਥੇ ਨਰਕ ਸੁਰਗ ਦਾ ਕਦੀ ਨਹੀਂ ਆਇਆ।"[7] ਨਰਕ ਸੁਰਗ ਦੇ ਖ਼ਿਆਲ ਗੁਰਬਾਣੀ ਵਿਚ ਕਈ ਥਾਈਂ ਆਏ ਹਨ, ਪਰ ਉਹ ਜਾਂ ਤਾਂ ਦੂਜੇ ਮਤਾਂ ਦੇ ਨਿਸਚਿਆਂ ਵੱਲ ਇਸ਼ਾਰੇ ਹਨ ਤੇ ਜਾਂ ਗੁਰੂ ਸਾਹਿਬ ਅਨਮਤਾਂ ਵਾਲਿਆਂ ਨੂੰ ਸੰਬੋਧਨ ਕਰਦੇ ਸਨ ਤਾਂ ਉਨ੍ਹਾਂ ਨੂੰ ਉਨ੍ਹਾਂ ਦੇ ਵਿਸ਼ਵਾਸ ਅਨੁਸਾਰ ਹੀ ਸਿੱਖਿਆ ਦਿੰਦੇ ਸਨ। ਕਿਸੇ ਕਿਸੇ ਥਾਂ ਗੁਰੂ ਸਾਹਿਬ ਨੇ ਅਲੰਕਾਰ ਦੇ ਤੌਰ 'ਤੇ ਵੀ ਨਰਕ ਸੁਰਗ ਦੇ ਸ਼ਬਦ ਵਰਤੇ ਹਨ।[8]

ਬੈਕੁੰਠ ਨਗਰੁ ਜਹਾ ਸੰਤ ਵਾਸਾ ॥
ਪ੍ਰਭ ਚਰਣ ਕਮਲ ਰਿਦ ਮਾਹਿ ਨਿਵਾਸਾ ॥੧॥ *(ਸੂਹੀ ਮਹਲਾ ੫, ਪੰਨਾ 742)*

ਤਹਾ ਬੈਕੁੰਠੁ ਜਹ ਕੀਰਤਨੁ ਤੇਰਾ ਤੂੰ ਆਪੇ ਸਰਧਾ ਲਾਇਹਿ ॥੨॥
(ਸੂਹੀ ਮਹਲਾ ੫, ਪੰਨਾ 749)

ਨਰਕਿ ਪਰਹਿ ਤੇ ਮਾਨਈ ਜੋ ਹਰਿ ਨਾਮ ਉਦਾਸ ॥੯੫॥
(ਸਲੋਕ ਕਬੀਰ ਜੀ, ਪੰਨਾ 1369)

ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਭਗਤ ਕਬੀਰ ਜੀ ਦੀ ਬਾਣੀ ਹੈ, ਜਿਸ ਵਿਚ ਉਨ੍ਹਾਂ ਨੇ ਨਰਕ ਸੁਰਗ ਬਾਰੇ ਵਿਚਾਰ ਸਪੱਸ਼ਟ ਕੀਤੇ ਹਨ :

ਕਵਨੁ ਨਰਕੁ ਕਿਆ ਸੁਰਗੁ ਬਿਚਾਰਾ ਸੰਤਨ ਦੋਊ ਰਾਦੇ ॥
ਹਮ ਕਾਹੂ ਕੀ ਕਾਣਿ ਨ ਕਢਤੇ ਅਪਨੇ ਗੁਰ ਪਰਸਾਦੇ ॥੫॥
(ਰਾਮਕਲੀ ਕਬੀਰ ਜੀ, ਪੰਨਾ 969)

---

5. Dr. Gurbakhsh Singh, *The Sikh Faith : Questions & Answers*, p. 67.
6. ਦਲੀਪ ਸਿੰਘ ਦੀਪ, *ਗੁਰੂ ਨਾਨਕ ਦੀ ਕਵਿਤਾ ਵਿਚ ਮ੍ਰਿਤੂ ਅਤੇ ਆਵਾਗਵਨ ਦਾ ਸੰਕਲਪ* ਕਲਿਤਾਰਕ/ਸੰਪਾਦਕ ਪ੍ਰੀਤਮ ਸਿੰਘ, ਪੰਨਾ 226.
7. ਡਾ. ਸ਼ੇਰ ਸਿੰਘ, *ਗੁਰਮਤਿ ਦਰਸ਼ਨ*, ਪੰਨਾ 382.
8. *ਉਹੀ*, ਪੰਨਾ 383.

ਸੰਤ ਲੋਕਾਂ ਨੇ ਨਰਕ ਤੇ ਸੁਰਗ ਦੀਆਂ ਕਲਪਤ ਥਾਵਾਂ ਨੂੰ ਰੱਦ ਕਰ ਦਿੱਤਾ ਹੈ ਅਤੇ ਜਿਨ੍ਹਾਂ ਉੱਤੇ ਗੁਰੂ ਦੀ ਮਿਹਰ ਹੁੰਦੀ ਹੈ, ਉਹ ਅਜਿਹੇ ਨਰਕ ਸੁਰਗ ਦੀ ਪ੍ਰਵਾਹ ਨਹੀਂ ਕਰਦੇ। ਸ਼ਾਇਦ ਕਈ ਵੀਰਾਂ ਦੇ ਮਨਾਂ 'ਚ ਸ਼ੰਕਾ ਹੋਵੇਗੀ ਕਿ ਇਹ ਵਿਚਾਰ ਭਗਤ ਜੀ ਵੱਲੋਂ ਦਿੱਤੇ ਹੋਏ ਹਨ, ਨਾ ਕਿ ਗੁਰੂ ਸਾਹਿਬ ਦੇ। ਜੇਕਰ ਗੁਰੂ ਸਾਹਿਬਾਨ ਨਰਕ-ਸੁਰਗ ਦੀ ਸਨਾਤਨੀ ਸੋਚ ਨੂੰ ਮੰਨਦੇ ਹੁੰਦੇ, ਤਾਂ ਕਦੀ ਵੀ ਭਗਤ ਕਬੀਰ ਜੀ ਦੇ ਨਰਕ-ਸੁਰਗ ਨੂੰ ਖੰਡਨ ਵਾਲੇ ਵਿਚਾਰ ਸ਼ਾਮਲ ਨਾ ਕਰਦੇ।

ਸਰਦੂਲ ਸਿੰਘ ਕਵੀਸ਼ਰ ਅਨੁਸਾਰ "ਸਿੱਖੀ ਵਿਚ ਮੋਖਸ਼ ਜਾਂ ਮੁਕਤੀ ਇਕ ਦਸ਼ਾ, ਮਾਨਸਿਕ ਤੇ ਅਧਿਆਤਮਿਕ ਬਿਰਤੀ ਦਾ ਨਾਂ ਹੈ, ਕਿਸੇ ਥਾਂ ਦਾ ਨਾਮ ਨਹੀਂ ਜਿਵੇਂ ਯਹੂਦੀਆਂ, ਮੁਸਲਮਾਨਾਂ ਤੇ ਈਸਾਈਆਂ ਦਾ ਬਹਿਸ਼ਤ ਜਾਂ ਅਕਸਰ ਹਿੰਦੂਆਂ ਜਾਂ ਜੈਨੀਆਂ ਦਾ ਸਵਰਗ। ਸਚਖੰਡ ਸਾਡੇ ਹਿਰਦੇ ਅੰਦਰ ਹੈ, ਆਤਮਾ ਉਸ ਦਾ ਅਨੰਦ ਅੰਤਰ-ਆਤਮੇ ਮਾਣ ਸਕਦੀ ਹੈ, ਸਾਨੂੰ ਕਿਤੇ ਬਾਹਰ ਜਾਣ ਦੀ ਲੋੜ ਨਹੀਂ।"[9] ਭਾਵੇਂ ਹਿੰਦੂ ਧਰਮ ਗ੍ਰੰਥਾਂ ਵਿਚ ਨਰਕ ਸੁਰਗ ਨੂੰ ਸਵੀਕਾਰ ਕੀਤਾ ਹੋਇਆ ਹੈ, ਜਿਵੇਂ ਮੰਨੂ ਅਨੁਸਾਰ "ਨਰਕ ਇੱਕੀ ਪ੍ਰਕਾਰ ਦੇ ਹਨ ਅਤੇ ਸਵਰਗ, ਜਿਸ ਦਾ ਕੰਟਰੋਲ ਇੰਦਰ ਦੇਵਤੇ ਪਾਸ ਹੈ। ਇਹ ਮੇਰੂ ਪਹਾੜ 'ਤੇ ਸਥਿਤ ਹੈ।"[10] ਪਰ 1992 ਵਿਚ ਸੰਸਾਰ ਧਰਮਾਂ ਦੇ ਸੰਮੇਲਨ ਵਿਚ ਹਿੰਦੂ ਧਰਮ ਦੀ ਪ੍ਰਤਿਨਿਧਤਾ ਕਰਨ ਵਾਲੀ ਅੰਮਾ ਨੇ ਨਰਕ ਸੁਰਗ ਬਾਰੇ ਬਹੁਤ ਸੁੰਦਰ ਵਿਚਾਰ ਦਿੱਤੇ। ਸ਼ਾਂਤੀ ਅਤੇ ਖ਼ੁਸ਼ੀ ਪੂਰੇ ਤੌਰ 'ਤੇ ਮਨ ਦੀ ਅਵਸਥਾ 'ਤੇ ਨਿਰਭਰ ਕਰਦੀ ਹੈ, ਨਾ ਕਿ ਬਾਹਰੀ ਦ੍ਰਿਸ਼ ਜਾਂ ਹਾਲਤਾਂ ਉੱਤੇ। ਅਸਲ ਖ਼ੁਸ਼ੀ ਸ੍ਵੈ-ਜ਼ਬਤ 'ਤੇ ਨਿਰਭਰ ਹੈ। ਨਰਕ ਅਤੇ ਸੁਰਗ ਦੋਨੋਂ ਹੀ ਮਾਨਸਕ ਸਥਿਤੀ ਪੈਦਾ ਕਰਦੇ ਹਨ। ਜੇਕਰ ਮਨ ਸਥਿਰ ਨਹੀਂ ਤਾਂ ਉੱਚ ਪੱਧਰ ਦਾ ਸੁਰਗ ਵੀ ਨਰਕ ਬਣ ਜਾਂਦਾ ਹੈ। ਜੇ ਮਨੁੱਖ ਮਾਨਸਕ ਤੌਰ 'ਤੇ ਸ਼ਾਂਤ ਹੈ ਤਾਂ ਨਰਕ ਸਮਾਨ ਅਵਸਥਾ ਵੀ ਅਨੰਦਮਈ ਬਣ ਜਾਂਦੀ ਹੈ।[11]

ਕੁਝ ਲੋਕ ਨਰਕ ਸੁਰਗ ਦੀ ਹੋਂਦ ਨੂੰ ਬਤੌਰ ਡਰ ਪੈਦਾ ਕਰਨ ਲਈ ਠੀਕ ਸਮਝਦੇ ਹਨ, ਉਨ੍ਹਾਂ ਦਾ ਖ਼ਿਆਲ ਹੈ ਕਿ ਮਨੁੱਖੀ ਮਨ ਚੰਚਲ ਹੈ ਅਤੇ ਉਹ ਹਮੇਸ਼ਾ ਬੁਰਿਆਈਆਂ ਵੱਲ ਨੂੰ ਝੁਕਾਅ ਰੱਖਦਾ ਹੈ। ਜੇਕਰ ਨਰਕ ਸੁਰਗ ਦਾ ਡਰ ਹੋਵੇ ਤਾਂ ਸੰਭਵ ਹੈ ਕਿ ਲੋਕ ਬੁਰਿਆਈਆਂ ਕਰਨ ਤੋਂ ਪ੍ਰਹੇਜ਼ ਕਰਦੇ ਹਨ। ਇਸ ਵਿਚਾਰ ਨੂੰ ਈਰਾਨ ਦੀ ਸੂਫ਼ੀ ਸੰਤ ਰਾਬੀਆ ਰੱਦ ਕਰਦੀ ਹੈ ਕਿ ਮਨੁੱਖ ਨਰਕ ਤੇ ਸੁਰਗ ਦੇ ਡਰ ਨਾਲ ਚੰਗੇਰਾ ਬਣ ਸਕਦੇ ਹਨ। ਇਕੇਰਾਂ ਰਾਬੀਆ ਅਚਨਚੇਤ ਨਿਮਾਜ਼ ਪੜ੍ਹ ਰਹੇ ਮੁਸਲਮਾਨਾਂ ਦੀ ਮਸਜਦ ਵਿਚ ਚਲੀ ਗਈ। ਇਸ ਦੇ ਇਕ ਹੱਥ ਵਿਚ ਬਲਦੀ ਲੱਕੜ ਦੀ ਅੱਗ ਤੇ ਦੂਜੇ ਹੱਥ ਵਿਚ ਪਾਣੀ ਦੀ ਬਾਲਟੀ ਸੀ। ਸਾਰੇ ਨਿਮਾਜ਼ੀ ਰਾਬੀਆਂ ਨੂੰ ਦੇਖ ਕੇ ਡਰ ਗਏ। ਇਸ ਨੇ ਕਿਹਾ ਕਿ ਸਾਰੇ ਧਿਆਨ ਨਾਲ ਸੁਣੋ। ਤੁਸੀਂ ਖ਼ੁਦਾ ਲਈ ਨਮਾਜ਼ ਪੜ੍ਹਨ, ਖ਼ੁਦਾ

---

9. ਸਰਦੂਲ ਸਿੰਘ ਕਵੀਸ਼ਰ, *ਸਿੱਖ ਧਰਮ ਦਰਸ਼ਨ*, ਪੰਨਾ 330.
10. *ਹਿੰਦੂ ਮਿਥਿਹਾਸ ਕੋਸ਼*, ਪੰਨਾ 109 ਅਤੇ 311.
11. *World Religious Conference*, 1995, Chicago, ill, USA. Amma, who represented Hindu Religion.

ਨਾਲ ਪਿਆਰ ਕਰਨ ਨਹੀਂ ਆਏ, ਸਗੋਂ ਤੁਸੀਂ ਦੋਜ਼ਖ਼ ਤੋਂ ਡਰ ਕੇ ਅਤੇ ਬਹਿਸ਼ਤ ਦੇ ਲਾਲਚ ਵੱਸ ਹੋ ਕੇ, ਨਮਾਜ਼ ਅਦਾ ਕਰਦੇ ਹੋ। ਡਰੋ ਨਾ, ਮੈਂ ਇਹ ਪਾਣੀ ਦੀ ਬਾਲਟੀ ਨਾਲ ਦੋਜ਼ਖ਼ ਦੀ ਅੱਗ ਬੁਝਾ ਦਿਆਂਗੀ ਤੇ ਇਸ ਬਲਦੀ ਅੱਗ ਨਾਲ ਬਹਿਸ਼ਤ (ਸੁਰਗ) ਨੂੰ ਸਾੜ ਕੇ ਸੁਆਹ ਕਰ ਦਿਆਂਗੀ, ਤਾਂ ਜੋ ਭਵਿੱਖ ਵਿਚ ਲਾਲਚ ਜਾਂ ਡਰ ਕਰਕੇ ਕੋਈ ਬੰਦਗੀ ਨਾ ਕਰੇ, ਸਗੋਂ ਰੱਬ ਦੀ ਬੰਦਗੀ ਸੱਚੇ ਪਿਆਰ ਨਾਲ ਕੀਤੀ ਜਾਵੇ।[12]

ਇਸਲਾਮ ਅੰਦਰ ਸਵਰਗ ਦਾ ਦ੍ਰਿਸ਼ ਬਹੁਤ ਸੁੰਦਰ ਹੈ। ਇਹ ਦੱਸਿਆ ਜਾਂਦਾ ਹੈ ਕਿ ਉਥੇ ਸੁੰਦਰ ਬਾਗ਼ ਹਨ, ਸ਼ਹਿਦ ਅਤੇ ਦੁੱਧ ਦੀਆਂ ਨਹਿਰਾਂ ਵਗਦੀਆਂ ਹਨ। ਉਥੇ ਮਨ ਪਸੰਦ ਦੇ ਫਲ ਅਤੇ ਮੀਟ (ਮਾਸ) ਉਪਲਬਧ ਹਨ। ਖਾਣ-ਪੀਣ ਵਾਲੀਆਂ ਚੀਜ਼ਾਂ ਤੋਂ ਇਲਾਵਾ ਉਥੇ ਸੋਹਣੀਆਂ ਪਰੀਆਂ (ਹੂਰਾਂ) ਹਨ, ਜੋ ਮੋਮਨਾਂ ਦੇ ਮਨਪ੍ਰਚਾਵੇ ਲਈ ਹੀ ਹਨ। ਇਸ ਤੋਂ ਬਿਨਾਂ ਅੰਗੂਰਾਂ ਦੀ ਸ਼ਰਾਬ ਖੁੱਲ੍ਹੀ ਮਿਲਦੀ ਹੈ ਅਤੇ ਅਰਾਮ ਕਰਨ ਲਈ ਰੇਸ਼ਮੀ ਗੱਦੀਆਂ ਦੀਆਂ ਸਹੂਲਤਾਂ ਹਨ। ਉਪਰੋਕਤ ਸਵਰਗ ਦੇ ਦ੍ਰਿਸ਼ ਵਾਂਗ ਹੀ ਕਲਪਨਾ ਹਿੰਦੂ ਧਰਮ ਅੰਦਰ ਵੀ ਹੈ। ਅਥਰਵਣ ਵੇਦ ਅਨੁਸਾਰ ਉਥੇ ਘਿਉ, ਦੁੱਧ ਤੇ ਸ਼ਹਿਦ ਦੀਆਂ ਨਦੀਆਂ ਵਗਦੀਆਂ ਹਨ। ਸ਼ਰਾਬ ਦੀ ਨਦੀ ਵੀ ਬਰਾਬਰ ਵਹਿੰਦੀ ਹੈ ਅਤੇ ਮਨ-ਪ੍ਰਚਾਵੇ ਲਈ ਉਥੇ ਸੁੰਦਰ ਇਸਤਰੀਆਂ ਵੀ ਹਨ। ਸਵਰਗ ਵਿਚ ਗੁਣੀ ਬੰਦੇ ਜਾਂਦੇ ਹਨ ਅਤੇ ਉਥੇ ਕੋਈ ਬੀਮਾਰੀ ਵੀ ਨਹੀਂ ਲੱਗਦੀ। ਇਸ ਲਈ ਇਕ ਕਵੀ ਦਾ ਸ਼ਿਅਰ ਹੈ ਕਿ :

ਜੰਨਤ ਕੇ ਲਾਲਚ ਮੇਂ ਜੋ ਖ਼ੁਦਾ ਕਾ ਨਾਮ ਲੇਤੇ ਹੈ,
ਵੋਹ ਇਬਾਦਤ ਨਹੀਂ ਮਹਿਜ ਏਕ ਤਜਾਰਤ ਹੈ।

ਸਵਰਗ ਦੇ ਵਿਪਰੀਤ ਨਰਕ ਜਾਂ ਦੋਜ਼ਖ਼ ਦਾ ਦ੍ਰਿਸ਼ ਬਹੁਤ ਡਰਾਉਣਾ ਹੈ। ਹਿੰਦੂ ਧਰਮ ਗ੍ਰੰਥਾਂ ਵਿਚ ਨਰਕਾਂ ਦੀ ਗਿਣਤੀ ਵਿਚ ਕੋਈ ਸਮਾਨਤਾ ਨਹੀਂ। ਨਰਕਾਂ ਵਿਚ ਕਿਹਾ ਜਾਂਦਾ ਹੈ ਕਿ ਪਾਪੀ ਲੋਕਾਂ ਨੂੰ ਤਸੀਹੇ ਦਿੱਤੇ ਜਾਂਦੇ ਹਨ। ਜਿਵੇਂ ਪਹਿਲਾਂ ਬੀਬੀ ਰਾਬੀਆ ਵੱਲੋਂ ਕਿਹਾ ਗਿਆ ਸੀ ਕਿ ਕਿਸੇ ਨੂੰ ਵੀ ਲਾਲਚ ਜਾਂ ਡਰ ਕਾਰਨ ਰੱਬੀ ਇਬਾਦਤ ਨਹੀਂ ਕਰਨੀ ਚਾਹੀਦੀ। ਉਸ ਤਰ੍ਹਾਂ ਹੀ ਡਾਕਟਰ ਇਕਬਾਲ ਆਖ ਰਹੇ ਹਨ :

ਅਰ ਜੋ ਦੋਜ਼ਖ਼ ਸੇ ਖ਼ੁਦਾ ਕਾ ਨਾਮ ਲੇਤੇ ਹੈਂ,
ਸੱਚੀ ਬੰਦਗੀ ਨਹੀ ਬੁਜ਼ਦਿਲਾਨਾ ਸ਼ਿਕਾਇਤ ਹੈ।

ਜਿਵੇਂ ਪਹਿਲਾਂ ਉਲੇਖ ਹੋਇਆ ਹੈ ਕਿ ਨਰਕ ਤੇ ਸੁਰਗ ਮਨ ਦੀਆਂ ਅਵਸਥਾਵਾਂ ਹਨ ਅਤੇ ਇਹ ਕੋਈ ਵਿਸ਼ੇਸ਼ ਥਾਵਾਂ ਨਹੀਂ, ਜਿਥੇ ਕਸ਼ਟ ਤੇ ਮੌਜਾਂ ਭਰਪੂਰ ਜੀਵਨ ਮਾਣਿਆ ਜਾਵੇ। ਗਿਆਨੀ ਸ਼ੇਰ ਸਿੰਘ ਅਨੁਸਾਰ, ਸਵਰਗ ਨਰਕ ਕੋਈ ਮਾਦੀ ਥਾਂ ਨਹੀਂ, ਇਹ ਤਾਂ ਜੀਵ ਦੀਆਂ ਹਾਲਤਾਂ ਹਨ, ਮਨ ਦੀਆਂ, ਆਤਮਾ ਦੀਆਂ।"[13] ਇਸ ਪਰਥਾਏ ਇਕ ਦ੍ਰਿਸ਼ਟਾਂਤ ਹੈ। ਇਕੇਰਾਂ ਨਰਕ ਅਤੇ ਸੁਰਗ ਨੂੰ ਵੱਖ ਕਰਨ ਵਾਲੀ ਦੀਵਾਰ

12. ਪਿਆਰਾ ਸਿੰਘ ਪਦਮ, *ਬਚਨ ਸਾਈਂ ਲੋਕਾਂ ਕੇ*।
13. ਗਿਆਨੀ ਸ਼ੇਰ ਸਿੰਘ, *ਆਤਮ ਦਰਸ਼ਨ*, ਪੰਨਾ 168.

ਡਿੱਗ ਪਈ। ਨਰਕ ਨਿਵਾਸੀਆਂ ਨੇ ਡਿੱਗੀ ਕੰਧ ਦਾ ਲਾਹਾ ਲਿਆ ਅਤੇ ਸਾਰੇ ਸੁਰਗ ਵਿਚ ਚਲੇ ਗਏ। ਨਤੀਜਾ ਇਹ ਹੋਇਆ ਕਿ ਰੌਲਾ-ਰੱਪਾ ਪੈਣਾ ਸ਼ੁਰੂ ਹੋ ਗਿਆ ਅਤੇ ਸੁਰਗਵਾਸੀ ਬਹੁਤ ਤੰਗ ਹੋਏ। ਕਿਸੇ ਨੇ ਸਲਾਹ ਦਿੱਤੀ ਕਿ ਸਾਰਾ ਨਰਕ ਅਸਥਾਨ ਖ਼ਾਲੀ ਹੈ ਅਤੇ ਸਾਰੇ ਸੁਰਗਵਾਸੀ ਉਥੇ ਚਲੇ ਜਾਣ। ਸੁਰਗਵਾਸੀਆਂ ਨੇ ਇੰਜ ਹੀ ਕੀਤਾ ਤੇ ਉਹ ਉਥੇ ਜਾ ਕੇ ਵੀ ਸੁਖੀ ਰਹੇ। ਦੂਜੇ ਪਾਸੇ ਨਰਕ ਨਿਵਾਸੀ ਸੁਰਗ ਵਿਚ ਜਾ ਕੇ ਵੀ ਰੌਲਾ ਪਾਉਣ ਅਥਵਾ ਗਾਲੀ-ਗਲੋਚ ਕਰਨ ਵਿਚ ਰੁਝ ਗਏ। ਕਿਸੇ ਨੇ ਕਿਹਾ, 'ਅਸੀਂ ਇਥੇ ਆ ਕੇ ਵੀ ਸੁਰਗ ਨੂੰ ਨਰਕ ਬਣਾ ਦਿੱਤਾ ਹੈ'। ਅਸਲ ਤੱਤ ਤਾਂ ਇਹੀ ਹੈ ਕਿ ਅਸੀਂ ਆਪਣੇ ਸੁਭਾਅ ਅਤੇ ਕਰਮਾਂ ਕਰਕੇ ਨਰਕ ਸੁਰਗ ਅਵਸਥਾ ਬਣਾਉਂਦੇ ਹਾਂ ਅਤੇ ਇਹ ਕੋਈ ਮਰਨ ਉਪਰੰਤ ਰਹਿਣ ਵਾਲੀਆਂ ਥਾਵਾਂ ਨਹੀਂ ਹਨ।[14]

ਨਰਕ-ਸੁਰਗ ਤੋਂ ਬਿਨਾਂ ਧਰਮਰਾਜ, ਜਮਦੂਤ, ਅਜ਼ਰਾਈਲ ਆਦਿ ਕਲਪਤ ਹਸਤੀਆਂ ਦਾ ਵੀ ਜ਼ਿਕਰ ਕੀਤਾ ਜਾਂਦਾ ਹੈ। ਪਰ ਗੁਰਮਤਿ ਦਾ ਫ਼ੈਸਲਾ ਹੈ ਕਿ ਪਰਮਾਤਮਾ ਨੇ ਆਪਣੀਆਂ ਸ਼ਕਤੀਆਂ ਦੀ ਵੰਡ ਨਹੀਂ ਕੀਤੀ ਹੋਈ। ਜਿਵੇਂ ਸਨਾਤਨੀ ਵਿਸ਼ਵਾਸ ਹੈ ਕਿ ਸੰਸਾਰ ਅੰਦਰ ਤਿੰਨ ਮੁੱਖ ਦੇਵਤੇ ਹਨ—ਬ੍ਰਹਮਾ, ਵਿਸ਼ਨੂੰ ਤੇ ਮਹੇਸ਼। ਗੁਰਬਾਣੀ ਦਾ ਸਪੱਸ਼ਟ ਸਿਧਾਂਤ ਹੈ ਕਿ ਪਰਮਾਤਮਾ ਸਰਬ-ਸ਼ਕਤੀਮਾਨ ਹੈ ਅਤੇ ਉਸ ਨੇ ਕੋਈ ਸ਼ਕਤੀ ਵੰਡ ਨਹੀਂ ਕੀਤੀ ਅਤੇ ਨਾ ਹੀ ਵੱਖ-ਵੱਖ ਕਾਰਜਾਂ ਲਈ ਵੱਖ-ਵੱਖ ਵਿਭਾਗ ਖੋਲ੍ਹੇ ਹੋਏ ਹਨ :

ਨਾਨਕ ਜੀਅ ਉਪਾਇ ਕੈ ਲਿਖਿ ਨਾਵੈ ਧਰਮੁ ਬਹਾਲਿਆ॥
ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ॥

(ਵਾਰ ਆਸਾ ਮ: ੧, ਪੰਨਾ 463)

ਪਰਮਾਤਮਾ ਨੇ ਜੀਵ ਪੈਦਾ ਕਰ ਕੇ ਉਨ੍ਹਾਂ ਦੀ ਰਹਿਨੁਮਾਈ ਲਈ ਧਰਮ ਪੈਦਾ ਕਰ ਦਿੱਤਾ। ਜੋ ਇਨਸਾਨ ਸੱਚ ਦੇ ਮਾਰਗ 'ਤੇ ਚੱਲਦੇ ਹਨ, ਉਨ੍ਹਾਂ ਦਾ ਜੀਵਨ ਸਫਲ ਅਤੇ ਜੋ ਥਿੜਕ ਜਾਂਦੇ ਹਨ, ਉਹ ਬਾਜ਼ੀ ਹਾਰ ਜਾਂਦੇ ਹਨ। ਇਥੇ ਕਈ 'ਧਰਮ' ਦੇ ਅਰਥ ਧਰਮਰਾਜ ਵੀ ਕਰਦੇ ਹਨ ਭਾਵ ਉਹ ਕਿਸੇ ਵਿਸ਼ੇਸ਼ ਥਾਂ ਦੀ ਹੋਂਦ ਨੂੰ ਸਵੀਕਾਰਦੇ ਹਨ, ਜਿਥੇ ਧਰਮਰਾਜ ਦੀ ਕਚਹਿਰੀ ਵਿਚ ਜੀਵਾਂ ਦਾ ਮਰਨ ਉਪਰੰਤ ਕਰਮਾਂ ਅਨੁਸਾਰ ਫ਼ੈਸਲਾ ਹੁੰਦਾ ਹੈ। ਗੁਰੂ ਸਾਹਿਬ ਨੇ ਇਸ ਮਿਥਿਹਾਸਕ ਧਰਮਰਾਜ ਨੂੰ ਨਹੀਂ ਮੰਨਿਆ, ਜਿਸ ਪਾਸ ਜੀਵਾਂ ਦੇ ਹਿਸਾਬ ਲਿਖਣ ਲਈ ਵੱਡੀ ਵਹੀ ਰੱਖੀ ਹੋਈ ਹੈ ਅਤੇ ਇਸ ਕਾਰਜ ਲਈ ਚਿਤਰ ਗੁਪਤ ਰੱਖੇ ਹੋਏ ਹਨ। ਗੁਰਮਤਿ ਦਾ ਧਰਮਰਾਜ ਨਿਰੰਕਾਰੀ ਹੁਕਮ ਹੈ।[15]

ਸਵਾਮੀ ਰਾਮ ਤੀਰਥ 'ਦੰਡੀ ਸਨਿਆਸੀ' ਜਿਨ੍ਹਾਂ ਨੇ ਗੁਰਬਾਣੀ ਦਾ ਅਧਿਐਨ ਕਰਨ ਉਪਰੰਤ ਅਨੁਭਵ ਕੀਤਾ ਕਿ "ਗੁਰੂ ਵਾਕਾਂ ਵਿਚ ਨਾ ਕਿਸੇ ਵੈਤਰਣੀ (ਨਦੀ) ਦਾ ਜ਼ਿਕਰ ਹੈ ਤੇ ਨਾ ਹੀ ਕਿਸੇ ਕਲਪਿਤ ਨਰਕ-ਸਵਰਗ ਦਾ। ਇਸ ਜੀਵਨ ਨੂੰ ਹੀ

---

14. ਗਿ. ਸੁਖਬੀਰ ਸਿੰਘ (ਸੰਤਰੇਨ), *ਮੌਤ ਦੀ ਕਲਾ*, ਪੰਨਾ 87.
15. ਭਗਤ ਹੀਰਾ ਸਿੰਘ, *ਆਸਾ ਕੀ ਵਾਰ ਪ੍ਰਵਚਨ*, ਪੰਨੇ 62-63.

ਸਵਰਗਮਈ ਜਾਂ ਨਰਕਮਈ ਅਵਸਥਾਵਾਂ 'ਚੋਂ ਲੰਘਦਾ ਦੱਸਿਆ ਹੈ। ਸ਼ੁਭ ਅਤੇ ਸੱਚੇ ਅਮਲ ਜਿਹੜੇ ਨਿਰਮਲ ਹਿਰਦੇ ਰਾਹੀਂ ਪ੍ਰਭੂ ਨੂੰ ਆਪਣੇ ਅੰਦਰ ਜਾਣ ਕੇ ਦੁਬਿਧਾ ਤੇ ਸੰਸੇ ਤਿਆਗ ਕੇ ਕਰਤੱਵ ਬੁੱਧੀ ਨਾਲ ਕੀਤੇ ਜਾਣ, ਸਵਰਗਮਈ ਜੀਵਨ ਦੇ ਸੂਚਕ ਹਨ, ਪਰ ਇਸ ਤੋਂ ਵਿਪਰੀਤ, ਭਟਕਣਾ ਭਰਿਆ ਜੀਵਨ, ਨਰਕਾਂ ਦਾ ਜੀਵਨ ਹੈ:

ਅਮਲੁ ਕਰਿ ਧਰਤੀ ਬੀਜੁ ਸਬਦੋ ਕਰਿ ਸਚ ਕੀ ਆਬ ਨਿਤ ਦੇਹਿ ਪਾਣੀ॥
ਹੋਇ ਕਿਰਸਾਣੁ ਈਮਾਨੁ ਜੰਮਾਇ ਲੈ ਭਿਸਤੁ ਦੋਜਕੁ ਮੂੜੇ ਏਵ ਜਾਣੀ॥੧॥

(ਸਿਰੀਰਾਗੁ ਮਹਲਾ ੧, ਪੰਨਾ 24)

ਭਾਵ ਅਮਲ ਰੂਪੀ ਧਰਤੀ ਵਿਚ ਸ਼ਬਦ-ਰੂਪੀ ਬੀਜ ਬੀਜੋ ਤੇ ਸੱਚ ਰੂਪੀ ਪਾਣੀ ਨਾਲ ਸਿੰਜੋ। ਜੇ ਇਸ ਤਰ੍ਹਾਂ ਕਿਰਸਾਨ ਬਣ ਕੇ ਈਮਾਨ ਉਗਾਵੇ ਤਾਂ ਸੁਰਗ ਭੋਗ ਰਿਹਾ ਮੰਨੋ, ਪਰ ਇਸ ਤੋਂ ਉਲਟ ਚੱਲਣਾ ਨਰਕ ਦਾ ਜਿਊਣਾ ਹੈ।[16]

ਗੁਰਮਤਿ ਦਾ ਤੱਤ ਇਹੀ ਹੈ ਕਿ ਮਨੁੱਖ ਨੇ ਆਪਣੇ ਜੀਵਨ ਅੰਦਰ ਸ਼ੁਭ ਕਰਮ ਕਰਨੇ ਹਨ। ਇਹ ਸ਼ੁਭ ਕਰਮ ਮਨੁੱਖਤਾ ਦੀ ਸੇਵਾ, ਮਨੁੱਖੀ ਅਧਿਕਾਰਾਂ ਦੀ ਖ਼ਾਤਰ ਜੂਝਣਾ, ਸੱਚੀ ਕ੍ਰਿਤ ਕਰ ਕੇ, ਲੋੜਵੰਦਾਂ ਦੀ ਸਹਾਇਤਾ ਕਰਨੀ, ਊਚ-ਨੀਚ, ਜਾਤ-ਪਾਤ ਜਾਂ ਲਿੰਗ ਵਿਤਕਰਾ ਨਾ ਕਰਨਾ, ਸਾਰੀ ਖ਼ਲਕਤ ਨੂੰ ਇਕ ਪਰਮਾਤਮਾ ਦੀ ਜੋਤ ਸਮਝ ਕੇ ਸਭ ਨਾਲ ਪਿਆਰ ਕਰਨਾ ਅਤੇ ਵਾਹਿਗੁਰੂ ਦੀ ਯਾਦ ਨੂੰ ਹਿਰਦੇ 'ਚ ਵਸਾਉਣਾ। ਜਦੋਂ ਵਿਅਕਤੀ ਸਾਰੇ ਸ਼ੁਭ ਕਰਮ ਕਰੇ ਤੇ ਰੱਬੀ ਹੁਕਮ ਅੰਦਰ ਆਨੰਦ ਮਾਣੇ, ਤਾਂ ਉਹ ਜੀਵਨ ਮੁਕਤ ਹੈ ਭਾਵ ਆਪਣੇ ਮਨੁੱਖਾ ਜੀਵਨ ਦਾ ਲਾਹਾ ਖੱਟ ਰਿਹਾ ਹੈ। ਜੇਕਰ ਉਹ ਇਨ੍ਹਾਂ ਕਰਮਾਂ ਤੋਂ ਲਾਂਭੇ ਹੈ ਤਾਂ ਉਸ ਦਾ ਜੀਵਨ ਨਰਕ ਸਮਾਨ ਹੈ ਜਾਂ ਪਸ਼ੂਆਂ ਦੀ ਰਹਿਣੀ ਹੈ।

ਜਿਵੇਂ ਪਹਿਲਾਂ ਇਸ ਬਾਰੇ ਲਿਖਿਆ ਜਾ ਚੁੱਕਾ ਹੈ ਕਿ ਇਹ ਹਰ ਵਿਅਕਤੀ ਜਾਂ ਪ੍ਰਾਣੀ 'ਤੇ ਨਿਰਭਰ ਕਰਦਾ ਹੈ ਕਿ ਉਹ ਆਪਣੀ ਸੋਚ ਨੂੰ ਕਿਸ ਤਰ੍ਹਾਂ ਢਾਲਦਾ ਹੈ। ਜੇਕਰ ਉਹ ਰੱਬੀ ਭਾਣੇ ਜਾਂ ਹੁਕਮ ਨੂੰ ਮੰਨਦਾ ਹੈ ਤਾਂ ਉਸ ਲਈ ਦੁਖ-ਸੁਖ ਇਕ ਸਮਾਨ ਹਨ, ਅਜਿਹਾ ਪੁਰਖ ਮਨੁੱਖਾ ਜਨਮ ਦੇ ਸਹੀ ਮਨੋਰਥ ਨੂੰ ਸਮਝ ਕੇ ਅਤੇ ਸੱਚੇ ਮਾਰਗ 'ਤੇ ਤੁਰ ਕੇ ਪਰਮਾਤਮਾ ਨੂੰ ਅੰਗ ਸੰਗ ਮੰਨਕੇ ਸਵਰਗਮਈ ਜੀਵਨ ਜਿਊਂਦਾ ਹੈ। ਜੇਕਰ ਕੋਈ ਮਨੁੱਖ ਬਿਨਾਂ ਮਨੋਰਥ ਜਾਂ ਚੰਗੇ ਅਸੂਲਾਂ ਨੂੰ ਲਾਂਭੇ ਰੱਖ ਕੇ ਜਿਊਂਦਾ ਹੈ ਜਾਂ ਉਹ ਆਪਣੀ ਸੋਚ ਨੂੰ ਨੀਵਾਂ ਰੱਖਦਾ ਹੈ, ਉਹ ਆਪਣੇ ਜੀਵਨ ਨੂੰ ਨਰਕਮਈ ਵੀ ਬਣਾ ਸਕਦਾ ਹੈ। ਸਾਨੂੰ ਗੁਰਬਾਣੀ ਦੇ ਸੱਚ ਨੂੰ ਪੱਲੇ ਬੰਨ੍ਹ ਕੇ ਮੰਨ ਲੈਣਾ ਚਾਹੀਦਾ ਹੈ ਕਿ ਨਰਕ ਸੁਰਗ ਕੋਈ ਮਰਨ ਉਪਰੰਤ ਵੱਖਰੀਆਂ ਥਾਵਾਂ ਨਹੀਂ ਹਨ। ਜਦ ਗੁਰਬਾਣੀ ਅਜਿਹੀ ਕਲਪਤ ਸੋਚ ਨੂੰ ਰੱਦ ਕਰਦੀ ਹੈ ਤਾਂ ਸਾਨੂੰ ਵੀ ਗੁਰਬਾਣੀ ਦੇ ਸੱਚ ਨੂੰ ਮੰਨਣਾ ਜ਼ਰੂਰੀ ਹੈ।

---

16. ਸਰਵੋਤਮ ਧਰਮ ਗ੍ਰੰਥ, ਸ੍ਰੀ ਗੁਰੂ ਗ੍ਰੰਥ ਸਾਹਿਬ, ਲੇਖਕ ਸਵਾਮੀ ਰਾਮ ਤੀਰਥ 'ਦੰਡੀ ਸੰਨਿਆਸੀ', ਪੰਨਾ 55-56.

ਜੋਤਸ਼ ਵਿੱਦਿਆ ਅਤੇ ਗੁਰਮਤਿ

ਜੋਤਸ਼ ਵਿੱਦਿਆ ਦੇ ਆਸਰੇ ਬਹੁ-ਗਿਣਤੀ ਦੇ ਲੋਕਾਂ ਨੇ ਦੇਸ਼-ਵਿਦੇਸ਼ਾਂ ਵਿਚ ਆਪਣੇ ਕਾਰੋਬਾਰ ਚਲਾਏ ਹੋਏ ਹਨ। ਵਿਦੇਸ਼ਾਂ ਅੰਦਰ ਜਦੋਂ ਪੰਜਾਬੀ ਅਖ਼ਬਾਰਾਂ ਨੂੰ ਦੇਖਦੇ ਹਾਂ ਤਾਂ ਜੋਤਸ਼ੀਆਂ ਵੱਲੋਂ ਦਿੱਤੇ ਵੱਡੇ-ਵੱਡੇ ਇਸ਼ਤਿਹਾਰ ਦੇਖ ਕੇ ਹੈਰਾਨੀ ਹੁੰਦੀ ਹੈ। ਦੂਜੇ ਪਾਸੇ ਅਖ਼ਬਾਰਾਂ ਵਾਲਿਆਂ ਨੂੰ ਇਨ੍ਹਾਂ ਇਸ਼ਤਿਹਾਰਾਂ ਨਾਲ ਚੋਖੀ ਆਮਦਨ ਹੁੰਦੀ ਹੈ। ਇਕ ਇਸ਼ਤਿਹਾਰ 'ਚ ਲਿਖੀ ਵਾਰਤਕ ਸਾਂਝੀ ਕਰਦਾ ਹਾਂ:

[ਮਸ਼ਹੂਰ ਜੋਤਸ਼ੀ ਮਾਸਟਰ ਅਮਰ ਜੀ]

"ਅੱਜ ਹੀ ਹੱਥ 'ਤੇ ਸਰ੍ਹੋਂ ਜਮਾ ਚੁੱਕੇ ਮਾਸਟਰ ਅਮਰ ਨੂੰ ਫ਼ੋਨ ਕਰੋ। ਹੋ ਸਕਦਾ ਹੈ ਕਿ ਟੈਲੀਫ਼ੋਨ ਦੀ ਇਕ ਘੰਟੀ ਜਾਂ ਮੁਲਾਕਾਤ ਤੁਹਾਡੀ ਕਿਸਮਤ ਬਦਲ ਦੇਵੇ। ਹਰ ਤਰ੍ਹਾਂ ਦੇ ਲਾਟਰੀ ਨੰਬਰ 'ਤੇ ਵਸ਼ੀਕਰਨ ਬਿਲਕੁਲ ਮੁਫ਼ਤ ਲਵੋ। ਕੋਰਟ ਕੇਸ, ਇਮੀਗ੍ਰੇਸ਼ਨ, ਕਾਰੋਬਾਰ 'ਚ ਘਾਟੇ, ਸਿਹਤ ਖ਼ਰਾਬ, ਘਰੇਲੂ ਝਗੜੇ, ਜਾਇਦਾਦ ਦੇ ਝਗੜੇ, ਡਾਕਟਰਾਂ ਦੀ ਸਮਝ ਤੋਂ ਬਾਹਰ ਬਿਮਾਰੀ ਆਦਿ।

ਰੀਡਿੰਗ ਗ਼ਲਤ ਸਾਬਤ ਕਰਨ ਵਾਲੇ ਨੂੰ ਇਨਾਮ ਦਿੱਤਾ ਜਾਵੇਗਾ ਅਤੇ ਜਾਦੂ ਟੂਣੇ ਦੀ ਕਾਟ ਬਿਲਕੁਲ ਮੁਫ਼ਤ ਕੀਤੀ ਜਾਵੇਗੀ।"

(ਇੰਡੋ-ਕੈਨੇਡੀਅਨ ਟਾਈਮਜ਼, ਜਨਵਰੀ 12-18 2012, ਪੰਨਾ 15)

ਉਪਰੋਕਤ ਇਸ਼ਤਿਹਾਰ ਵਿਚ ਜਿਨ੍ਹਾਂ ਮੁਸ਼ਕਲਾਂ ਨੂੰ ਹੱਲ ਕਰਨ ਲਈ ਦਾਅਵਾ ਕੀਤਾ ਜਾਂਦਾ ਹੈ, ਰੱਤੀ ਭਰ ਵੀ ਸੰਭਵ ਨਹੀਂ ਹੋ ਸਕਦਾ। ਜਦੋਂ ਕੋਈ ਪਰਿਵਾਰ ਲੁੱਟਿਆ ਜਾਂਦਾ ਹੈ ਤਾਂ ਉਹ ਅਜਿਹੀ ਗੱਲ ਨੂੰ ਬਾਹਰ ਨਹੀਂ ਕੱਢਦਾ। ਕਈ ਵਾਰ ਇਸ ਕਰਕੇ ਕਿ ਕਿਤੇ ਜੋਤਸ਼ੀ ਪਾਸ ਕੋਈ ਅਜਿਹੀ ਸ਼ਕਤੀ ਨਾ ਹੋਵੇ, ਜਿਸ ਨਾਲ ਉਸ ਦਾ ਜਾਨੀ ਨੁਕਸਾਨ ਕਰ ਸਕਦਾ ਹੋਵੇ। ਇਹ ਸਿਰਫ਼ ਮਨ ਦਾ ਡਰ ਹੈ। ਦੂਸਰਾ, ਸਾਡੀਆਂ ਘਰੇਲੂ ਸਮੱਸਿਆਵਾਂ ਬਹੁਤ ਗੁੰਝਲਦਾਰ ਹਨ, ਜੇ ਕੋਈ ਕਿਸੇ ਨੂੰ ਜ਼ਾਹਰ ਵੀ ਕਰ ਦੇਵੇ ਤਾਂ ਅਸੀਂ ਸੋਚਦੇ ਹਾਂ ਕਿ ਕੋਈ ਵੀਰ/ਭੈਣ ਸਮੱਸਿਆ ਨੂੰ ਹੱਲ ਕਰਨ 'ਚ ਸਹਾਈ ਨਹੀਂ ਹੋ ਸਕਦਾ, ਤਾਂ ਫਿਰ ਕਿਸੇ ਨੂੰ ਕਿਉਂ ਭੇਤ ਦਿੱਤਾ ਜਾਵੇ? ਅਸੀਂ ਕਈ ਵਾਰ ਸ਼ੈਤਾਨ ਜੋਤਸ਼ੀਆਂ ਪਾਸ ਆਪਣੇ ਮਾਨਸਕ ਰੋਗਾਂ ਬਾਰੇ ਦੱਸਦੇ ਹਾਂ ਅਤੇ ਉਨ੍ਹਾਂ ਪਾਸੋਂ ਉਪਾਓ ਭਾਲਦੇ ਹਾਂ। ਅਸੀਂ ਚਿੰਤਾ ਰੋਗ ਜਾਂ ਮਾਨਸਕ ਗੁੰਝਲਾਂ ਬਾਰੇ ਕਿਸੇ ਨੂੰ ਦੱਸਣਾ ਯੋਗ ਨਹੀਂ ਸਮਝਦੇ। ਹਾਲਾਂਕਿ ਇਨ੍ਹਾਂ ਦੇਸ਼ਾਂ ਵਿਚ ਮਾਨਸਕ ਰੋਗਾਂ ਜਾਂ ਚਿੰਤਾ ਰੋਗ ਲਈ ਇਲਾਜ ਉਪਲਬਧ ਹਨ। ਕਈ ਵਾਰ ਸਾਡੇ ਲੋਕਾਂ ਅੰਦਰ ਵਹਿਮ ਪੱਕ ਜਾਂਦੇ ਹਨ ਜਾਂ ਅਗਿਆਨਤਾ ਕਾਰਨ ਅਸੀਂ ਆਪਣੇ ਪੂਰਬਲੇ ਕਰਮਾਂ ਨੂੰ, ਵਰਤਮਾਨ ਸਮੇਂ ਭੋਗ ਰਹੇ ਦੁੱਖਾਂ ਦਾ ਕਾਰਨ ਮੰਨ ਲੈਂਦੇ ਹਾਂ।

ਪੰਜਾਬੀ ਲੋਕਧਾਰਾ ਵਿਸ਼ਵਕੋਸ਼ ਵਿਚ ਜੋਤਸ਼ ਵਿੱਦਿਆ 'ਚ ਵਿਸ਼ਵਾਸ ਕਰਨ ਬਾਰੇ ਲਿਖਿਆ ਹੋਇਆ ਹੈ, "ਗ੍ਰਹਿਆਂ ਦੇ ਸ਼ੁਭ ਅਸ਼ੁਭ ਫਲ ਦੱਸਣ ਵਾਲੇ; ਕਰਮ ਫ਼ਿਲਾਸਫ਼ੀ ਉੱਤੇ ਨਿਸਚਾ ਰੱਖਣ ਵਾਲੇ ਵਿਅਕਤੀ ਦਾ ਜੋਤਸ਼ ਵਿੱਦਿਆ ਉੱਤੇ ਲਗਭਗ ਵਿਸ਼ਵਾਸ ਹੁੰਦਾ ਹੈ। ਕਿਉਂਕਿ ਜੋ ਕਰਮ ਫ਼ਿਲਾਸਫ਼ੀ ਅਨੁਸਾਰ ਹਰ ਪ੍ਰਾਣੀ ਪੂਰਬਲੇ ਜਨਮ ਵਿਚ ਕਰਮਾਂ ਦਾ ਫਲ ਭੋਗ ਰਿਹਾ ਹੈ ਤੇ ਉਸ ਦੀ ਕਰਮ ਰੇਖਾ ਪਹਿਲਾਂ ਤੋਂ ਹੀ ਮਿੱਥੀ ਹੋਈ ਹੈ, ਜੋ ਬੜੀ ਹੀ ਬਲਵਾਨ ਹੈ। ਪੰਜਾਬ ਦੀ ਸੰਸਕ੍ਰਿਤੀ ਦੀ ਬੁਨਿਆਦ ਕਰਮ ਫ਼ਿਲਾਸਫ਼ੀ ਉੱਤੇ ਹੀ ਉਸਰੀ ਹੈ। ਇਸ ਲਈ ਇਥੋਂ ਦੇ ਲੋਕਾਂ ਦਾ ਜੋਤਸ਼ੀਆਂ ਉੱਤੇ ਕੁਝ ਵਧੇਰੇ ਵਿਸ਼ਵਾਸ ਰਿਹਾ ਹੈ।"

ਡਾਕਟਰ ਵਣਜਾਰਾ ਬੇਦੀ ਵੱਲੋਂ ਇਕ ਗੱਲ ਨੂੰ ਮੁੱਖ ਕਾਰਨ ਦੱਸਿਆ ਗਿਆ ਹੈ, ਜਿਸ ਕਰਕੇ ਲੋਕ ਮਨਾਂ 'ਤੇ ਜੋਤਸ਼ ਦਾ ਪ੍ਰਭਾਵ ਜ਼ਿਆਦਾ ਹੈ, ਉਹ ਹੈ 'ਕਰਮ ਫ਼ਿਲਾਸਫ਼ੀ ਜਾਂ ਕਰਮ ਸਿਧਾਂਤ'। ਜੋਤਸ਼ ਹਿੰਦੂਆਂ ਦੇ ਸਮਾਜਿਕ ਜੀਵਨ ਦਾ ਇਕ ਮਹੱਤਵਪੂਰਨ ਅੰਗ ਹੈ। ਜਦੋਂ ਬੱਚਾ ਜਨਮ ਲੈਂਦਾ ਹੈ, ਉਸ ਸਮੇਂ ਤੋਂ ਹੀ ਉਹ ਜੋਤਸ਼-ਵਿੱਦਿਆ ਵਿਚ ਮਾਹਰ ਵਿਅਕਤੀ ਪਾਸੋਂ ਬੱਚੇ ਦੀ ਜਨਮ ਕੁੰਡਲੀ ਤੇ ਟੇਵਾ ਬਣਵਾਉਂਦੇ ਹਨ। ਇਸ ਉਪਰੰਤ ਉਹ ਬੱਚੇ ਨਾਲ ਸੰਬੰਧਿਤ ਹਰ ਸੰਸਕਾਰ ਬਾਰੇ ਮਹੂਰਤ ਕਢਾਉਂਦੇ ਹਨ। ਵਿਸ਼ੇਸ਼ ਕਰਕੇ ਰਿਸ਼ਤਾ ਜਾਂ ਵਿਆਹ ਸੰਬੰਧੀ ਲਗਨ ਕਢਾਉਣ ਲਈ ਜੋਤਸ਼ੀ ਦੀ ਸਲਾਹ ਲਈ ਜਾਂਦੀ ਹੈ। ਪੁਰਾਣੇ ਸਮੇਂ ਇਸ ਹਿੰਦੂ ਸਭਿਆਚਾਰ ਦਾ ਪੰਜਾਬ ਦੇ ਕਿਸਾਨ ਵਰਗ ਦੇ ਲੋਕਾਂ ਉਪਰ ਵੀ ਪੂਰਾ ਪ੍ਰਭਾਵ ਸੀ। ਉਹ ਖੇਤਾਂ ਵਿਚ ਹਲ ਵਾਹੁਣ, ਬੀਜ ਬੀਜਣ ਤੇ ਫ਼ਸਲ ਦੀ ਕਟਾਈ ਲਈ ਵੀ ਮਹੂਰਤ ਕਢਾਉਂਦੇ ਸਨ। ਜਿਥੇ ਕਿਸਾਨ ਵਰਗ ਦੇ ਲੋਕ ਵਹਿਮਾਂ-ਭਰਮਾਂ ਨੂੰ ਪਾਲਦੇ ਸਨ, ਉਸ ਦੇ ਨਾਲ ਹੀ ਜੋਤਸ਼ੀਆਂ ਦੀ ਕਮਾਈ ਵੀ ਲੋਕਾਈ ਅੰਦਰ ਵਹਿਮਾਂ-ਭਰਮਾਂ ਕਰਕੇ ਹੁੰਦੀ ਸੀ।

ਇਸਲਾਮ ਧਰਮ ਅੰਦਰ ਜੋਤਸ਼ ਵਿੱਦਿਆਂ ਸੰਬੰਧੀ ਕੋਈ ਜ਼ਿਆਦਾ ਵਿਸ਼ਵਾਸ ਨਹੀਂ। ਭਾਰਤ ਵਿਚ ਮੁਗ਼ਲ ਰਾਜਿਆਂ 'ਤੇ ਹਿੰਦੂ ਪੰਡਤਾਂ ਦਾ ਪ੍ਰਭਾਵ ਸੀ, ਜਿਸ ਕਰਕੇ ਉਨ੍ਹਾਂ ਜੋਤਸ਼ੀ ਰੱਖੇ ਹੁੰਦੇ ਸਨ। *ਪੰਜਾਬੀ ਲੋਕਧਾਰਾ ਵਿਸ਼ਵਕੋਸ਼* ਵਿਚ ਕੁਝ ਇਤਿਹਾਸਕ ਗੱਲਾਂ ਜਾਂ ਸਿੱਖਿਆ ਦੇਣ ਲਈ ਕਹਾਣੀਆਂ ਮਿਲਦੀਆਂ ਹਨ। ਪਹਿਲੀ, ਕਿ ਜਦੋਂ ਬਖ਼ਤਿਆਰ ਖਿਲਜੀ ਨੇ 1202 ਵਿਚ ਇਕ ਹਿੰਦੂ ਰਾਜੇ ਨਾਦੀਆ ਦੇ ਦੇਸ਼ ਉੱਤੇ ਹੱਲਾ ਕੀਤਾ ਤਾਂ ਜੋਤਸ਼ੀ ਨੇ ਰਾਜੇ ਨੂੰ ਸ਼ੁਭ ਘੜੀ ਦੀ ਉਡੀਕ ਲਈ ਨੌਂ ਘੰਟੇ ਹੋਰ ਹੱਲੇ ਦਾ ਜਵਾਬ ਨਾ ਦੇਣ ਦੀ ਸਲਾਹ ਦਿੱਤੀ। ਇਨ੍ਹਾਂ ਨੌਂ ਘੰਟਿਆਂ ਵਿਚ ਹੀ ਮੁਸਲਮਾਨ ਸੈਨਿਕ ਸ਼ਹਿਰ ਵਿਚ ਦਾਖ਼ਲ ਹੋ ਗਏ ਤੇ ਰਾਜੇ ਨੂੰ ਆਪਣੀ ਜਾਨ ਬਚਾਉਣ ਲਈ ਨੱਸਣਾ ਪਿਆ। ਦੂਸਰਾ, ਇਕੇਰਾਂ ਇਕ ਰਾਜੇ ਨੂੰ ਜੋਤਸ਼ੀ ਨੇ ਦੱਸਿਆ ਕਿ ਅਮਕੇ ਦਿਨ ਉਸ ਦੀ ਮੌਤ ਹੋ ਜਾਣੀ ਹੈ। ਰਾਜਾ ਬਹੁਤ ਨਿਰਾਸ਼ ਹੋਇਆ ਤੇ ਰਾਜ-ਭਾਗ ਛੱਡ ਕੇ ਪੂਜਾ-ਪਾਠ ਵਿਚ ਰੁੱਝ ਗਿਆ। ਜਦੋਂ ਵਜ਼ੀਰ ਨੂੰ ਇਸ ਭਵਿੱਖਬਾਣੀ ਦਾ ਪਤਾ ਲੱਗਾ ਤਾਂ ਉਸ ਨੇ ਰਾਜੇ ਨੂੰ ਬਹੁਤ ਸਮਝਾਇਆ, ਪਰ ਰਾਜੇ ਨੂੰ ਜੋਤਸ਼ੀ ਉੱਤੇ ਅਟੱਲ

ਵਿਸ਼ਵਾਸ ਸੀ। ਆਖ਼ਰ ਵਜ਼ੀਰ ਨੇ ਜੋਤਸ਼ੀ ਨੂੰ ਰਾਜੇ ਦੇ ਸਨਮੁਖ ਬੁਲਾ ਕੇ ਪੁੱਛਿਆ ਕਿ ਤੇਰੀ ਮੌਤ ਕਦੋਂ ਹੋਵੇਗੀ। ਜੋਤਸ਼ੀ ਨੇ ਗ੍ਰਹਿਆਂ ਦਾ ਹਿਸਾਬ ਲਗਾ ਕੇ ਦੱਸਿਆ ਕਿ ਉਹ 10 ਵਰ੍ਹੇ, 9 ਮਹੀਨੇ ਤੇ 6 ਦਿਨ ਬਾਅਦ ਮਰੇਗਾ। ਵਜ਼ੀਰ ਨੇ ਉਸੇ ਵੇਲੇ ਤਲਵਾਰ ਕੱਢ ਕੇ ਜੋਤਸ਼ੀ ਦਾ ਸਿਰ ਵੱਢ ਦਿੱਤਾ ਤੇ ਰਾਜੇ ਨੂੰ ਕਿਹਾ ਕਿ ਜਿਹੜਾ ਜੋਤਸ਼ੀ ਆਪਣੀ ਮੌਤ ਦੀ ਸਹੀ ਭਵਿੱਖ ਬਾਣੀ ਨਹੀਂ ਕਰ ਸਕਿਆ, ਉਹ ਦੂਜਿਆਂ ਬਾਰੇ ਦੱਸਣ ਦਾ ਕੀ ਹੱਕ ਰੱਖਦਾ ਹੈ?

ਪੰਜਾਬ ਦੇ ਪਿੰਡਾਂ ਵਿਚ ਭਾਵੇਂ ਹੁਣ ਭਾਟੜੇ ਲੋਕ ਘੱਟ ਹੀ ਜਾਂਦੇ ਹਨ, ਪਰ ਫਿਰ ਵੀ ਲੋਕਾਂ ਅੰਦਰ ਚਾਹਤ ਹੁੰਦੀ ਹੈ ਕਿ ਉਹ ਇਨ੍ਹਾਂ ਜੋਤਸ਼ੀਆਂ ਨੂੰ ਹੱਥ ਦਿਖਾ ਕੇ ਆਪਣੇ ਭਵਿੱਖ ਬਾਰੇ ਜਾਣ ਸਕਣ। ਜੋਤਸ਼ੀਆਂ ਨੇ ਸ਼ਹਿਰਾਂ ਵਿਚ ਆਪਣੇ ਕੇਂਦਰ ਵੀ ਖੋਲ੍ਹੇ ਹੁੰਦੇ ਹਨ, ਜਿਥੇ ਉਨ੍ਹਾਂ ਵੱਲੋਂ ਵਹਿਮੀ ਲੋਕਾਂ ਪਾਸੋਂ ਚੋਖੀ ਫ਼ੀਸ ਵੀ ਲੈਣੀ ਹੁੰਦੀ ਹੈ। ਹੈਰਾਨੀ ਇਸ ਗੱਲ ਦੀ ਵੀ ਹੈ ਕਿ ਹਿੰਦੂ ਧਰਮ ਵਿਚ ਕਰਮ ਸਿੱਧਾਂਤ ਵਿਚ ਪੂਰਾ ਵਿਸ਼ਵਾਸ ਹੈ ਕਿ ਜੋ ਪੂਰਬਲੇ ਜਨਮਾਂ ਵਿਚ ਕਰਮ ਕੀਤੇ ਹੁੰਦੇ ਹਨ, ਉਨ੍ਹਾਂ ਦਾ ਫਲ ਭੋਗਣਾ ਪੈਂਦਾ ਹੈ। ਦੂਸਰਾ, ਇਹ ਜੋਤਸ਼ੀ ਆਪਣੀ ਚੁਸਤੀ ਨਾਲ ਲੋਕਾਂ ਨੂੰ ਰਾਹੂ-ਕੇਤੂ ਦੇ ਪ੍ਰਭਾਵ ਦਾ ਡਰ ਪੈਦਾ ਕਰਦੇ ਹਨ। ਇਨ੍ਹਾਂ ਨੇ ਪੂਰਬਲੇ ਕਰਮਾਂ ਦੇ ਫਲ ਨੂੰ ਬਦਲ ਦੇਣ ਦੀ ਸਮਰੱਥਾ ਵੀ ਦੱਸਣੀ ਹੈ ਕਿ ਵੱਖ-ਵੱਖ ਨਗਾਂ ਨੂੰ ਪਾਉਣ ਦੀ ਸਲਾਹ ਦਿੱਤੀ ਜਾਂਦੀ ਹੈ ਤੇ ਇਸ ਨਾਲ ਇਨ੍ਹਾਂ ਵੱਲੋਂ ਪੱਥਰ ਦੇ ਨਗ ਮਹਿੰਗੇ ਭਾਅ ਵੇਚੇ ਜਾਂਦੇ ਹਨ। ਕੁਝ ਸਮਾਂ ਪਹਿਲਾਂ ਪੰਜਾਬ ਸਰਕਾਰ ਦਾ ਅਕਾਲੀ ਮੰਤਰੀ ਕੈਨੇਡਾ ਦੇ ਦੌਰੇ 'ਤੇ ਆਇਆ ਤੇ ਪੰਜਾਬੀ ਪ੍ਰੈੱਸ ਕਲੱਬ ਵਿਚ ਬੈਠਿਆ, ਇਕ ਪੱਤਰਕਾਰ ਨੇ ਉਨ੍ਹਾਂ ਦੇ ਨੱਗ ਵਾਲੀ ਮੁੰਦਰੀ ਪਾਈ ਦੇਖੀ ਤੇ ਝੱਟ ਪ੍ਰਸ਼ਨ ਕੀਤਾ, 'ਇਹ ਵਹਿਮ ਕਿਉਂ?' ਤਾਂ ਉਸ ਨੇ ਇਹ ਆਖ ਕੇ ਟਾਲ ਦਿੱਤਾ ਕਿ ਇਹ ਕਿਸੇ ਮਿੱਤਰ ਨੇ ਦਿੱਤੀ ਹੈ।

ਚੁਸਤ ਜੋਤਸ਼ੀ ਲੋਕਾਂ ਨੂੰ ਭਰਮਾਉਣ ਲਈ ਇਹ ਗੱਲਾਂ ਆਮ ਆਖਦੇ ਹਨ, 'ਤੂੰ ਤਿੰਨ ਵਾਰ ਮਰਦਾ ਮਰਦਾ ਬਚਿਆ ਸੀ।' 'ਤੇਰੇ ਕੋਲ ਪੈਸਾ ਆਉਂਦਾ ਬਹੁਤ ਹੈ, ਪਰ ਰੁਕਦਾ ਨਹੀਂ", 'ਤੂੰ ਤਾਂ ਆਪਣੇ ਗੁਆਂਢੀਆਂ ਬਾਰੇ ਚੰਗਾ ਸੋਚਦਾ ਹੈਂ, ਪਰ ਉਹ ਅਜਿਹਾ ਨਹੀਂ ਸੋਚਦੇ', 'ਤੂੰ ਰਿਸ਼ਤੇਦਾਰਾਂ ਬਾਰੇ ਭਲਾ ਸੋਚਦੈਂ ਪਰ ਉਹ ਤੇਰਾ ਚੰਗਾ ਨਹੀਂ ਚਾਹੁੰਦੇ', ਜਾਂ ਆਖਣਗੇ, 'ਅਸਲ ਵਿਚ ਤੇਰੀ ਗ੍ਰਹਿ-ਚਾਲ ਪੁੱਠੀ ਹੈ, ਠੀਕ ਨਹੀਂ ਚੱਲ ਰਹੀ। ਇਸ ਚਾਲ ਨੂੰ ਠੀਕ ਕਰਨ ਲਈ ਉਪਾਅ ਕਰਨਾ ਪਵੇਗਾ।'

18 ਜਨਵਰੀ, 2012 ਨੂੰ *ਰੋਜ਼ਾਨਾ ਸਪੋਕਸਮੈਨ* ਵਿਚ ਇਕ ਤਾਂਤਰਿਕ ਵੱਲੋਂ, ਇਕ ਔਰਤ ਨੂੰ ਠੱਗਣ ਬਾਰੇ ਖ਼ਬਰ ਛਪੀ। ਪਾਨੀਪਤ ਵਿਖੇ ਅਸੰਧ ਰੋਡ ਉੱਤੇ ਬਾਬਾ ਨਾਨਕ ਕੰਪਲੈਕਸ ਵਿਚ ਇਕ ਤਾਂਤਰਿਕ ਨੇ ਇਕ ਬੀਬੀ ਪਾਸੋਂ ਦੋ ਵਾਰੀ 101-101 ਰੁਪਏ ਲੈ ਕੇ ਤਬੀਤ ਦਿੱਤੇ। ਪਹਿਲੀ ਵਾਰੀ ਤਬੀਤ ਦਾ ਕੋਈ ਅਸਰ ਨਾ ਹੋਇਆ। ਤਾਂਤਰਿਕ ਨੇ ਦੁਬਾਰਾ ਤਬੀਤ ਕਰ ਕੇ ਦਿੱਤਾ, ਉਸ ਨੇ 101 ਰੁਪਏ ਫਿਰ ਲੈ ਲਏ ਅਤੇ ਤਬੀਤ ਦਾ ਕੋਈ ਅਸਰ ਨਾ ਹੋਇਆ। ਉਸ ਬੀਬੀ ਨੇ ਦੂਜੇ ਤਬੀਤ

ਦੇ ਬੇ-ਅਸਰੇ ਹੋਣ ਤੋਂ ਬਾਅਦ ਪੁਲਸ ਥਾਣੇ ਸ਼ਿਕਾਇਤ ਕਰ ਦਿੱਤੀ ਅਤੇ ਪੁਲਸ ਨੇ ਦੋ ਤਾਂਤਰਿਕਾਂ ਨੂੰ ਗ੍ਰਿਫ਼ਤਾਰ ਕਰ ਲਿਆ।

ਤਾਂਤਰਿਕ ਭਾਵੇਂ ਕੋਈ ਵੀ ਹੋਵੇ, ਉਸ ਦੇ ਵੱਲੋਂ ਦਿੱਤੇ ਤਬੀਤ ਨਾ ਕਿਸੇ ਦਾ ਕੁਝ ਵਿਗਾੜ ਸਕਦਾ ਹੈ, ਨਾ ਹੀ ਕੁਝ ਸੰਵਾਰ ਸਕਦਾ ਹੈ। ਕੁਦਰਤੀ ਕੁਝ ਲੋਕਾਂ ਦੇ ਕਾਰਜ ਠੀਕ ਹੋ ਜਾਂਦੇ ਹਨ, ਉਹ ਭਰਮ ਪਾਲਣ ਲੱਗ ਜਾਂਦੇ ਤੇ ਸੋਚਦੇ ਹਨ ਕਿ ਤਾਂਤਰਿਕ ਜਾਂ ਪਾਂਡੇ ਵੱਲੋਂ ਦਿੱਤੇ ਤਬੀਤ ਦੁਆਰਾ ਸਭ ਠੀਕ ਹੋ ਗਿਆ। ਵਿਗਿਆਨ ਦੀ ਕਸਵੱਟੀ ਅਨੁਸਾਰ ਕੋਈ ਜੋਤਸ਼ੀ, ਪੰਡਿਤ ਜਾਂ ਤਾਂਤਰਿਕ ਪਾਸ ਕੋਈ ਕਰਾਮਾਤ ਨਹੀਂ ਹੈ ਅਤੇ ਨਾ ਹੀ ਉਨ੍ਹਾਂ ਪਾਸ ਕੋਈ ਮੰਤਰ ਹੈ, ਜਿਸ ਦੁਆਰੇ ਵਿਗੜੇ ਕਾਜ ਸੰਵਾਰ ਸਕਦੇ ਹਨ।

ਇਕੇਰਾਂ ਇਕ ਜੋਤਸ਼ੀ ਨੇ ਇਸ਼ਤਿਹਾਰ ਦਿੱਤਾ ਕਿ ਉਹ ਮਨੁੱਖ ਦੀ ਹੱਥ ਅਤੇ ਮੱਥੇ ਦੀ ਲਕੀਰ ਵੇਖ ਕੇ ਉਸ ਦਾ ਭੂਤ, ਵਰਤਮਾਨ ਤੇ ਭਵਿੱਖ ਦੱਸਦਾ ਹੈ, ਬੀਮਾਰਾਂ ਨੂੰ ਨੌਂ-ਬਰ-ਨੌਂ, ਸੰਤਾਨਹੀਨ ਨੂੰ ਸੰਤਾਨ, ਘਰ ਕਲੇਸ਼, ਵਪਾਰ ਵਾਲੀ ਸਮੱਸਿਆ ਵਿੱਚੋਂ ਕੱਢਦਾ ਹੈ। ਉਸ ਪਾਸ ਤਿੰਨ ਆਦਮੀ ਮਿੱਥ ਕੇ ਗਏ ਤਾਂ ਜੋ ਉਸ ਜੋਤਸ਼ੀ ਦੀ ਪਰਖ ਕੀਤੀ ਜਾ ਸਕੇ।

ਇਕ ਆਦਮੀ ਸਰਕਾਰੀ ਨੌਕਰੀ ਕਰਦਾ ਸੀ ਤੇ ਵਿਆਹਿਆ ਹੋਇਆ ਸੀ। ਇਕ ਆਦਮੀ ਕੁਆਰਾ ਸੀ ਤੇ ਇਕ ਆਦਮੀ ਵਿਹਲਾ ਸੀ ਤੇ ਬੱਚੇ ਸਨ। ਉਸ ਜੋਤਸ਼ੀ ਵੱਲੋਂ ਸਭ ਕੁਝ ਗ਼ਲਤ ਦੱਸਿਆ ਗਿਆ, ਜਿਵੇਂ ਸਰਕਾਰੀ ਨੌਕਰੀ ਵਾਲੇ ਨੂੰ ਵਿਹਲਾ ਦੱਸ ਦਿੱਤਾ, ਕੁਆਰੇ ਆਦਮੀ ਨੂੰ ਵਿਆਹਿਆ ਹੋਇਆ ਤੇ ਵਿਹਲੇ ਆਦਮੀ ਨੂੰ ਨੌਕਰੀ ਕਰਦਾ ਦੱਸਿਆ। ਉਨ੍ਹਾਂ ਨੇ ਉਸ ਜੋਤਸ਼ੀ ਨੂੰ ਘੇਰ ਲਿਆ ਤੇ ਜੋਤਸ਼ੀ ਨੇ ਸਭ ਸੱਚ ਦੱਸ ਦਿੱਤਾ ਕਿ ਉਹ ਤੁੱਕੇ ਲਗਾਉਂਦੇ ਹਨ ਤੇ ਕਈ ਵਾਰ ਠੀਕ ਲੱਗ ਜਾਂਦਾ ਹੈ ਤੇ ਉਨ੍ਹਾਂ ਦਾ ਕਾਰੋਬਾਰ ਚੱਲਦਾ ਰਹਿੰਦਾ ਹੈ।

ਮੇਰੇ ਇਕ ਦੋਸਤ ਨੇ ਆਪਣੀ ਜਨਮ ਪੱਤਰੀ ਵਿਚ ਲਿਖੀਆਂ ਗੱਲਾਂ ਨੂੰ ਮੌਜੂਦਾ ਸਮੇਂ ਮੇਲਣ ਦਾ ਜਤਨ ਕੀਤਾ, ਉਸ ਦੀ ਪੱਤਰੀ ਵਿਚ ਲਿਖੀਆਂ ਗੱਲਾਂ ਸਾਰੀਆਂ ਗ਼ਲਤ ਨਿਕਲੀਆਂ, ਮੇਰੀ ਬੇਟੀ ਨੇ (1995-96) ਵਿਚ ਕਿਸੇ ਜੋਤਸ਼ੀ ਪਾਸੋਂ (ਪੰਜਾਬ ਵਿਚ) ਪੱਤਰੀ ਬਣਵਾ ਲਈ। ਮੈਂ ਉਸ 'ਤੇ ਝਾਤ ਪਾਈ ਤੇ ਸੁੱਟ ਦਿੱਤੀ ਕਿਉਂਕਿ ਮੇਰਾ ਜੋਤਸ਼ ਵਿੱਦਿਆ 'ਚ ਉੱਕਾ ਹੀ ਵਿਸ਼ਵਾਸ ਨਹੀਂ ਹੈ, ਪਰ ਘਰਵਾਲੀ ਨੇ ਸਾਂਭ ਕੇ ਰੱਖ ਲਈ। 7-8 ਸਾਲ ਬਾਅਦ ਉਸ ਨੂੰ ਦੇਖਿਆ ਤਾਂ ਜੋਤਸ਼ੀ ਵੱਲੋਂ ਕੀਤੀ ਸਾਰੀ ਭਵਿੱਖ ਬਾਣੀ ਗ਼ਲਤ ਹੀ ਨਿਕਲੀ। ਸਾਡੇ ਪਿੰਡ (ਗੁਰੂਸਰ ਸੁਧਾਰ) ਇਕ ਕੁੰਦਨ ਨਾਮ ਦਾ ਬ੍ਰਾਹਮਣ ਹੱਟੀ ਕਰਦਾ ਸੀ ਅਤੇ ਨਾਲ ਹੀ ਜੋਤਸ਼ ਲਗਾਉਣ ਦੇ ਟੂਣੇ ਆਦਿ ਦਾ ਧੰਦਾ ਕਰਦਾ ਸੀ। ਇਹ ਕਿਸੇ ਨੂੰ ਵੀ ਨਹੀਂ ਸੀ ਪਤਾ ਕਿ ਕਦੀ ਉਸ ਨੇ ਜੋਤਸ਼ ਵਿਦਿਆ ਸਿੱਖੀ ਜਾਂ ਨਹੀਂ, ਪਰ ਉਸ ਦਾ ਧੰਦਾ ਪੂਰਾ ਚੱਲਦਾ ਸੀ। ਉਸ ਨੇ ਇਕੇਰਾਂ ਮੱਝ ਖ਼ਰੀਦੀ ਤੇ ਦੂਜੇ ਦਿਨ ਹੀ ਮੱਝ ਮਰ ਗਈ। ਆਮ ਲੋਕ ਕੋਈ ਚੀਜ਼ ਖ਼ਰੀਦਣ ਜਾਂ ਮਹੂਰਤ ਕਢਾਉਣ ਲਈ ਉਸ ਦੀ ਸਲਾਹ ਲੈਂਦੇ ਸੀ। ਮੇਰੇ ਛੋਟੇ ਭਰਾ ਨੇ ਪਿਤਾ

ਜੀ ਨੂੰ ਵਿਅੰਗਮਈ ਤਰੀਕੇ ਨਾਲ ਕਿਹਾ ਕਿ ਆਪਾਂ ਪੰਡਿਤ ਪਾਸੋਂ ਪੁੱਛਣਾ ਪਵਾਈਏ ? ਤਾਂ ਪਿਤਾ ਜੀ ਨੇ ਉੱਤਰ ਦਿੱਤਾ, "ਮੂਰਖਾ ਜੇ ਉਸ ਨੂੰ ਭਵਿੱਖਬਾਣੀ ਬਾਰੇ ਇਲਮ ਹੁੰਦਾ ਤਾਂ ਉਹ ਕਦੀ ਮੱਝ ਨਾ ਖ਼ਰੀਦਦਾ, ਜੋ ਕਿ ਦੂਜੇ ਦਿਨ ਹੀ ਮਰ ਗਈ।" ਅਸਲ ਵਿਚ ਸ਼ੁਰੂ-ਸ਼ੁਰੂ ਵਿਚ ਉਸ ਨੇ ਭੇਤ ਕੱਢਣ ਲਈ ਇਕ ਜ਼ਨਾਨੀ ਏਜੰਟ ਰੱਖੀ ਹੋਈ ਸੀ।

ਜੇਕਰ ਜੋਤਸ਼ੀ ਨੂੰ ਲੱਗੇ ਕਿ ਉਸ ਦਾ ਗਾਹਕ ਅਸੰਤੁਸ਼ਟ ਹੈ ਤਾਂ ਉਸ ਨੂੰ ਆਖ ਦਿੱਤਾ ਜਾਂਦਾ ਹੈ ਕਿ ਤੇਰੇ ਪਿਛਲੇ ਜਨਮ ਵਿਚ ਜੋ ਕਰਮ ਕੀਤੇ ਹਨ, ਉਸ ਦਾ ਫਲ ਟਾਲਣ ਦਾ ਜਤਨ ਕੀਤਾ ਹੈ, ਪਰ ਕਈ ਵਾਰ ਕਰਮਾਂ ਦਾ ਫਲ ਅਟੱਲ ਹੁੰਦਾ ਹੈ। ਪੰਦਰਾਂ ਕੁ ਸਾਲ ਪਹਿਲਾਂ ਟੋਰੰਟੋ ਇਲਾਕੇ ਵਿਚ ਇਕ ਬੀਬੀ ਨੂੰ ਜੋਤਸ਼ੀ ਨੇ ਆਖ ਦਿੱਤਾ ਕਿ ਤੇਰੇ ਘਰਵਾਲਾ ਤੈਨੂੰ ਦਿਲੋਂ ਪਿਆਰ ਨਹੀਂ ਕਰਦਾ। ਉਸ ਨੇ ਫ਼ਿਕਰ ਕਰਕੇ, ਪੰਡਤ ਪਾਸੋਂ ਉਪਾਅ ਵੀ ਲੈਣਾ ਚਾਹਿਆ। ਪੰਡਤ ਨੇ ਉਸ ਨੂੰ ਪੱਥਰ ਦਾ ਨਗ ਧਾਰਨ ਲਈ ਆਖਿਆ ਅਤੇ ਨਾਲ ਹੀ ਗੁਰੂ ਗ੍ਰੰਥ ਸਾਹਿਬ ਦਾ ਅਖੰਡਪਾਠ ਕਰਾਉਣ ਦੀ ਸਲਾਹ ਦਿੱਤੀ। ਪਾਠ ਕਰਨ ਵਾਲੇ ਵੀ ਜੋਤਸ਼ੀਆਂ ਦੇ ਸੰਗੀ-ਸਾਥੀ ਬਣ ਜਾਂਦੇ ਹਨ, ਉਸ ਦਾ ਘਰਵਾਲਾ ਹੈਰਾਨ ਸੀ ਕਿ ਉਸ ਦੀ ਘਰਵਾਲੀ ਇਤਨੀ ਧਾਰਮਿਕ ਕਿਉਂ ਬਣ ਗਈ ? ਪਾਠ ਦਾ ਭੋਗ ਪਿਆ ਅਤੇ ਸਭ ਨੇ ਖ਼ੁਸ਼ੀ ਮਨਾਈ। ਕੁਝ ਸਮੇਂ ਬਾਅਦ ਬੈਂਕ ਵੱਲੋਂ ਖ਼ਾਤੇ ਸੰਬੰਧੀ ਚਿੱਠੀ ਆਈ ਤਾਂ ਉਸ ਔਰਤ ਦੇ ਘਰਵਾਲੇ ਨੇ ਬੈਂਕ ਵਿੱਚੋਂ ਚੋਖੀ ਮਾਇਆ ਕਢਾਈ ਦੇਖੀ ਤਾਂ ਉਸ ਨੇ ਗ਼ੁੱਸੇ ਵਿਚ ਪਹਿਲਾਂ ਤਾਂ ਘਰਵਾਲੀ ਦੇ ਚਪੇੜ ਕੱਢ ਮਾਰੀ, ਪਰ ਉਸ ਨੇ ਆਪਣੇ ਆਪ ਨੂੰ ਸੰਭਾਲ ਕੇ ਸਾਰੀ ਤਫ਼ਤੀਸ਼ ਕਰਨੀ ਸ਼ੁਰੂ ਕੀਤੀ। ਉਸ ਨੇ ਘਰਵਾਲੀ ਦੀਆਂ ਨਵੀਆਂ ਬਣੀਆਂ ਸਹੇਲੀਆਂ ਦਾ ਪੂਰਾ ਭੇਤ ਕੱਢ ਲਿਆ ਤੇ ਨਿਚੋੜ ਵੀ ਕੱਢ ਲਿਆ ਕਿ ਜੋਤਸ਼ੀ ਏਜੰਟਾਂ ਰਾਹੀਂ ਕਿਵੇਂ ਲੋਕਾਂ ਨੂੰ ਫਸਾ ਕੇ ਬੁੱਧੂ ਬਣਾਉਂਦੇ ਹਨ।

ਇਥੇ ਇਹ ਵੀ ਸਪੱਸ਼ਟ ਕਰ ਦੇਈਏ ਕਿ ਜੋਤਸ਼ੀਆਂ ਦੇ ਗਾਹਕ ਅਨਪੜ੍ਹ ਜਾਂ ਭੋਲੇ ਭਾਲੇ ਲੋਕ ਹੀ ਨਹੀਂ, ਸਗੋਂ ਪੜ੍ਹੇ-ਲਿਖੇ ਵੀ ਵਹਿਮਾਂ ਦੇ ਪ੍ਰਭਾਵ ਹੇਠ ਆ ਜਾਂਦੇ ਹਨ। ਕਈ ਵਾਰ ਰਾਗੀ ਜਾਂ ਕਥਾ ਕਰਨ ਵਾਲਿਆਂ ਨੇ ਹੱਥਾਂ ਵਿਚ ਮੂੰਗੇ ਜਾਂ ਨੱਗ ਜੜਾ ਕੇ ਮੁੰਦਰੀਆਂ ਪਹਿਨੀਆਂ ਹੁੰਦੀਆਂ ਹਨ, ਜਿਨ੍ਹਾਂ ਨੂੰ ਦੇਖ ਕੇ ਹੈਰਾਨੀ ਤੇ ਦੁੱਖ ਵੀ ਹੁੰਦਾ ਹੈ ਕਿ ਜੋ ਲੋਕ ਗੁਰਮਤਿ ਦਾ ਪ੍ਰਚਾਰ ਕਰਨ ਦਾ ਦਾਅਵਾ ਕਰਦੇ ਹਨ, ਉਹ ਵਹਿਮਾਂ-ਭਰਮਾਂ ਤੋਂ ਮੁਕਤ ਕਿਉਂ ਨਹੀਂ ? ਕੁਝ ਸਾਲ ਪਹਿਲਾਂ, ਇਕ ਪਰਿਵਾਰ ਜੋ ਸਿੱਖੀ ਸਰੂਪ ਵਿਚ ਹੈ, ਅੰਮ੍ਰਿਤਧਾਰੀ ਹਨ, ਪਰ ਜੋਤਸ਼ੀ ਦੇ ਪ੍ਰਭਾਵ ਹੇਠ ਆ ਗਏ। ਇਸ ਪਰਿਵਾਰ ਦੇ ਪਹਿਲਾਂ ਲੜਕਾ ਸੀ, ਦੂਜੀ ਵਾਰੀ ਬੀਬੀ ਫਿਰ ਗਰਭਵਤੀ ਸੀ। ਜੋਤਸ਼ੀ ਨੇ ਭਰਮ ਪਾ ਦਿੱਤਾ ਕਿ ਜੋ ਬੱਚਾ ਜਨਮ ਲਵੇਗਾ, ਉਹ ਪਰਿਵਾਰ ਲਈ ਕਸ਼ਟ ਪੈਦਾ ਕਰੇਗਾ। ਇਹ ਤਾਂ ਸ਼ਾਇਦ ਨਹੀਂ ਦੱਸਿਆ ਕਿ ਕਿਸ ਤਰ੍ਹਾਂ ਦੇ ਕਸ਼ਟ ਪੈਦਾ ਕਰੇਗਾ। ਉਸ ਪਰਿਵਾਰ ਨੇ ਜੋਤਸ਼ੀ ਉਪਰ ਪੂਰਨ ਵਿਸ਼ਵਾਸ ਕਰਕੇ ਪੰਜਾਬ ਜਾ ਕੇ ਗਰਭਪਾਤ ਕਰਵਾ ਦਿੱਤਾ ਤੇ ਮਗਰੋਂ ਜੋਤਸ਼ੀ ਦੀ ਸਲਾਹ ਤੇ ਸੰਪਟ ਪਾਠ ਕਰਵਾਇਆ, ਭਾਵ ਪਰਿਵਾਰ ਨੇ ਵੱਡਾ ਪਾਪ ਕੀਤਾ।

ਜਿਵੇਂ ਲੇਖ ਦੇ ਸ਼ੁਰੂ ਵਿਚ ਉਲੇਖ ਕੀਤਾ ਸੀ ਕਿ ਜੋਤਸ਼-ਵਿੱਦਿਆ ਦੇ ਪ੍ਰਭਾਵ ਦਾ ਮੁਖ ਕਾਰਨ ਕਰਮ ਸਿਧਾਂਤ ਉਪਰ ਵਿਸ਼ਵਾਸ ਹੋਣਾ ਹੈ। ਪੰਜਾਬ ਅੰਦਰ ਸਿੱਖ ਗੁਰੂਆਂ ਨੇ ਲੋਕਾਈ ਨੂੰ ਵਹਿਮਾਂ-ਭਰਮਾਂ ਤੋਂ ਮੁਕਤ ਕਰਨ ਲਈ ਗੁਰਬਾਣੀ ਦਾ ਖ਼ਜ਼ਾਨਾ ਬਖ਼ਸ਼ਿਆ, ਜਿਸ ਵਿਚ ਹਿੰਦੂ ਧਰਮ ਦੇ ਕਰਮ ਸਿਧਾਂਤ ਨੂੰ ਪੂਰੀ ਤਰ੍ਹਾਂ ਰੱਦ ਕਰ ਦਿੱਤਾ ਹੈ ਅਤੇ ਮਨੁੱਖ ਨੂੰ ਚੰਗੇ ਕਰਮ ਕਰਨ ਦੀ ਪ੍ਰੇਰਣਾ ਦਿੱਤੀ ਅਤੇ ਉਸ ਦੀ ਮਾਨਸਿਕਤਾ ਨੂੰ ਅਜ਼ਾਦ ਕਰਨ ਦਾ ਜਤਨ ਕੀਤਾ। ਜੇਕਰ ਅਸੀਂ ਸਿੱਖ ਵੀ ਕਹਾਉਂਦੇ ਹਾਂ ਅਤੇ ਜੋਤਸ਼ੀਆਂ ਹੱਥੀਂ ਲੁੱਟੇ ਵੀ ਜਾਈਏ, ਫਿਰ ਇਹ ਦੋਸ਼ ਕਿਸ ਦਾ ? ਗੁਰੂ ਨਾਨਕ ਸਾਹਿਬ ਤਾਂ ਪੰਡਤ ਜੋਤਸ਼ੀ ਨੂੰ ਨਿਧੜਕ ਹੋ ਕੇ ਆਖਦੇ ਹਨ :

ਝੂਠੁ ਨ ਬੋਲਿ ਪਾਡੇ ਸਚੁ ਕਹੀਐ ॥
ਹਉਮੈ ਜਾਇ ਸਬਦਿ ਘਰੁ ਲਹੀਐ ॥੧॥ਰਹਾਉ॥
ਗਣਿ ਗਣਿ ਜੋਤਕੁ ਕਾਂਡੀ ਕੀਨੀ ॥
ਪੜੈ ਸੁਣਾਵੈ ਤਤੁ ਨ ਚੀਨੀ ॥
ਸਭਸੈ ਊਪਰਿ ਗੁਰ ਸਬਦੁ ਬੀਚਾਰੁ ॥
ਹੋਰ ਕਥਨੀ ਬਦਉ ਨ ਸਗਲੀ ਛਾਰੁ ॥੨॥

(ਰਾਮਕਲੀ ਮਹਲਾ ੧, ਪੰਨਾ 904)

ਗੁਰੂ ਸਾਹਿਬ ਜੋਤਸ਼ ਦਾ ਧੰਦਾ ਕਰਨ ਵਾਲੇ ਨੂੰ ਆਖਦੇ ਹਨ ਕਿ ਪਰਪੰਚ ਰਚਾ ਕੇ, ਆਪਣੀ ਰੋਜ਼ੀ ਖ਼ਾਤਰ ਲੋਕਾਂ ਨੂੰ ਮਹੂਰਤ ਦੱਸਣ ਵੇਲੇ ਝੂਠ ਬੋਲਦਾ ਹੈ ਅਤੇ ਉਸ ਨੂੰ ਸੱਚ ਬੋਲਣਾ ਚਾਹੀਦਾ ਹੈ, ਪੰਡਤ ਗਿਣਤੀ ਮਿਣਤੀ ਦੇ ਹਿਸਾਬ ਨਾਲ ਜੋਤਸ਼ ਲਗਾਉਂਦਾ ਹੈ ਪਰ ਅਸਲ ਤੱਤ ਨੂੰ ਨਹੀਂ ਪਹਿਚਾਣਦਾ। ਅਸਲ ਵਿਚ ਸਾਰੇ ਵਹਿਮਾਂ ਤੇ ਭਰਮਾਂ ਤੋਂ ਉਪਰ ਗੁਰੂ ਦਾ ਗਿਆਨ ਹੈ, ਜੋ ਸ੍ਰੇਸ਼ਟ ਵਿਚਾਰ ਹੈ। ਤੱਤ ਇਹੀ ਹੈ ਕਿ ਜੋ ਆਦਮੀ ਗੁਰਮਤਿ 'ਤੇ ਵਿਸ਼ਵਾਸ ਕਰਦਾ ਹੈ, ਉਹ ਕਿਸੇ ਪੱਤਰੀ ਜਾਂ ਜੋਤਸ਼ ਦੀ ਪ੍ਰਵਾਹ ਨਹੀਂ ਕਰਦਾ।

ਜਿਵੇਂ ਸ਼ੁਰੂ ਵਿਚ ਜੋਤਸ਼ੀ ਵੱਲੋਂ ਦਿੱਤੇ ਇਸ਼ਤਿਹਾਰ ਵਿਚ 'ਇਮੀਗ੍ਰੇਸ਼ਨ' ਸੰਬੰਧੀ ਜਾਂ ਡਾਕਟਰਾਂ ਦੀ ਸਮਝ ਤੋਂ ਬਾਹਰ ਬਿਮਾਰੀ ਬਾਰੇ ਹੱਲ ਕਰ ਸਕਦੇ ਹਨ, ਇਹ ਸਿਰਫ਼ ਲੋਕਾਂ ਨੂੰ ਮੂਰਖ ਬਣਾਉਣਾ ਹੈ। ਜਿਵੇਂ ਕੈਨੇਡਾ ਦੀ ਸਰਕਾਰ ਨੇ ਮਾਤਾ-ਪਿਤਾ ਲਈ ਪੱਕੇ ਤੌਰ 'ਤੇ ਅਰਜ਼ੀਆਂ ਲੈਣੀਆਂ ਬੰਦ ਕਰ ਦਿੱਤੀਆਂ, ਜੋਤਸ਼ੀ ਇਸ ਬਾਰੇ ਕੀ ਕਰ ਸਕਦਾ ਹੈ। ਦੂਸਰਾ, ਜੇ 12-14 ਸਾਲ ਪੜ੍ਹਾਈ ਕਰ ਕੇ ਡਾਕਟਰ ਬਿਮਾਰੀ ਦਾ ਭੇਤ ਸਮਝਣ ਵਿਚ ਅਸਮਰਥ ਹੈ, ਤਾਂ ਜੋਤਸ਼ੀ ਪਾਸ ਕਿਹੜੀ ਵਿਗਿਆਨਕ ਪੜ੍ਹਾਈ ਹੈ ? ਕਈ ਸਾਲਾਂ ਤੋਂ ਤਰਕਸ਼ੀਲ ਸੁਸਾਇਟੀ ਨੇ ਜੋਤਸ਼ੀਆਂ ਲਈ ਪਰਚਾ ਪਾਇਆ ਹੋਇਆ ਹੈ ਕਿ ਜਿਹੜਾ ਜੋਤਸ਼ੀ ਹੱਥ ਰੇਖਾਵਾਂ ਪੜ੍ਹ ਕੇ ਸੱਚ ਦੱਸ ਦੇਵੇ ਤਾਂ ਉਸ ਲਈ ਇਕ ਲੱਖ ਡਾਲਰ ਦਾ ਇਨਾਮ ਹੈ। ਕੋਈ ਜੋਤਸ਼ੀ ਅੱਗੇ ਨਹੀਂ ਆਇਆ, ਪਰ ਆਪਣੇ ਇਸ਼ਤਿਹਾਰ ਵਿਚ ਗਰੰਟੀ ਕਰਦੇ ਹਨ ਕਿ ਹੱਥ ਰੇਖਾਵਾਂ ਨੂੰ ਸੌ ਫ਼ੀਸਦੀ ਠੀਕ ਪੜ੍ਹਦੇ ਹਨ। 2011 ਦੇ ਅਖ਼ੀਰ 'ਚ 'ਆਜਾ ਮੇਰਾ ਦੇਸ ਵੇਖ ਜਾ' ਦੀ ਹੋਸਟ ਅੰਮ੍ਰਿਤ ਭੱਟੀ ਅਤੇ ਰੇਡੀਓ ਹੋਸਟ ਕਿਰਨ ਔਲਖ ਨੇ ਇਕ ਠੱਗ ਜੋਤਸ਼ੀ ਦੀ ਠੱਗੀ ਲੋਕਾਂ ਨਾਲ

ਸਾਂਝੀ ਕੀਤੀ। ਉਸ ਜੋਤਸ਼ੀ ਦਾ ਨਾਮ ਪੰਡਤ ਹਰੀ ਪ੍ਰਸ਼ਾਦ ਸੀ। ਉਸ ਨੇ ਸਰੀ ਵਿਚ ਇਕ ਬੇਸਮੈਂਟ ਕਿਰਾਏ 'ਤੇ ਲੈ ਕੇ ਇਸ਼ਤਿਹਾਰਬਾਜ਼ੀ ਕਰ ਕੇ ਕਾਰੋਬਾਰ ਚਲਾ ਲਿਆ। ਉਸ ਦੀ ਚੁੰਗਲ ਵਿਚ ਇਕ ਬੀਬੀ ਆਈ, ਜਿਸ ਦਾ ਪਤੀ ਇਮੀਗ੍ਰੇਸ਼ਨ ਸੰਬੰਧੀ ਕਿਸੇ ਅੜਿਕੇ ਕਾਰਨ ਉਸ ਦੇ (ਪਤੀ ਦੇ) ਆਉਣ ਵਿਚ ਕੋਈ ਵਿਘਨ ਹੋਵੇਗਾ। ਇਸ ਠੱਗ ਜੋਤਸ਼ੀ ਨੇ ਉਸ ਬੀਬੀ ਨੂੰ ਭਰੋਸਾ ਦਿੱਤਾ ਕਿ ਉਹ ਉਸ ਦੇ ਪਤੀ-ਮਿਲਾਪ ਵਿਚ ਕੋਈ ਉਪਾਉ ਕਰ ਕੇ ਹੱਲ ਕੱਢ ਲਵੇਗਾ। ਸ਼ਾਇਦ ਪੰਡਤ ਨੇ ਰਾਸ਼ੀ ਜ਼ਿਆਦਾ ਮੰਗੀ ਸੀ ਅਤੇ ਬੀਬੀ ਨੇ ਗਿਆਰਾਂ ਸੌ ਡਾਲਰ ਦੇ ਦਿੱਤਾ ਤੇ ਉਸ ਬੀਬੀ ਪਾਸੋਂ ਵੈਨਕੂਵਰ ਦੀਆਂ ਮੜ੍ਹੀਆਂ 'ਚ ਕੁਝ ਸਮੱਗਰੀ ਵੀ ਸੁਟਾਈ (ਕੋਈ ਪੁੱਛੇ ਗੋਰਿਆਂ ਦੀਆਂ ਮੜ੍ਹੀਆਂ ਨੇ ਕੀ ਚਮਤਕਾਰ ਕਰਨਾ ਸੀ) ਕਿਰਨ ਔਲਖ ਨੇ ਉਸ ਠੱਗ ਨੂੰ ਪੁੱਛਿਆ ਕਿ ਕਿਤਨੇ ਚਿਰ ਤਲੀਮ ਲਈ ਤਾਂ ਉਸ ਨੇ ਕਿਹਾ 2-3 ਸਾਲ—ਫਿਰ ਉਸ ਨੂੰ ਪੁੱਛਿਆ—ਕੀ ਉਹ ਲੋਕਾਂ ਦੀ ਤਕਦੀਰ ਜਾਣ ਸਕਦਾ ਹੈਂ ? ਉਸ ਨੇ ਕਿਹਾ—ਨਹੀਂ। ਜੋਤਸ਼ ਨਾਲ ਕੁਝ ਮਲੂਮ ਹੋ ਸਕਦਾ ਹੈਂ, ਜੋਤਸ਼ੀ ਨੇ ਮੰਨਿਆ—ਕੁਝ ਨਹੀਂ ਹੋ ਸਕਦਾ। ਉਸ ਠੱਗ ਨੇ ਇਕ ਹਜ਼ਾਰ ਡਾਲਰ ਬੀਬੀ ਨੂੰ ਵਾਪਸ ਕਰ ਦਿੱਤਾ।

ਭਾਈ ਗੁਰਦਾਸ ਜੀ ਲਿਖਦੇ ਹਨ :

ਗੁਰਸਿਖ ਸੰਗਤਿ ਮਿਲਾਪ ਕੋ ਪ੍ਰਤਾਪ ਐਸੋ,
ਪਤਿਬ੍ਰਤ ਏਕ ਟੇਕ ਦੁਬਿਧਾ ਨਿਵਾਰੀ ਹੈ ॥
ਪੂਛਤ ਨ ਜੋਤਕ ਅਉ ਬੇਦ ਥਿਤਿ ਵਾਰ ਕਛੁ,
ਗ੍ਰਿਹ ਅਉ ਨਖਤ੍ਰ ਕੀ ਨ ਸੰਕਾ ਉਰਧਾਰੀ ਹੈ ॥...੪੪੮॥

(ਕਬਿੱਤ ਸਵੱਯੇ, ਭਾਈ ਗੁਰਦਾਸ ਜੀ)

ਗੁਰਮਤਿ ਅਜਿਹੀ ਵਿੱਦਿਆ, ਜਿਸ ਦਾ ਅਧਾਰ ਚੰਗਾ ਜਾਂ ਮਾੜਾ ਦਿਨ, ਚੰਗੀ ਰਾਸ਼ੀ ਜਾਂ ਮਾੜੀ ਰਾਸ਼ੀ, ਸ਼ਗਨ ਜਾਂ ਅਪਸ਼ਗਨ ਹੋਵੇ, ਪ੍ਰਵਾਨ ਨਹੀਂ ਕਰਦੀ। ਕੁਝ ਸਾਲ ਪਹਿਲਾਂ ਭਾਰਤ ਸਰਕਾਰ ਨੇ ਆਪਣੀ ਸਾਜ਼ਸ਼ੀ ਨੀਤੀ ਅਧੀਨ ਜੋਤਸ਼ ਨੂੰ ਵਿੱਦਿਆ ਦਾ ਅੰਗ ਮੰਨ ਕੇ, ਵਿਸ਼ਵ-ਵਿਦਿਆਲਿਆਂ ਵਿਚ ਪੜ੍ਹਾਉਣਾ ਲਾਜ਼ਮੀ ਕਰਾਰ ਕਰਨ ਦਾ ਜਤਨ ਕੀਤਾ। ਇਸ ਜੋਤਸ਼ ਵਿੱਦਿਆ ਦਾ ਸਰੋਤ ਵੇਦ ਹਨ ਭਾਵ ਅਥਰਵਣ ਵੇਦ ਅੰਦਰ ਇਸ ਬਾਰੇ ਲਿਖਿਆ ਮਿਲਦਾ ਹੈ ਅਤੇ ਜੋਤਸ਼ ਵਿੱਦਿਆ ਹਿੰਦੂ ਧਰਮ ਦਾ ਇਕ ਅੰਗ ਹੈ। ਕੁਝ ਸਾਲ ਪਹਿਲਾਂ ਇੰਗਲੈਂਡ ਵਿਚ ਵਿਗਿਆਨੀਆਂ ਨੇ ਐਲਾਨ ਕਰ ਦਿੱਤਾ ਸੀ ਕਿ ਜੋਤਸ਼ ਵਿੱਦਿਆ ਵਿਗਿਆਨ ਨਹੀਂ ਹੈ। ਅਸੀਂ ਬੇਨਤੀ ਕਰਦੇ ਹਾਂ ਕਿ ਇਨ੍ਹਾਂ ਜੋਤਸ਼ੀਆਂ ਪਾਸ ਨਾ ਤਾਂ ਕੋਈ ਕਿਸੇ ਬਾਰੇ ਭਵਿੱਖਬਾਣੀ ਕਰਨ ਦੀ ਸਮਰੱਥਾ ਹੈ ਤੇ ਨਾ ਹੀ ਕਿਸੇ ਦੀ ਸਮੱਸਿਆ ਨੂੰ ਹੱਲ ਕਰਨ ਦਾ ਕੋਈ ਉਪਾਅ। ਇਹ ਲੋਕ ਤਾਂ ਲੋਕਾਂ ਦੀ ਲੁੱਟ-ਖਸੁੱਟ ਕਰਨ ਲਈ ਮਾਹਰ ਹਨ। ਅਸੀਂ ਭਾਣੇ ਵਿਚ ਰਹਿਣਾ ਹੈ :

ਕਰਣਹਾਰੁ ਜੋ ਕਰਿ ਰਹਿਆ ਸਾਈ ਵਡਿਆਈ ॥
ਗੁਰਿ ਪੂਰੈ ਉਪਦੇਸਿਆ ਸੁਖੁ ਖਸਮ ਰਜਾਈ ॥੩॥

ਚਿੰਤ ਅੰਦੇਸਾ ਗਣਤ ਤਜਿ ਜਨਿ ਹੁਕਮੁ ਪਛਾਤਾ॥
ਨਹ ਬਿਨਸੈ ਨਹ ਛੋਡਿ ਜਾਇ ਨਾਨਕ ਰੰਗਿ ਰਾਤਾ॥੪॥

(ਬਿਲਾਵਲੁ ਮਹਲਾ ੫, ਪੰਨਾ 813)

ਵਾਹਿਗੁਰੂ ਸਭ ਕੁਝ ਕਰਨ ਦੇ ਸਮਰੱਥ ਹੈ ਤੇ ਉਹ ਜੋ ਕੁਝ ਕਰਦਾ ਹੈ, ਸਭ ਮਨੁੱਖਤਾ ਦੇ ਭਲੇ ਲਈ ਹੈ। ਅਸੀਂ ਉੱਦਮ ਕਰਨਾ ਹੈ, ਸ਼ੁਭ ਕਰਮ ਕਰਨੇ ਹਨ ਅਤੇ ਸਦਾ ਚਿੰਤਾ ਤੇ ਫ਼ਿਕਰ ਤੋਂ ਰਹਿਤ ਰਹਿਣਾ ਹੈ। ਜੋ ਲੋਕ ਪਰਮਾਤਮਾ ਉੱਤੇ ਵਿਸ਼ਵਾਸ ਰੱਖਦੇ ਹਨ, ਵਾਹਿਗੁਰੂ ਸੇਵਕ ਦਾ ਸਾਥ ਨਹੀਂ ਛੱਡਦਾ। ਗੁਰਮਤਿ, ਜੋਤਸ਼ ਵਿੱਦਿਆ ਦੇ ਵਹਿਮ-ਭਰਮ ਨੂੰ ਪੂਰੀ ਤਰ੍ਹਾਂ ਰੱਦ ਕਰਦੀ ਹੈ।

ਗੁਰਬਾਣੀ ਅੰਦਰ ਗੁਰਮਤਿ ਦਾ ਤੱਤ

ਜਿਥੋਂ ਤਕ ਗੁਰਬਾਣੀ ਦੀ ਮਹੱਤਤਾ ਹੈ, ਇਸ ਬਾਰੇ ਸੰਸਾਰ ਦੇ ਪ੍ਰਸਿੱਧ ਚਿੰਤਕਾਂ, ਇਤਿਹਾਸਕਾਰਾਂ ਤੇ ਧਾਰਮਿਕ ਹਸਤੀਆਂ ਨੇ ਖੋਜ ਕਰ ਕੇ ਆਪਣੀਆਂ-ਆਪਣੀਆਂ ਰਾਵਾਂ ਦਿੱਤੀਆਂ ਹਨ। ਇਕ ਸੰਸਾਰ ਦੇ ਬਹੁਤ ਹੀ ਪ੍ਰਸਿੱਧ ਇਤਿਹਾਸਕਾਰ 'ਅਰਨੋਲਡ ਟੋਇਨਬੀ' ਦੇ ਵਿਚਾਰ ਸਾਂਝੇ ਕਰਾਂਗਾ, "ਦੁਨੀਆਂ ਅੰਦਰ ਧਰਮਾਂ ਦਾ ਭਵਿੱਖ ਧੁੰਦਲਾ ਹੈ, ਪਰ ਇਕ ਗੱਲ ਸਪੱਸ਼ਟ ਹੈ ਕਿ ਦੁਨੀਆਂ ਦੇ ਮਹਾਨ ਧਰਮ ਪਹਿਲੋਂ ਨਾਲੋਂ ਇਕ ਦੂਜੇ ਨੂੰ ਵੱਧ ਪ੍ਰਭਾਵਤ ਕਰਨਗੇ ਕਿਉਂਕਿ ਅਜੋਕੇ ਕਾਲ ਵਿਚ ਸੰਚਾਰ ਸਾਧਨ ਬਹੁਤ ਵੱਧ ਗਏ ਹਨ। ਜਦੋਂ ਵੀ ਧਰਮਾਂ ਦੀ ਚਰਚਾ ਹੋਈ ਤਾਂ ਗੁਰੂ ਗ੍ਰੰਥ ਸਾਹਿਬ ਦਾ ਵਿਸ਼ੇਸ਼ ਸੰਦੇਸ਼ ਸਾਰੇ ਸੰਸਾਰ ਲਈ ਬਹੁਤ ਕੀਮਤੀ ਹੋਵੇਗਾ, ਭਾਵ ਸਮੂਹ ਸੰਸਾਰ ਲਈ ਗੁਰੂ ਗ੍ਰੰਥ ਸਾਹਿਬ ਦੀ ਸਿੱਖਿਆ ਲਾਹੇਵੰਦ ਹੋਵੇਗੀ।"

ਅੱਜ ਮੁੜ ਲੋੜ ਇਹ ਹੈ ਕਿ ਗੁਰਬਾਣੀ ਅੰਦਰ ਗੁਰਮਤਿ ਦੇ ਤੱਤ ਅਤੇ ਸਿਧਾਂਤਕ ਸੰਦੇਸ਼ਾਂ ਨੂੰ ਸਮਝ ਕੇ ਆਪਣੇ ਚੰਗੇ ਜੀਵਨ ਜਾਚ ਲਈ ਅਧਾਰ ਬਣਾਈਏ। ਦੂਸਰਾ, ਇਸ ਦੇ ਮਹਾਨ ਫ਼ਲਸਫ਼ੇ ਨੂੰ ਸਮੁੱਚੇ ਸੰਸਾਰ ਅੰਦਰ ਪ੍ਰਚਾਰੀਏ। ਇਥੇ ਭਾਈ ਗੁਰਦਾਸ ਜੀ ਦੇ ਸੁੰਦਰ ਬਚਨ ਸੇਧ ਦਿੰਦੇ ਹਨ:

ਗੁਰਮੁਖਿ ਜਨਮੁ ਸਕਾਰਥਾ ਗੁਰਬਾਣੀ ਪੜਿ ਸਮਝਿ ਸੁਣੇਹੀ॥

(ਵਾਰ 1, ਪਉੜੀ 3)

ਜੇ ਕਿਸੇ ਜਗਿਆਸੂ ਜਾਂ ਸ਼ਰਧਾਲੂ ਨੇ ਜਨਮ ਸਫਲ ਕਰਨਾ ਹੈ ਤਾਂ ਉਹ ਗੁਰਬਾਣੀ ਨੂੰ ਸਮਝ ਕੇ ਪੜ੍ਹੇ ਜਾਂ ਸੁਣੇ।

ਇਸ ਲੇਖ ਦਾ ਵਿਸ਼ਾ-ਵਸਤੂ ਮੁਖ ਤੌਰ 'ਤੇ ਗੁਰਬਾਣੀ ਸਿਧਾਂਤਾਂ ਦੀ ਸਪੱਸ਼ਟਤਾ ਬਾਰੇ ਹੈ। ਗੁਰਮਤਿ ਦੇ ਸਿਧਾਂਤ ਅਨੁਸਾਰ ਗੁਰਬਾਣੀ ਨੂੰ ਦੇਖਣ, ਗੁਰੂ ਗ੍ਰੰਥ ਸਾਹਿਬ ਜੀ ਦੇ ਬਾਹਰੀ ਦਰਸ਼ਨ ਕਰਨ ਜਾਂ ਰਸਮੀ ਤੌਰ 'ਤੇ ਅਧਿਕ ਪਾਠ ਕਰਨ ਨਾਲ ਪਾਰ-ਉਤਾਰਾ ਸੰਭਵ ਨਹੀਂ। ਗੁਰੂ ਸਾਹਿਬ ਆਖ ਰਹੇ ਹਨ ਕਿ ਸ਼ਬਦ-ਵਿਚਾਰ ਕਰਨਾ ਅਤਿ ਜ਼ਰੂਰੀ ਹੈ:

ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ॥
ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ॥

(ਵਾਰ ਵਡਹੰਸ, ਮ: ੩, ਪੰਨਾ 594)

ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਬਹੁ-ਪੱਖੀ ਸਿਧਾਂਤ ਹਨ ਤੇ ਗੁਰਮਤਿ ਦੇ ਤੱਤਸਾਰ ਨੂੰ ਸਮਝਣ ਲਈ ਕੁਝ ਵਿਸ਼ੇਸ਼ ਪੱਖਾਂ ਜਾਂ ਨਿਯਮਾਂ ਨੂੰ ਧਿਆਨ ਵਿਚ ਰੱਖਣ ਦੀ ਲੋੜ

ਹੈ। ਇਸ ਸੰਬੰਧ ਵਿਚ ਵਿਚਾਰ ਕਰਨ ਲਈ ਕੁਝ ਸ਼ਬਦਾਂ ਨੂੰ ਚੁਣਿਆ ਹੈ। ਕਈ ਵਾਰ ਅਜਿਹਾ ਵੀ ਸੁਣਨ ਵਿਚ ਮਿਲਦਾ ਹੈ ਕਿ ਅਸੀਂ ਗੁਰਮਤਿ ਅਤੇ ਅਨਮਤ ਦੇ ਫ਼ਰਕ ਨੂੰ ਸਮਝਣ ਤੋਂ ਬਿਨਾਂ ਗੁਰਬਾਣੀ ਪ੍ਰਮਾਣਾਂ ਦੀ ਅਢੁੱਕਵੀਂ ਵਰਤੋਂ ਕਰ ਲੈਂਦੇ ਹਾਂ। ਇਸ ਪ੍ਰਤੀ ਕੋਈ ਕਿੰਤੂ ਨਹੀਂ ਅਤੇ ਸਾਡਾ ਸਭ ਦਾ ਪੂਰਨ ਵਿਸ਼ਵਾਸ ਹੈ ਕਿ ਸਮੂਹ ਗੁਰਬਾਣੀ ਰਚਨਾ ਗੁਰੂਆਂ, ਭਗਤਾਂ ਤੇ ਭੱਟਾਂ ਨੇ ਆਪ ਕੀਤੀ ਹੈ। ਪਰ ਇਨ੍ਹਾਂ ਰਚਨਾਵਾਂ ਅੰਦਰ ਗੁਰਮਤਿ ਸਿੱਧਾਂਤ ਨੂੰ ਸਪੱਸ਼ਟ ਕਰਨ ਲਈ ਅਨਮਤਾਂ ਜਾਂ ਪੌਰਾਣਿਕ ਕਥਾਵਾਂ ਦੀ ਚਰਚਾ ਵੀ ਮਿਲਦੀ ਹੈ। ਜੇਕਰ ਗੁਰੂ ਸਾਹਿਬਾਨਾਂ ਨੇ ਪ੍ਰਚੱਲਿਤ ਲੋਕ ਧਾਰਨਾਵਾਂ ਜਾਂ ਕਥਾਵਾਂ ਦਾ ਵਰਣਨ ਕੀਤਾ ਹੈ, ਉਸ ਦਾ ਭਾਵ ਇਹ ਨਹੀਂ ਕਿ ਉਹ ਪੌਰਾਣਿਕ ਕਥਾਵਾਂ ਵਿਚ ਵਿਸ਼ਵਾਸ ਕਰਦੇ ਸਨ। ਇਹ ਸਮੇਂ ਦੀ ਲੋੜ ਸੀ ਅਤੇ ਲੋਕ ਪ੍ਰਚੱਲਿਤ ਕਥਾਵਾਂ ਨੂੰ ਸੋਖੇ ਸਮਝਦੇ ਸਨ ਅਤੇ ਗੁਰੂ ਸਾਹਿਬਾਨਾਂ ਨੇ ਗੁਰਮਤਿ ਦੇ ਤੱਤ ਨੂੰ ਸਮਝਾਉਣ ਲਈ ਮਿਥਿਹਾਸਕ ਕਥਾਵਾਂ ਦੀ ਵਰਤੋਂ ਕੀਤੀ ਹੈ ਅਤੇ ਅਖ਼ੀਰ 'ਚ ਗੁਰਮਤਿ ਦੇ ਪੱਖ ਨੂੰ ਸਪੱਸ਼ਟ ਕਰ ਦਿੰਦੇ ਹਨ।

ਇਸ ਵਿਸ਼ੇ ਨਾਲ ਸੰਬੰਧਿਤ, ਸਭ ਤੋਂ ਪਹਿਲਾਂ ਗੁਰੂ ਨਾਨਕ ਸਾਹਿਬ ਜੀ ਦੀ ਰਚਨਾ 'ਜਪੁ ਜੀ' ਵਿੱਚੋਂ 22ਵੀਂ ਪਉੜੀ ਲੈਂਦੇ ਹਾਂ ਅਤੇ ਬਚਨ ਹਨ:

ਪਾਤਾਲਾ ਪਾਤਾਲ ਲਖ ਆਗਾਸਾ ਆਗਾਸ॥
ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ॥
ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ॥ *(ਜਪੁ ਜੀ, ਪੰਨਾ 5)*

ਇਨ੍ਹਾਂ ਪੰਗਤੀਆਂ ਨੂੰ ਆਧਾਰ ਮੰਨ ਕੇ ਆਮ ਹੀ ਆਖ ਦਿੱਤਾ ਜਾਂਦਾ ਹੈ ਕਿ ਗੁਰੂ ਨਾਨਕ ਸਾਹਿਬ ਨੇ ਸਾਇੰਸਦਾਨਾਂ ਤੋਂ ਬਹੁਤ ਪਹਿਲਾਂ ਹੀ ਦੱਸ ਦਿੱਤਾ ਸੀ ਕਿ ਸ੍ਰਿਸ਼ਟੀ ਅੰਦਰ ਲੱਖਾਂ ਹੀ ਪਾਤਾਲ ਤੇ ਆਕਾਸ਼ ਹਨ, ਜਦੋਂ ਕਿ ਸਾਇੰਸਦਾਨਾਂ ਨੇ ਬਹੁਤ ਚਿਰ ਪਿੱਛੋਂ ਖੋਜ ਕਰ ਕੇ ਇਨ੍ਹਾਂ ਤੱਥਾਂ ਨੂੰ ਪ੍ਰਵਾਨ ਕੀਤਾ। ਅਸਲ ਵਿਚ ਗੁਰੂ ਸਾਹਿਬ ਆਖ ਰਹੇ ਹਨ ਕਿ ਵੇਦਾਂ ਦਾ ਵਿਚਾਰ ਹੈ ਕਿ ਲੱਖਾਂ ਹੀ ਆਕਾਸ਼ ਤੇ ਪਾਤਾਲ ਹਨ ਅਤੇ ਭਾਲ-ਭਾਲ ਥੱਕ ਗਏ ਜਦ ਕਿ ਰਚਨਾ ਦਾ ਅੰਤ ਨਹੀਂ ਲੱਭਦਾ। ਵੇਦਾਂ ਦੇ ਵਿਚਾਰਾਂ ਤੋਂ ਬਾਅਦ ਪੱਛਮੀ ਲੋਕਾਂ ਦੀਆਂ ਪੁਸਤਕਾਂ ਦੇ ਵਿਚਾਰ ਦੱਸਦੇ ਹਨ ਕਿ ਸ੍ਰਿਸ਼ਟੀ 'ਚ ਅਠਾਰਾਂ ਹਜ਼ਾਰ ਆਲਮ ਹਨ। ਇਨ੍ਹਾਂ ਵਿਚਾਰਾਂ ਤੋਂ ਬਾਅਦ ਗੁਰੂ ਸਾਹਿਬ ਆਪਣਾ ਵਿਚਾਰ ਦਿੰਦੇ ਹਨ:

ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ॥
ਨਾਨਕ ਵਡਾ ਆਖੀਐ ਆਪੇ ਜਾਣੈ ਆਪੁ॥ *(ਜਪੁ ਜੀ, ਪੰਨਾ 5)*

ਜੇ ਵਾਹਿਗੁਰੂ ਦੀ ਰਚਨਾ ਬਾਰੇ ਕੋਈ ਗਿਣਤੀ-ਮਿਣਤੀ ਹੋਵੇ ਤਾਂ ਹੀ ਲਿਖੀਏ, ਪਰ ਲੇਖਾ ਕਰਨ ਵਾਲੇ ਦਾ ਵੀ ਆਖ਼ਰ ਅੰਤ ਹੋ ਜਾਂਦਾ ਹੈ ਅਤੇ ਕੁਦਰਤ ਦਾ ਲੇਖਾ-ਜੋਖਾ ਕਰਨਾ ਸੰਭਵ ਨਹੀਂ। ਸਾਨੂੰ ਤਾਂ ਇਹ ਆਖਣਾ ਬੇਹਤਰ ਹੋਵੇਗਾ ਕਿ ਉਹ ਬਹੁਤ ਵੱਡਾ ਤੇ ਮਹਾਨ ਹੈ ਅਤੇ ਉਹ ਆਪ ਹੀ ਸਭ ਜਾਣ ਸਕਦਾ ਹੈ। ਇਥੇ ਹੁਣ ਸਾਡੇ ਲਈ ਸਪੱਸ਼ਟ ਹੈ ਕਿ ਗੁਰੂ ਸਾਹਿਬ ਹੋਰ ਅਨਮਤਾਂ ਦੇ ਵਿਚਾਰ ਦੱਸ ਕੇ ਆਪਣਾ ਸਿੱਧਾਂਤ ਜਾਂ ਗੁਰਮਤਿ ਦੇ ਪੱਖ ਨੂੰ ਉਜਾਗਰ ਕਰਦੇ ਹਨ।

ਜਪੁ ਬਾਣੀ ਦੀ 30ਵੀਂ ਪਉੜੀ ਦੀਆਂ ਪਹਿਲੀਆਂ ਦੋ ਪੰਗਤੀਆਂ:

ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ ॥
ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ॥ *(ਜਪੁ ਜੀ, ਪੰਨਾ 7)*

ਅੰਦਰ ਭਾਰਤੀ ਸੰਸਕ੍ਰਿਤੀ ਦੀ ਪ੍ਰਚੱਲਿਤ ਵਿਚਾਰਧਾਰਾ ਹੈ ਕਿ ਕਿਸੇ ਜੁਗਤਿ ਨਾਲ ਮਾਇਆ ਗਰਭਵਤੀ ਹੋ ਗਈ ਅਤੇ ਉਸ ਨੇ ਤਿੰਨ ਪੁੱਤਰ ਜੰਮੇ—ਬ੍ਰਹਮਾ, ਵਿਸ਼ਨੂ ਤੇ ਮਹੇਸ਼ (ਸ਼ਿਵਜੀ)। ਬ੍ਰਹਮਾ ਜਿਸ ਨੂੰ ਸ੍ਰਿਸ਼ਟੀ ਦਾ ਰਚਣਹਾਰ ਮੰਨਿਆ ਜਾਂਦਾ ਹੈ, ਦੂਜਾ, ਵਿਸ਼ਨੂ ਜੋ ਸੰਸਾਰੀ ਜੀਵਾਂ ਨੂੰ ਰੋਜ਼ੀ ਦਿੰਦਾ ਹੈ ਭਾਵ ਉਹ ਭੰਡਾਰੀ ਹੈ, ਤੀਜਾ ਸ਼ਿਵਜੀ, ਜੋ ਜੀਵਾਂ ਨੂੰ ਮਾਰਨ ਵਾਲਾ ਹੈ ਅਤੇ ਉਨ੍ਹਾਂ ਦੇ ਚੰਗੇ-ਮੰਦੇ ਕਰਮਾਂ ਦਾ ਨਿਬੇੜਾ ਕਰ ਕੇ ਸਜ਼ਾ ਦਿੰਦਾ ਹੈ, ਇਹ ਉਪਰੋਕਤ ਕਥਾ ਪੌਰਾਣਿਕ ਹੈ। ਆਖ਼ਰ 'ਚ ਗੁਰੂ ਨਾਨਕ ਸਾਹਿਬ ਆਖਦੇ ਹਨ ਕਿ ਪਰਮਾਤਮਾ ਦੀ ਸ਼ਕਤੀ-ਵੰਡ ਨਹੀਂ ਕੀਤੀ ਜਾ ਸਕਦੀ, ਜਿਵੇਂ ਪ੍ਰਭੂ ਨੂੰ ਭਾਉਂਦਾ ਹੈ, ਉਸ ਤਰ੍ਹਾਂ ਹੀ ਹੁੰਦਾ ਹੈ। ਉਸ ਦੇ ਹੁਕਮ ਨਾਲ ਹੀ ਸਾਰਾ ਸੰਸਾਰ ਚੱਲਦਾ ਹੈ। ਜਪੁ ਜੀ ਦੀ ਪੰਜਵੀਂ ਪਉੜੀ ਵਿਚ ਗੁਰੂ ਸਾਹਿਬ ਪੌਰਾਣਿਕ ਵਿਚਾਰਧਾਰਾ ਦਾ ਖੰਡਨ ਕਰ ਦਿੰਦੇ ਹਨ ਜਦੋਂ ਆਖਦੇ ਹਨ ਕਿ ਪਰਮਾਤਮਾ ਦੀ ਨਾ ਕੋਈ ਤਸਵੀਰ ਬਣ ਸਕਦੀ ਹੈ ਤੇ ਨਾ ਹੀ ਬੁੱਤ ਬਣਾਇਆ ਜਾ ਸਕਦਾ ਹੈ।

ਵਾਰ ਆਸਾ ਦੀ ਬਾਣੀ ਵਿਚ ਰੱਬੀ ਸ਼ਕਤੀ ਬਾਰੇ ਹੋਰ ਸਪੱਸ਼ਟ ਕਰ ਦਿੰਦੇ ਹਨ:

ਆਪੀਨੈ੍ ਆਪੁ ਸਾਜਿਓ ਆਪੀਨੈ੍ ਰਚਿਓ ਨਾਉ ॥
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥
ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ ॥
ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ ॥

(ਵਾਰ ਆਸਾ ਮਹਲਾ ੧, ਪੰਨਾ 463)

ਜੇਕਰ ਕੋਈ ਜਪੁ ਬਾਣੀ ਦੀ 30ਵੀਂ ਪਉੜੀ ਦੀਆਂ ਪਹਿਲੀਆਂ ਪੰਗਤੀਆਂ ਨੂੰ ਆਧਾਰ ਬਣਾ ਕੇ ਆਖੇ ਕਿ ਗੁਰੂ ਸਾਹਿਬ ਵੀ ਬ੍ਰਹਮਾ, ਵਿਸ਼ਨੂ ਤੇ ਮਹੇਸ਼ ਦੀ ਹੋਂਦ ਨੂੰ ਮੰਨਦੇ ਹਨ, ਤਾਂ ਪੂਰੀ ਅਗਿਆਨਤਾ ਹੀ ਹੋਵੇਗੀ ਕਿਉਂਕਿ ਗੁਰੂ ਸਾਹਿਬ ਨੇ ਗੁਰਮਤਿ ਦਾ ਤੱਤ ਇਸ ਪੌਰਾਣਿਕ ਕਥਾ ਤੋਂ ਬਾਅਦ ਸਪੱਸ਼ਟ ਕੀਤਾ ਹੈ।

ਗੁਰੂ ਨਾਨਕ ਸਾਹਿਬ ਜੀ ਦੀ ਇਕ ਰਚਨਾ 'ਸਿਧ ਗੋਸਟਿ' ਰਾਗ ਰਾਮਕਲੀ ਵਿਚ ਹੈ, ਜੋ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ 938 ਉੱਤੇ ਦਰਜ ਹੈ। ਜਿਵੇਂ ਇਸ ਬਾਣੀ ਦੇ ਸਿਰਲੇਖ ਤੋਂ ਹੀ ਪਤਾ ਲੱਗਦਾ ਹੈ ਕਿ ਗੁਰੂ ਸਾਹਿਬ ਜੀ ਦਾ ਸਿੱਧਾਂ ਨਾਲ ਧਰਮ ਦੇ ਅਨੇਕਾਂ ਵਿਸ਼ਿਆਂ ਉੱਤੇ ਸੰਵਾਦ ਹੋਇਆ। ਇਹ ਸਿੱਧ ਜੋਗ ਮੱਤ ਦੇ ਧਾਰਨੀ ਸਨ। ਸਿੱਧਾਂ ਨੇ ਗੁਰੂ ਜੀ ਨੂੰ ਪ੍ਰਸ਼ਨ ਕੀਤੇ ਤੇ ਉਨ੍ਹਾਂ ਦੇ ਮਾਰਗ ਬਾਰੇ ਜਾਣਨਾ ਚਾਹਿਆ। ਗੁਰੂ ਜੀ ਨੇ ਜਿਥੇ ਉਨ੍ਹਾਂ ਵੱਲੋਂ ਪੁੱਛੇ ਪ੍ਰਸ਼ਨਾਂ ਦੇ ਉੱਤਰ ਦਿੱਤੇ ਅਤੇ ਨਾਲ ਹੀ ਆਪਣੇ ਨਵੇਂ ਧਰਮ ਦੇ ਮਾਰਗ ਸੰਬੰਧੀ ਦੱਸਿਆ। ਇਹ ਬਾਣੀ ਕਾਫ਼ੀ ਵਿਸਥਾਰ ਵਿਚ ਹੈ ਅਤੇ ਇਥੇ ਕੁਝ ਕੁ ਸੰਖੇਪ ਜਿਹੀ ਚਰਚਾ ਕਰਾਂਗੇ। ਸਿਧ ਗੋਸਟਿ ਬਾਣੀ ਦੀ ਸਤਵੀਂ ਪਉੜੀ ਵਿਚ ਵਿਚਾਰ ਹਨ, ਜੋ ਸਿੱਧ ਦੱਸ ਰਹੇ ਹਨ:

ਹਾਟੀ ਬਾਟੀ ਰਹਹਿ ਨਿਰਾਲੇ ਰੂਖਿ ਬਿਰਖਿ ਉਦਿਆਨੇ॥
ਕੰਦ ਮੂਲੁ ਅਹਾਰੋ ਖਾਈਐ ਅਉਧੂ ਬੋਲੈ ਗਿਆਨੇ॥
ਤੀਰਥਿ ਨਾਈਐ ਸੁਖੁ ਫਲੁ ਪਾਈਐ ਮੈਲੁ ਨ ਲਾਗੈ ਕਾਈ॥
ਗੋਰਖ ਪੂਤੁ ਲੋਹਾਰੀਪਾ ਬੋਲੈ ਜੋਗ ਜੁਗਤਿ ਬਿਧਿ ਸਾਈ॥੭॥

(ਰਾਮਕਲੀ ਮਹਲਾ ੧, ਪੰਨੇ 938-39)

ਉਪਰੋਕਤ ਵਾਕਾਂ ਅੰਦਰ ਜੋਗੀ ਆਪਣੇ ਜੋਗ-ਮਤ ਸੰਬੰਧੀ ਦੱਸ ਰਹੇ ਹਨ ਕਿ ਉਹ ਸੰਸਾਰੀ ਝੰਮੇਲਿਆਂ ਤੋਂ ਲਾਂਭੇ ਹੋ ਕੇ ਜੰਗਲਾਂ ਵਿਚ ਦਰੱਖ਼ਤਾਂ ਥੱਲੇ ਵਾਸਾ ਕਰ ਲੈਂਦੇ ਹਾਂ। ਕੰਦ ਮੂਲ (ਫਲ, ਜੜ੍ਹ-ਗਾਜਰਾਂ ਆਦਿਕ) ਖਾ ਕੇ ਗੁਜ਼ਾਰਾ ਕਰ ਲੈਂਦੇ ਹਾਂ। ਤੀਰਥਾਂ ਉੱਤੇ ਇਸ਼ਨਾਨ ਕਰਨ ਨੂੰ ਉਹ ਮਹੱਤਵਪੂਰਨ ਸਮਝਦੇ ਹਨ ਅਤੇ ਇਸ ਨਾਲ ਕੋਈ ਮੈਲ ਨਹੀਂ ਲੱਗ ਸਕਦੀ। ਇਹ ਜੋਗੀ (ਲੋਹਾਰੀਪਾ, ਗੋਰਖ ਦਾ ਪੁੱਤਰ) ਗਿਆਨ ਦੀਆਂ ਗੱਲਾਂ ਦੱਸਦਾ ਹੈ। ਇਹ ਵਿਚਾਰ ਜੋਗ-ਮਤ ਦੇ ਹਨ ਅਤੇ ਗੁਰਮਤਿ ਘਰ-ਬਾਰ ਛੱਡ ਕੇ ਸੰਨਿਆਸ ਧਾਰਨ ਦੇ ਵਿਰੁੱਧ ਹੈ। ਦੂਸਰਾ, ਸਿੱਖ ਧਰਮ ਅੰਦਰ ਤੀਰਥ ਇਸ਼ਨਾਨ ਦੀ ਕੋਈ ਮਹੱਤਤਾ ਨਹੀਂ ਹੈ। ਸਿੱਖ ਮਾਰਗ ਅਨੁਸਾਰ:

ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ॥
ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ॥ *(ਧਨਾਸਰੀ ਮਹਲਾ ੧, ਪੰਨਾ 687)*

ਹੁਣ ਗੁਰੂ ਨਾਨਕ ਸਾਹਿਬ ਆਪਣੇ ਮਤ ਬਾਰੇ ਦੱਸਣਗੇ:

ਹਾਟੀ ਬਾਟੀ ਨੀਦ ਨ ਆਵੈ ਪਰ ਘਰਿ ਚਿਤੁ ਨ ਡੋਲਾਈ॥
ਬਿਨੁ ਨਾਵੈ ਮਨੁ ਟੇਕ ਨ ਟਿਕਈ ਨਾਨਕ ਭੂਖ ਨ ਜਾਈ॥
ਹਾਟੁ ਪਟਣੁ ਘਰੁ ਗੁਰੂ ਦਿਖਾਇਆ ਸਹਜੇ ਸਚੁ ਵਾਪਾਰੋ॥
ਖੰਡਿਤ ਨਿਦ੍ਰਾ ਅਲਪ ਅਹਾਰੰ ਨਾਨਕ ਤਤੁ ਬੀਚਾਰੋ॥੮॥

(ਰਾਮਕਲੀ ਮਹਲਾ ੧, ਪੰਨਾ 939)

ਗੁਰਮਤਿ ਦਾ ਮਾਰਗ ਹੈ ਕਿ ਮਨੁੱਖ ਦੁਨੀਆਂ ਵਿਚ ਰਹਿੰਦਾ ਹੋਇਆ ਦੁਨੀਆਂ ਦੇ ਧੰਦਿਆਂ ਵਿਚ ਨਾ ਗੁਆਚੇ, ਭਾਵ ਪਰਮਾਤਮਾ ਕਦੀ ਨਾ ਵਿਸਰੇ। ਪਰਾਏ ਘਰ ਦੀ ਇਸਤਰੀ ਅਤੇ ਪਰਾਏ ਧਨ ਵੱਲ ਦੇਖ ਕੇ ਮਨ ਨਾ ਡੋਲਾਇ। ਗੁਰੂ ਸਾਹਿਬ ਆਖ ਰਹੇ ਹਨ ਕਿ ਪਰਮਾਤਮਾ ਦੇ ਉੱਚੇ ਗੁਣਾਂ ਨੂੰ ਹਿਰਦੇ 'ਚ ਵਸਾ ਕੇ ਹੀ ਮਾਇਆ ਦੀ ਤ੍ਰਿਸ਼ਨਾ ਦੂਰ ਹੁੰਦੀ ਹੈ ਅਤੇ ਮਨ ਟਿਕ ਕੇ ਰਹਿ ਸਕਦਾ ਹੈ। ਗੁਰੂ ਸਾਹਿਬ ਜੋਗ-ਮਤ ਦਾ ਕੋਈ ਪ੍ਰਭਾਵ ਨਹੀਂ ਲੈ ਰਹੇ ਅਤੇ ਆਪਣੇ ਮਾਰਗ ਦੇ ਤੱਤ ਨੂੰ ਸਪੱਸ਼ਟ ਕਰ ਦਿੱਤਾ। ਅਜੋਕੇ ਸਮੇਂ ਵਿਉਪਾਰੀ ਬਿਰਤੀ ਵਾਲੇ ਲੋਕ ਭੋਲੇ-ਭਾਲੇ ਲੋਕਾਂ ਦੀ ਅਗਿਆਨਤਾ ਕਾਰਨ ਲੁੱਟ-ਖਸੁੱਟ ਕਰਨ ਤੋਂ ਸੰਕੋਚ ਨਹੀਂ ਕਰਦੇ। ਉਨ੍ਹਾਂ ਵੱਲੋਂ ਗੁਰਧਾਮਾਂ ਦੀ ਯਾਤਰਾ ਕਰਾਉਣ ਵਾਲੀਆਂ ਬੱਸਾਂ ਉੱਤੇ ਲਿਖਿਆ ਹੁੰਦਾ ਹੈ, "ਤੀਰਥਿ ਨਾਈਐ, ਸੁਖੁ ਫਲ ਪਾਈਐ..." ਜਦ ਕਿ ਇਹ ਵਿਚਾਰ ਜੋਗ-ਮਤ ਦੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ 143 ਉਪਰ ਪਹਿਲੀ ਪਾਤਸ਼ਾਹੀ ਰਚਿਤ ਮਾਝ ਕੀ ਵਾਰ ਸਿਰਲੇਖ ਹੇਠ ਇਕ ਸ਼ਬਦ ਹੈ, ਜਿਸ ਸ਼ਬਦ ਦੀ ਇਕ ਪੰਗਤੀ ਨੂੰ

ਕਥਾਕਾਰ, ਢਾਡੀ ਅਤੇ ਕੀਰਤਨੀਆਂ ਵੱਲੋਂ ਬਹੁਤ ਵਾਰੀ ਪ੍ਰਮਾਣ ਵਜੋਂ ਪ੍ਰਯੋਗ ਕੀਤਾ ਜਾਂਦਾ ਹੇ। "ਪੁਤੀ ਗੰਢੁ ਪਵੈ ਸੰਸਾਰਿ..." ਆਖ ਕੇ ਕਿਹਾ ਜਾਂਦਾ ਹੈ ਕਿ ਸੰਸਾਰ ਵਿਚ ਪੁੱਤਰਾਂ ਨਾਲ ਹੀ ਵੰਸ਼ ਚੱਲਦੀ ਹੈ। ਹਾਲਾਂਕਿ ਇਸ ਪੰਗਤੀ ਜਾਂ ਸਮੁੱਚੇ ਸ਼ਬਦ ਦਾ ਪੁੱਤਰ ਦੇ ਜਨਮ ਨਾਲ ਕੋਈ ਸੰਬੰਧ ਨਹੀਂ ਜੁੜਦਾ। ਇਸ ਸ਼ਬਦ ਅੰਦਰ ਗੁਰੂ ਸਾਹਿਬ ਵੱਲੋਂ ਸਮਾਜ ਅੰਦਰ ਪ੍ਰਚੱਲਿਤ ਰਵਾਇਤਾਂ ਜਾਂ ਅਖਾਣਾਂ ਬਾਰੇ ਚਰਚਾ ਕੀਤੀ ਹੋਈ ਹੈ। ਸ਼ਬਦ ਦਾ ਪੂਰਾ ਰੂਪ ਇੰਜ ਹੈ:

ਕੈਹਾ ਕੰਚਨੁ ਤੁਟੈ ਸਾਰੁ ॥
ਅਗਨੀ ਗੰਢੁ ਪਾਏ ਲੋਹਾਰੁ ॥
ਗੋਰੀ ਸੇਤੀ ਤੁਟੈ ਭਤਾਰੁ ॥
ਪੁਤੀ ਗੰਢੁ ਪਵੈ ਸੰਸਾਰਿ ॥
ਰਾਜਾ ਮੰਗੈ ਦਿਤੈ ਗੰਢੁ ਪਾਇ ॥
ਭੁਖਿਆ ਗੰਢੁ ਪਵੈ ਜਾ ਖਾਇ ॥
ਕਾਲਾ ਗੰਢੁ ਨਦੀਆ ਮੀਹ ਝੋਲ ॥
ਗੰਢੁ ਪਰੀਤੀ ਮਿਠੇ ਬੋਲ ॥...
ਨਾਨਕੁ ਆਖੈ ਏਹੁ ਬੀਚਾਰੁ ॥
ਸਿਫਤੀ ਗੰਢੁ ਪਵੈ ਦਰਬਾਰਿ ॥੨॥ *(ਵਾਰ ਮਾਝ, ਮ: ੧, ਪੰਨਾ 143)*

ਸ਼ਬਦ ਦੇ ਪਹਿਲੇ ਹਿੱਸੇ ਵਿਚ ਸਮਾਜ ਅੰਦਰ ਪ੍ਰਚੱਲਿਤ ਅਖਾਣਾਂ ਦੀ ਚਰਚਾ ਕਰ ਕੇ ਆਖ਼ਰ 'ਚ ਆਪਣਾ ਮਤ ਦੱਸਦੇ ਹਨ ਕਿ ਸਮਾਜ ਅੰਦਰ ਵੱਖ-ਵੱਖ ਚੀਜ਼ਾਂ ਦੇ ਆਪਸੀ ਮਿਲਾਪ ਲਈ ਵੱਖ-ਵੱਖ ਸਾਧਨ ਹਨ, ਪਰ ਸਭ ਤੋਂ ਮਹੱਤਵਪੂਰਨ ਗੱਲ ਪਰਮਾਤਮਾ ਦੀ ਸਿਫ਼ਤ ਕਰਨੀ ਹੈ, ਜਿਸ ਦੁਆਰਾ ਉਸ ਨਾਲ ਨਾਤਾ ਜੋੜਿਆ ਜਾ ਸਕਦਾ ਹੈ। ਜਦੋਂ ਪ੍ਰਚਾਰਕ ਇਕ ਪੰਗਤੀ ਵਿੱਚੋਂ ਲੈ ਕੇ ਆਖਣ ਕਿ ਗੁਰਬਾਣੀ ਆਖ ਰਹੀ ਹੈ ਕਿ ਪੁੱਤਰਾਂ ਨਾਲ ਵੰਸ਼ ਚੱਲਦੀ ਹੈ ਤਾਂ ਇਹ ਸਰਾਸਰ ਗ਼ਲਤ ਹੈ। ਗੁਰਮਤਿ ਅੰਦਰ ਅਜਿਹੀ ਸੋਚ ਪ੍ਰਵਾਨ ਨਹੀਂ ਕਿ ਗੁਰੂ ਸਾਹਿਬ ਆਖਣ ਕਿ ਪੁੱਤਰਾਂ ਤੋਂ ਬਿਨਾਂ ਪਰਿਵਾਰ ਅਧੂਰਾ ਹੈ, ਹਾਲਾਂਕਿ ਉਨ੍ਹਾਂ ਨੇ ਯੋਗਤਾ ਦੀ ਕਸਵੱਟੀ ਅਨੁਸਾਰ ਆਪਣੇ ਪੁੱਤਰਾਂ ਨੂੰ ਵਾਰਸ ਨਹੀਂ ਬਣਾਇਆ। ਚਲਾਕ ਲੋਕਾਂ ਨੇ ਗੁਰੂ ਸਾਹਿਬਾਨਾਂ ਦੇ ਜੀਵਨ ਨਾਲ ਪੁੱਤਰਾਂ ਦੀ ਮਹੱਤਤਾ ਦੱਸਣ ਲਈ ਕਈ ਅਜਿਹੀਆਂ ਕਹਾਣੀਆਂ ਜੋੜ ਦਿੱਤੀਆਂ, ਜਿਨ੍ਹਾਂ ਦਾ ਗੁਰਮਤਿ ਨਾਲ ਦੂਰ ਦਾ ਸੰਬੰਧ ਵੀ ਨਹੀਂ ਜੁੜਦਾ।

ਰਾਮਕਲੀ ਰਾਗ ਵਿਚ ਗੁਰੂ ਨਾਨਕ ਸਾਹਿਬ ਜੀ ਦਾ ਉਚਾਰਿਆ ਇਕ ਸ਼ਬਦ ਪੰਨਾ 953 ਉੱਤੇ ਦਰਜ ਹੈ:

ਸਹੰਸਰ ਦਾਨ ਦੇ ਇੰਦ੍ਰੁ ਰੋਆਇਆ ॥
ਪਰਸ ਰਾਮੁ ਰੋਵੈ ਘਰਿ ਆਇਆ ॥
ਅਜੈ ਸੁ ਰੋਵੈ ਭੀਖਿਆ ਖਾਇ ॥
ਐਸੀ ਦਰਗਹ ਮਿਲੈ ਸਜਾਇ ॥
ਰੋਵੈ ਰਾਮੁ ਨਿਕਾਲਾ ਭਇਆ ॥

ਸੀਤਾ ਲਖਮਣੁ ਵਿਛੁੜਿ ਗਇਆ ॥
ਰੋਵੈ ਦਹਸਿਰੁ ਲੰਕ ਗਵਾਇ ॥
ਜਿਨਿ ਸੀਤਾ ਆਦੀ ਡਉਰੂ ਵਾਇ ॥
ਰੋਵਹਿ ਪਾਂਡਵ ਭਏ ਮਜੂਰ ॥
ਜਿਨ ਕੈ ਸੁਆਮੀ ਰਹਤ ਹਦੂਰਿ ॥
ਰੋਵੈ ਜਨਮੇਜਾ ਖੁਇ ਗਇਆ ॥
ਏਕੀ ਕਾਰਣਿ ਪਾਪੀ ਭਇਆ ॥
ਰੋਵਹਿ ਸੇਖ ਮਸਾਇਕ ਪੀਰ ॥
ਅੰਤਿ ਕਾਲਿ ਮਤੁ ਲਾਗੈ ਭੀੜ ॥
ਰੋਵਹਿ ਰਾਜੇ ਕੰਨ ਪੜਾਇ ॥
ਘਰਿ ਘਰਿ ਮਾਗਹਿ ਭੀਖਿਆ ਜਾਇ ॥
ਰੋਵਹਿ ਕਿਰਪਨ ਸੰਚਹਿ ਧਨੁ ਜਾਇ ॥
ਪੰਡਿਤ ਰੋਵਹਿ ਗਿਆਨੁ ਗਵਾਇ ॥
ਬਾਲੀ ਰੋਵੈ ਨਾਹਿ ਭਤਾਰੁ ॥
ਨਾਨਕ ਦੁਖੀਆ ਸਭੁ ਸੰਸਾਰੁ ॥
ਮੰਨੇ ਨਾਉ ਸੋਈ ਜਿਣਿ ਜਾਇ ॥
ਅਉਰੀ ਕਰਮ ਨ ਲੇਖੈ ਲਾਇ ॥੧॥ *(ਵਾਰ ਰਾਮਕਲੀ, ਮ: ੧, ਪੰਨੇ 953-54)*

ਇਸ ਸ਼ਬਦ ਅੰਦਰ ਪੌਰਾਣਿਕ ਕਥਾਵਾਂ ਦਾ ਵਰਣਨ ਹੈ, ਜਿਸ ਵਿਚ ਦੇਵਤਿਆਂ ਦੀਆਂ ਅਵਸਥਾਵਾਂ ਦੀ ਚਰਚਾ ਹੈ। ਜਿਵੇਂ ਇੰਦਰ ਬਾਰੇ ਆਖਿਆ ਜਾਂਦਾ ਹੈ ਕਿ ਉਸ ਦਾ ਮਨ ਗੌਤਮ ਰਿਸ਼ੀ ਦੀ ਘਰਵਾਲੀ ਦੀ ਸੁੰਦਰਤਾ ਦੇਖ ਡੋਲ ਗਿਆ ਅਤੇ ਮਾੜਾ ਕਰਮ ਕਰਨ ਕਰਕੇ ਸਜ਼ਾ ਮਿਲੀ ਤੇ ਫਿਰ ਰੋਵੇ। ਪਰਸ਼ੂ ਰਾਮ ਆਪਣੇ ਪਿਤਾ ਜਮਦਾਗਨ ਦੀ ਮੌਤ ਉੱਤੇ ਘਰ ਆ ਕੇ ਰੋਇਆ। ਰਾਮਚੰਦਰ ਨੂੰ ਦੇਸ਼ ਨਿਕਾਲਾ ਮਿਲਣ 'ਤੇ ਅਥਵਾ ਸੀਤਾ ਅਤੇ ਲਛਮਣ ਦੇ ਵਿਛੋੜੇ ਦਾ ਦੁਖ ਹੋਇਆ। ਰਾਵਣ ਜਿਸ ਨੇ ਡੌਰੂ ਵਜਾ ਕੇ ਸੀਤਾ ਚੁੱਕੀ ਅਤੇ ਲੰਕਾ ਦਾ ਰਾਜ ਗਵਾ ਕੇ ਰੋਇਆ। ਪਾਂਡਵ ਜਿਨ੍ਹਾਂ ਦੀ ਨੇੜਤਾ ਕ੍ਰਿਸ਼ਨ ਨਾਲ ਸੀ, ਪਰ ਮਜ਼ਦੂਰੀ ਕਰਦੇ ਰੋਏ। ਰਾਜਾ ਜਨਮੇਜਾ ਜਿਸ ਨੇ ਆਪਣੀ ਇਸਤਰੀ ਪਿੱਛੇ ਅਠਾਰਾਂ ਬ੍ਰਾਹਮਣ ਮਾਰ ਦਿੱਤੇ ਅਤੇ ਆਖ਼ਰ ਹੱਤਿਆਵਾਂ ਕਰ ਕੇ ਪਛਤਾਇਆ। ਇਸ ਤਰ੍ਹਾਂ ਹੀ ਸ਼ੇਖ਼ ਤੇ ਪੀਰ ਵੀ ਰੋਂਦੇ ਹਨ ਕਿ ਕਿਤੇ ਉਨ੍ਹਾਂ ਨੂੰ ਅਖ਼ੀਰ ਵੇਲੇ ਦੁਖ ਨਾ ਹੋਵੇ। ਰਾਜੇ, ਜਿਨ੍ਹਾਂ ਨੇ ਜੋਗੀ ਬਣ ਕੇ ਕੰਨ ਪੜਵਾ ਲਏ ਅਤੇ ਭਿਖਿਆ ਮੰਗਣੀ ਪਈ। ਕੰਜੂਸ ਲੋਕ ਮਾਇਆ ਦੇ ਖੁੱਸ ਜਾਣ ਦੇ ਡਰ ਵਿਚ ਰੋਂਦੇ ਹਨ। ਪੰਡਿਤ ਲੋਕ ਇਸ ਕਰਕੇ ਰੋਂਦੇ ਹਨ ਜਦੋਂ ਉਨ੍ਹਾਂ ਦਾ ਗਿਆਨ ਚਲਾ ਜਾਂਦਾ ਹੈ। ਮੁਟਿਆਰ ਉਸ ਸਮੇਂ ਰੋਂਦੀ ਹੈ ਜਦੋਂ ਉਸ ਦਾ ਭਤਾਰ (ਪਤੀ) ਨਹੀਂ ਰਹਿੰਦਾ। ਆਖ਼ਰ 'ਚ ਗੁਰੂ ਸਾਹਿਬ ਤੱਤ ਇਹੀ ਕੱਢਦੇ ਹਨ ਕਿ ਸੰਸਾਰ ਅੰਦਰ (ਅਖੌਤੀ) ਜਪ ਤਪ ਕਰਨਾ ਕੋਈ ਲਾਹੇ ਦਾ ਕਰਮ ਨਹੀਂ, ਕਿਉਂਕਿ ਵੱਡੇ ਵੱਡੇ ਅਵਤਾਰ, ਰਾਜੇ ਅਤੇ ਦੇਵਤੇ ਖ਼ੁਆਰ ਹੋਏ। ਜੀਵਨ ਦਾ ਅਸਲ ਮਨੋਰਥ ਹੈ ਕਿ ਰੱਬੀ ਗੁਣਾਂ ਨਾਲ ਸਾਂਝ ਬਣਾ ਕੇ ਜੀਵਨ

ਮੁਕਤ ਹੋਇਆ ਜਾਵੇ। ਜਿਨ੍ਹਾਂ ਨੇ ਰੱਬ ਦੇ ਨਾਮ ਨਾਲ ਨਾਤਾ ਜੋੜਿਆ, ਉਹ ਜੀਵਨ ਦੀ ਬਾਜ਼ੀ ਜਿੱਤ ਕੇ ਜਾਂਦੇ ਹਨ। ਜਿਥੋਂ ਤਕ ਪੌਰਾਣਿਕ ਕਥਾਵਾਂ ਦੀ ਗੱਲ ਹੈ, ਉਨ੍ਹਾਂ ਨਾਲ ਸਾਡਾ ਕੋਈ ਸਰੋਕਾਰ ਨਹੀਂ, ਗੁਰੂ ਸਾਹਿਬ ਨੇ ਉਨ੍ਹਾਂ ਨੂੰ ਬਤੌਰ ਅਲੰਕਾਰ ਪ੍ਰਯੋਗ ਕੀਤਾ ਹੈ। ਅਸੀਂ ਇਸ ਸ਼ਬਦ ਨੂੰ ਆਧਾਰ ਮੰਨ ਕੇ ਇਹ ਨਹੀਂ ਕਹਿ ਸਕਦੇ ਕਿ ਇਹ ਸਾਰੇ ਦੇਵਤੇ ਜਾਂ ਉਨ੍ਹਾਂ ਬਾਰੇ ਬਿਰਤਾਂਤ ਸੱਚੇ ਹਨ ਜਾਂ ਗੁਰੂ ਸਾਹਿਬ ਇਨ੍ਹਾਂ ਕਥਾਵਾਂ ਦੀ ਪ੍ਰਮਾਣਿਕਤਾ ਨੂੰ ਮੰਨਦੇ ਹਨ। ਗੁਰੂ ਸਾਹਿਬ ਨੇ ਜਾਣ ਬੁਝ ਕੇ ਕੋਈ ਵਿਅੰਗ ਨਹੀਂ ਕੱਸੇ, ਸਗੋਂ ਜੋ ਕਥਾਵਾਂ ਲੋਕ ਧਾਰਾ ਦਾ ਹਿੱਸਾ ਸਨ, ਉਸ ਨੂੰ ਚਿਤਰਿਆ ਅਤੇ ਅਖ਼ੀਰ 'ਚ ਗੁਰਮਤਿ ਦਾ ਤੱਤ ਦੱਸ ਦਿੱਤਾ।

ਭਾਰਤੀ ਸਭਿਆਚਾਰ ਅੰਦਰ ਚਾਰ ਜੁਗਾਂ ਦੀ ਗੱਲ ਪ੍ਰਚੱਲਿਤ ਹੈ ਅਤੇ ਅਜਿਹੀ ਜੁਗ-ਵੰਡ ਦੁਨੀਆਂ ਦੇ ਕਿਸੇ ਹੋਰ ਹਿੱਸੇ ਵਿਚ ਨਹੀਂ ਮਿਲਦੀ। ਇਨ੍ਹਾਂ ਜੁਗਾਂ ਬਾਰੇ ਵਿਸ਼ਵਾਸ ਪੌਰਾਣਿਕ ਹੈ ਤੇ ਜੁਗ-ਵੰਡ ਨੂੰ ਗੁਰਮਤਿ ਨਹੀਂ ਮੰਨਦੀ। ਗੁਰੂ ਸਾਹਿਬ ਪੌਰਾਣਿਕ ਸ਼ਬਦਾਵਲੀ ਦਾ ਪ੍ਰਯੋਗ ਬਹੁਤ ਥਾਈਂ ਕਰਦੇ ਹਨ, ਪਰ ਵੱਖਰੇ ਅਰਥਾਂ ਵਿਚ :

ਸਤਜੁਗਿ ਸਚੁ ਕਹੈ ਸਭੁ ਕੋਈ ॥
ਘਰਿ ਘਰਿ ਭਗਤਿ ਗੁਰਮੁਖਿ ਹੋਈ ॥
ਸਤਜੁਗਿ ਧਰਮੁ ਪੈਰ ਹੈ ਚਾਰਿ ॥
ਗੁਰਮੁਖਿ ਬੂਝੈ ਕੋ ਬੀਚਾਰਿ ॥੧॥
ਜੁਗ ਚਾਰੇ ਨਾਮਿ ਵਡਿਆਈ ਹੋਈ ॥
ਜਿ ਨਾਮਿ ਲਾਗੈ ਸੋ ਮੁਕਤਿ ਹੋਵੈ ਗੁਰ ਬਿਨੁ ਨਾਮੁ ਨ ਪਾਵੈ ਕੋਈ ॥੧॥ਰਹਾਉ॥
ਤ੍ਰੇਤੈ ਇਕ ਕਲ ਕੀਨੀ ਦੂਰਿ ॥
ਪਾਖੰਡੁ ਵਰਤਿਆ ਹਰਿ ਜਾਣਨਿ ਦੂਰਿ ॥
ਗੁਰਮੁਖਿ ਬੂਝੈ ਸੋਝੀ ਹੋਈ ॥
ਅੰਤਰਿ ਨਾਮੁ ਵਸੈ ਸੁਖੁ ਹੋਈ ॥੨॥
ਦੁਆਪੁਰਿ ਦੂਜੈ ਦੁਬਿਧਾ ਹੋਇ ॥
ਭਰਮਿ ਭੁਲਾਨੇ ਜਾਣਹਿ ਦੋਇ ॥
ਦੁਆਪੁਰਿ ਧਰਮਿ ਦੁਇ ਪੈਰ ਰਖਾਏ ॥
ਗੁਰਮੁਖਿ ਹੋਵੈ ਤ ਨਾਮੁ ਦ੍ਰਿੜਾਏ ॥੩॥
ਕਲਜੁਗਿ ਧਰਮ ਕਲਾ ਇਕ ਰਹਾਏ ॥
ਇਕ ਪੈਰਿ ਚਲੈ ਮਾਇਆ ਮੋਹੁ ਵਧਾਏ ॥
ਮਾਇਆ ਮੋਹੁ ਅਤਿ ਗੁਬਾਰੁ ॥
ਸਤਗੁਰੁ ਭੇਟੈ ਨਾਮਿ ਉਧਾਰੁ ॥੪॥
ਸਭ ਜੁਗ ਮਹਿ ਸਾਚਾ ਏਕੋ ਸੋਈ ॥
ਸਭ ਮਹਿ ਸਚੁ ਦੂਜਾ ਨਹੀ ਕੋਈ ॥
ਸਾਚੀ ਕੀਰਤਿ ਸਚੁ ਸੁਖੁ ਹੋਈ ॥
ਗੁਰਮੁਖਿ ਨਾਮੁ ਵਖਾਣੈ ਕੋਈ ॥੫॥

ਸਭ ਜੁਗ ਮਹਿ ਨਾਮੁ ਊਤਮੁ ਹੋਈ॥
ਗੁਰਮੁਖਿ ਵਿਰਲਾ ਬੂਝੈ ਕੋਈ॥
ਹਰਿ ਨਾਮੁ ਧਿਆਏ ਭਗਤੁ ਜਨੁ ਸੋਈ॥
ਨਾਨਕ ਜੁਗਿ ਜੁਗਿ ਨਾਮਿ ਵਡਿਆਈ ਹੋਈ॥੬॥੧॥

(ਰਾਮਕਲੀ ਮਹਲਾ ੩, ਪੰਨਾ 880)

ਇਸ ਸ਼ਬਦ ਅੰਦਰ ਗੁਰੂ ਅਮਰਦਾਸ ਜੀ ਨੇ ਪੁਰਾਤਨ ਮਨੌਤ ਅਨੁਸਾਰ ਵੱਖ-ਵੱਖ ਜੁਗਾਂ ਵਿਚ ਲੋਕਾਂ ਦੇ ਸੁਭਾਵਾਂ ਬਾਰੇ ਦੱਸਿਆ ਹੈ, ਜਿਵੇਂ ਕਿਹਾ ਜਾਂਦਾ ਹੈ ਕਿ ਸਤਜੁਗ ਵਿਚ ਲੋਕ ਬਹੁਤ ਧਰਮੀ ਸਨ ਤੇ ਤ੍ਰੇਤੈ ਜੁਗ ਵਿਚ ਧਰਮ ਘੱਟ ਗਿਆ। ਇਸ ਜੁਗ ਵਿਚ ਪਾਖੰਡ ਵੱਧ ਗਿਆ। ਦੁਆਪਰ ਜੁਗ ਵਿਚ ਧਰਮ ਹੋਰ ਘੱਟ ਗਿਆ। ਕਲਜੁਗ ਅੰਦਰ ਧਰਮ ਦਾ ਬੋਲ-ਬਾਲਾ ਖ਼ਤਮ ਹੋ ਗਿਆ ਅਤੇ ਮੋਹ ਮਾਇਆ ਦਾ ਪਸਾਰਾ ਵੱਧ ਗਿਆ। ਅਸੀਂ ਸ਼ਬਦ ਦੀਆਂ ਰਹਾਉ ਵਾਲੀਆਂ ਤੁਕਾਂ ਵਿੱਚੋਂ ਤੱਤ-ਸਾਰ ਲਵਾਂਗੇ ਅਤੇ ਗੁਰਮਤਿ ਦਾ ਤੱਤ ਉਜਾਗਰ ਹੋਵੇਗਾ। ਗੁਰੂ ਸਾਹਿਬ ਪੁਰਾਤਨ ਵਿਸ਼ਵਾਸ ਨੂੰ ਠੁਕਰਾਉਂਦੇ ਹੋਏ ਆਖ ਰਹੇ ਹਨ ਕਿ ਸਾਰੇ ਜੁਗਾਂ ਵਿਚ ਪਰਮਾਤਮਾ ਇੱਕੋ ਹੀ ਹੈ ਅਤੇ ਸਾਰੇ ਜੀਵਾਂ ਵਿਚ ਸਤਿ ਸਰੂਪ ਪ੍ਰਭੂ ਵੱਸਦਾ ਹੈ, ਹੋਰ ਕੋਈ ਦੂਜਾ ਨਹੀਂ। ਜੇ ਕੋਈ ਰੱਬ ਦੇ ਨਾਮ ਨਾਲ ਸਾਂਝ ਬਣਾਉਂਦਾ ਹੈ, ਉਹ ਸੁਖੀ ਹੁੰਦਾ ਹੈ, ਪਰ ਵਿਰਲੇ ਹੀ ਇਸ ਤੱਥ ਨੂੰ ਸਮਝਦੇ ਹਨ। ਸਾਰੇ ਜੁਗਾਂ ਵਿਚ ਪਰਮਾਤਮਾ ਦਾ ਨਾਮ ਹੀ ਉੱਤਮ ਹੈ, ਜੋ ਪ੍ਰਭੂ ਨੂੰ ਯਾਦ ਕਰਦੇ ਹਨ, ਉਨ੍ਹਾਂ ਦੀ ਵਡਿਆਈ ਹੁੰਦੀ ਹੈ।

ਗੁਰੂ ਨਾਨਕ ਸਾਹਿਬ ਜੀ ਦਾ ਰਾਮਕਲੀ ਰਾਗ ਵਿਚ ਪੰਨਾ 902 ਉੱਤੇ ਸ਼ਬਦ ਹੈ। ਇਸ ਸ਼ਬਦ ਵਿਚ ਉਨ੍ਹਾਂ ਨੇ ਸਪੱਸ਼ਟ ਕੀਤਾ ਹੈ ਕਿ ਮੁੱਢ ਤੋਂ ਹੀ ਉਹੀ ਸੂਰਜ, ਚੰਦਰਮਾ ਅਤੇ ਤਾਰੇ ਚੜ੍ਹਦੇ ਆ ਰਹੇ ਹਨ। ਉਹੀ ਧਰਤੀ ਤੇ ਉਹੀ ਸੂਰਜ ਤਪਦਾ ਆ ਰਿਹਾ ਹੈ। ਉਹੀ ਹਵਾ ਝੁੱਲਦੀ ਆ ਰਹੀ ਹੈ। ਪੰਡਤ! ਤੂੰ ਦੱਸ, ਕਲਜੁਗ ਕਿਥੇ ਬੈਠਾ ਹੈ, ਕਿਹੜੇ ਤੀਰਥ ਪਾਸ ਬੈਠਾ ਹੈ। ਗੁਰੂ ਸਾਹਿਬ ਰਹਾਉ ਅੰਦਰ ਦੱਸਦੇ ਹਨ ਕਿ ਜੋ ਮਨੁੱਖ ਧੱਕਾ ਕਰਦਾ ਹੈ ਜੇਕਰ ਉਸ ਦੀ ਹੀ ਚੱਲਦੀ ਹੋਵੇ ਤਾਂ ਇਹ ਕਲਜੁਗ ਦੇ ਲੱਛਣ ਹਨ। ਜੇ ਵਿਗਿਆਨ ਦੀ ਕਸਵੱਟੀ ਅਨੁਸਾਰ ਦੇਖੀਏ ਤਾਂ ਜੁਗ-ਵੰਡ ਕਦੀ ਵੀ ਸੰਭਵ ਨਹੀਂ ਹੋ ਸਕਦੀ, ਇਹ ਤਾਂ ਮਨੌਤਾਂ ਪ੍ਰਚੱਲਿਤ ਕੀਤੀਆਂ ਹੋਈਆਂ ਹਨ। ਗੁਰਮਤਿ ਦਾ ਫ਼ੈਸਲਾ ਹੈ ਜੇ ਕੋਈ ਚੰਗਾ ਕਰਮ ਕਰਦਾ ਹੈ ਤਾਂ ਉਹ ਸਤਜੁਗ ਵਿਚ ਹੈ, ਜੇ ਮਾੜਾ ਕਰਮ ਕਰਦਾ ਹੈ, ਉਥੇ ਕਲਜੁਗ ਵਰਤ ਰਿਹਾ ਹੈ:

ਰਾਮਕਲੀ ਮਹਲਾ ੧ ਅਸਟਪਦੀਆ
ੴ ਸਤਿਗੁਰ ਪ੍ਰਸਾਦਿ॥
ਸੋਈ ਚੰਦੁ ਚੜਹਿ ਸੇ ਤਾਰੇ ਸੋਈ ਦਿਨੀਅਰੁ ਤਪਤ ਰਹੈ॥
ਸਾ ਧਰਤੀ ਸੋ ਪਉਣੁ ਝੁਲਾਰੇ ਜੁਗ ਜੀਅ ਖੇਲੇ ਥਾਵ ਕੈਸੇ॥੧॥
ਜੀਵਨ ਤਲਬ ਨਿਵਾਰਿ॥
ਹੋਵੈ ਪਰਵਾਣਾ ਕਰਹਿ ਧਿਙਾਣਾ ਕਲਿ ਲਖਣ ਵੀਚਾਰਿ॥੧॥ਰਹਾਉ॥
ਕਿਤੈ ਦੇਸਿ ਨ ਆਇਆ ਸੁਣੀਐ ਤੀਰਥ ਪਾਸਿ ਨ ਬੈਠਾ॥
ਦਾਤਾ ਦਾਨੁ ਕਰੇ ਤਹ ਨਾਹੀ ਮਹਲ ਉਸਾਰਿ ਨ ਬੈਠਾ॥੨॥

ਜੇ ਕੋ ਸਤੁ ਕਰੇ ਸੋ ਛੀਜੈ ਤਪ ਘਰਿ ਤਪੁ ਨ ਹੋਈ॥
ਜੇ ਕੋ ਨਾਉ ਲਏ ਬਦਨਾਵੀ ਕਲਿ ਕੇ ਲਖਣ ਏਈ॥੩॥
ਜਿਸੁ ਸਿਕਦਾਰੀ ਤਿਸਹਿ ਖੁਆਰੀ ਚਾਕਰ ਕੇਹੇ ਡਰਣਾ॥
ਜਾ ਸਿਕਦਾਰੈ ਪਵੈ ਜੰਜੀਰੀ ਤਾ ਚਾਕਰ ਹਥਹੁ ਮਰਣਾ॥੪॥

(ਰਾਮਕਲੀ ਮਹਲਾ ੧, ਪੰਨਾ 902)

ਭਗਤ ਤ੍ਰਿਲੋਚਨ ਜੀ ਦਾ ਗੂਜਰੀ ਰਾਗ ਵਿਚ ਇਕ ਸ਼ਬਦ ਹੈ, ਜਿਸ ਦੀ ਵਿਦਵਾਨਾਂ ਨੇ ਵੱਖ-ਵੱਖ ਢੰਗ ਨਾਲ ਵਿਆਖਿਆ ਕੀਤੀ ਹੈ। ਸ਼ਬਦ ਦੇ ਬੋਲ ਹਨ :

ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥
ਸਰਪ ਜੋਨਿ ਵਲਿ ਵਲਿ ਅਉਤਰੈ॥੧॥
ਅਰੀ ਬਾਈ ਗੋਬਿਦ ਨਾਮੁ ਮਤਿ ਬੀਸਰੈ॥ਰਹਾਉ॥
ਅੰਤਿ ਕਾਲਿ ਜੋ ਇਸਤ੍ਰੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥
ਬੇਸਵਾ ਜੋਨਿ ਵਲਿ ਵਲਿ ਅਉਤਰੈ॥੨॥
ਅੰਤਿ ਕਾਲਿ ਜੋ ਲੜਿਕੇ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥
ਸੂਕਰ ਜੋਨਿ ਵਲਿ ਵਲਿ ਅਉਤਰੈ॥੩॥
ਅੰਤਿ ਕਾਲਿ ਜੋ ਮੰਦਰ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥
ਪ੍ਰੇਤ ਜੋਨਿ ਵਲਿ ਵਲਿ ਅਉਤਰੈ॥੪॥
ਅੰਤਿ ਕਾਲਿ ਨਾਰਾਇਣੁ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥
ਬਦਤਿ ਤਿਲੋਚਨੁ ਤੇ ਨਰ ਮੁਕਤਾ ਪੀਤੰਬਰੁ ਵਾ ਕੇ ਰਿਦੈ ਬਸੈ॥੫॥੨॥

(ਗੂਜਰੀ ਤਿਲੋਚਨੁ ਜੀ, ਪੰਨਾ 526)

ਸਭ ਤੋਂ ਪਹਿਲਾਂ ਸ਼ਬਦ ਦੀ ਰਹਾਉ ਦੀ ਤੁਕ ਨੂੰ ਸਾਹਮਣੇ ਰੱਖ ਕੇ ਵਿਚਾਰ ਕਰੀਏ। ਰਹਾਉ ਦੀ ਤੁਕ ਅੰਦਰ ਸੰਦੇਸ਼ ਹੈ ਕਿ ਪਰਮਾਤਮਾ ਦਾ ਨਾਮ ਕਦੀ ਵੀ ਨਾ ਵੀਸਰੇ। ਇਹੀ ਗੁਰਮਤਿ ਦਾ ਤੱਤ ਹੈ, ਜਿਵੇਂ ਗੁਰੂ ਨਾਨਕ ਸਾਹਿਬ ਰਾਗ ਆਸਾ ਵਿਚ ਆਖ ਰਹੇ ਹਨ, "ਆਖਾ ਜੀਵਾ, ਵਿਸਰੈ ਮਰਿ ਜਾਉ" ਭਾਵ ਪਰਮਾਤਮਾ ਦਾ ਨਾਮ ਲਵਾਂ ਤਾਂ ਜਿਊਂਦਿਆਂ ਵਿਚ ਹਾਂ, ਜੇ ਵਿਸਰ ਜਾਵੇ ਤਾਂ ਆਤਮਿਕ ਮੌਤ ਸਮਝੋ। ਰਹਾਉ ਦੀ ਤੁਕ ਤੋਂ ਬਿਨਾਂ ਭਗਤ ਜੀ ਨੇ ਪੌਰਾਣਿਕ ਤੇ ਸਨਾਤਨੀ ਮਤ ਦੇ ਖ਼ਿਆਲਾਂ ਨੂੰ ਵਰਣਨ ਕੀਤਾ ਹੈ। ਜਿਵੇਂ ਭਾਰਤੀ ਸਭਿਆਚਾਰ ਅੰਦਰ ਲੋਕਧਾਰਾ ਸੀ ਕਿ ਜੇ ਕੋਈ ਮਰਨ ਸਮੇਂ ਧਨ ਆਦਿ ਦੀ ਕਾਮਨਾ ਕਰਦਾ ਹੈ, ਤਾਂ ਉਹ ਸਰਪ ਦੀ ਜੋਨ ਵਿਚ ਪੈ ਜਾਂਦਾ ਹੈ। ਜੇਕਰ ਕੋਈ ਵਿਅਕਤੀ ਆਖ਼ਰੀ ਸਮੇਂ ਆਪਣੀ ਇਸਤਰੀ ਨੂੰ ਯਾਦ ਕਰਦਾ ਹੈ ਤਾਂ ਵੇਸਵਾ ਦੀ ਜੂਨ, ਜੇ ਕੋਈ ਪੁੱਤਰ ਨੂੰ ਮਨ 'ਚ ਲਿਆਉਂਦਾ ਹੈ ਤਾਂ ਸੂਰ ਦੀ ਜੂਨ, ਜੇ ਕੋਈ ਘਰ ਮੰਦਰ ਨੂੰ ਚਿੱਤ 'ਚ ਲਿਆਵੇ ਤਾਂ ਭੂਤ-ਪ੍ਰੇਤ ਬਣ ਸਕਦਾ ਹੈ। ਆਖ਼ਰ 'ਚ ਜੇ ਕੋਈ ਇਨਸਾਨ ਮਰਨ ਵੇਲੇ ਪਰਮਾਤਮਾ ਨੂੰ ਯਾਦ ਕਰਦਾ ਹੈ, ਆਖਿਆ ਜਾਂਦਾ ਹੈ ਕਿ ਉਹ ਆਦਮੀ ਮੁਕਤ ਹੋ ਜਾਂਦਾ ਹੈ।

ਪੁਰਾਣ ਦੀ ਕਥਾ ਅਨੁਸਾਰ ਜੇ ਕੋਈ ਪਾਪੀ ਵੀ ਅੰਤ ਵੇਲੇ ਨਾਰਾਇਣ ਦਾ ਸਿਮਰਨ ਕਰੇ ਤਾਂ ਉਸ ਦੀ ਆਤਮਾ ਮੁਕਤ ਹੋ ਜਾਂਦੀ ਹੈ। ਇਸ ਸੰਬੰਧ ਵਿਚ ਅਜਾਮਲ

ਪਾਪੀ ਦੀ ਕਥਾ ਸੁਣਾਈ ਜਾਂਦੀ ਹੈ। ਭਗਤ ਜੀ ਨੇ ਜੋ ਗੱਲਾਂ ਲੋਕਧਾਰਾ ਵਿਚ ਪ੍ਰਚੱਲਿਤ ਸਨ, ਉਨ੍ਹਾਂ ਦਾ ਵਰਣਨ ਕੀਤਾ ਹੈ, ਪਰ ਰਹਾਉ ਦੀ ਤੁਕ ਵਿਚ ਅਸਲ ਤੱਤ ਦੀ ਗੱਲ ਕਰ ਦਿੱਤੀ ਅਤੇ ਗੁਰਮਤਿ ਦਾ ਵੀ ਇਹੀ ਸਿੱਧਾਂਤ ਹੈ ਕਿ ਅਸਾਡਾ ਜੀਵਨ-ਮਨੋਰਥ :

ਅਵਰਿ ਕਾਜ ਤੇਰੈ ਕਿਤੈ ਨ ਕਾਮ॥
ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥ *(ਆਸਾ ਮ: ੫, ਪੰਨਾ 12)*

ਲੋਕ ਧਾਰਾ ਵਿਚ ਜਿਵੇਂ ਆਖਿਆ ਜਾਂਦਾ ਹੈ ਕਿ ਜੇਕਰ ਕੋਈ ਇਸਤਰੀ ਪ੍ਰਸੂਤ ਦੇ ਦਿਨਾਂ ਵਿਚ ਮਰੇ, ਉਹ ਚੜੇਲ ਦੀ ਜੂਨ 'ਚ ਪਵੇਗੀ। ਜੇ ਕੋਈ ਇਸਤਰੀ ਮੰਜੇ ਉੱਪਰ ਪ੍ਰਾਣ ਤਿਆਗੇ, ਉਹ ਵੀ ਚੁੜੇਲ ਜਾਂ ਪ੍ਰੇਤ ਬਣ ਸਕਦੀ ਹੈ। ਜੇ ਕੋਈ ਪ੍ਰਾਣੀ ਵੀਰਵਾਰ ਵਾਲੇ ਦਿਨ ਸਰੀਰ ਤਿਆਗੇ, ਤਾਂ ਉਹ ਸਿੱਧਾ ਸੁਰਗਾਂ ਨੂੰ ਜਾਂਦਾ ਹੈ। *ਪੰਜਾਬੀ ਲੋਕ ਧਾਰਾ ਵਿਸ਼ਵਕੋਸ਼* ਅੰਦਰ ਉਪਰੋਕਤ ਧਾਰਨਾਵਾਂ ਬਾਰੇ ਲਿਖਿਆ ਹੋਇਆ ਮਿਲਦਾ ਹੈ ਕਿ ਅਜਿਹੇ ਲੋਕ ਨਿਸਚੇ ਹਨ। ਭਗਤ ਜੀ ਨੇ ਪ੍ਰਚੱਲਿਤ ਕਥਾਵਾਂ ਦਾ ਵਰਣਨ ਜ਼ਰੂਰ ਕੀਤਾ ਹੈ, ਪਰ ਅਸੀਂ ਸ਼ਬਦ ਦੇ ਅੰਤਰੀਵ ਭਾਵ ਸਮਝਣ ਲਈ ਰਹਾਉ ਦੀ ਤੁਕ ਦੇ ਖ਼ਿਆਲ ਨੂੰ ਅਸਲ ਤੱਤ ਮੰਨਣਾ ਹੈ। ਉਸ ਕਾਲ ਅੰਦਰ ਲੋਕ-ਮਨਾਂ ਉੱਤੇ ਲੋਕ ਧਾਰਨਾਵਾਂ ਦਾ ਵੱਧ ਵਿਸ਼ਵਾਸ ਹਾਵੀ ਸੀ। ਉਨ੍ਹਾਂ ਲੋਕਾਂ ਨੂੰ ਸੰਦੇਸ਼ ਦੇਣ ਲਈ ਪ੍ਰਚੱਲਿਤ ਸ਼ਬਦਾਵਲੀ ਦਾ ਪ੍ਰਯੋਗ ਕਰਨਾ ਹੀ ਢੁਕਵਾਂ ਤਰੀਕਾ ਸੀ।

ਅੰਤ ਵਿਚ ਅਸੀਂ ਇਹੀ ਸਿੱਟਾ ਕੱਢ ਸਕਦੇ ਹਾਂ ਕਿ ਗੁਰਬਾਣੀ ਅੰਦਰ ਗੁਰੂ ਸਾਹਿਬਾਨ ਅਤੇ ਭਗਤਾਂ ਨੇ ਪ੍ਰਚੱਲਿਤ ਪੌਰਾਣਿਕ ਕਥਾਵਾਂ ਦਾ ਵਰਣਨ ਕੀਤਾ ਹੈ, ਪਰ ਸਾਡੇ ਲਈ ਜ਼ਰੂਰੀ ਹੈ ਕਿ ਗੁਰਮਤਿ ਦੇ ਅਸਲ ਤੱਤ ਨੂੰ ਸਮਝੀਏ ਅਤੇ ਗੁਰਬਾਣੀ ਨੂੰ ਸੂਝ ਨਾਲ ਜਾਂ ਪੂਰੀ ਤਰ੍ਹਾਂ ਸਮਝਣ ਲਈ ਗੁਰਬਾਣੀ ਟੀਕਿਆਂ ਦੀ ਸਹਾਇਤਾ ਲਈਏ। ਜਿਵੇਂ ਪਹਿਲਾਂ ਉਲੇਖ ਕੀਤਾ ਹੈ ਕਿ ਜਿਤਨਾ ਚਿਰ ਅਸੀਂ ਸ਼ਬਦ-ਵਿਚਾਰ ਨੂੰ ਅਹਿਮੀਅਤ ਨਹੀਂ ਦਿੰਦੇ, ਉਤਨਾ ਚਿਰ ਗੁਰਮਤਿ ਦੇ ਤੱਤਾਂ ਨੂੰ ਸਮਝਣ ਤੋਂ ਅਸਮਰੱਥ ਹੋਵਾਂਗੇ। ਆਖ਼ਰ 'ਚ ਗੁਰਬਾਣੀ ਦੀਆਂ ਇਨ੍ਹਾਂ ਪੰਗਤੀਆਂ ਜਿਨ੍ਹਾਂ ਵਿਚ ਬਹੁਤ ਸੁੰਦਰ ਸੰਦੇਸ਼ ਹੈ :

ਸਤਿਗੁਰੁ ਜਿਨੀ ਨ ਸੇਵਿਓ ਸਬਦਿ ਨ ਕੀਤੋ ਵੀਚਾਰੁ॥
ਅੰਤਰਿ ਗਿਆਨੁ ਨ ਆਇਓ ਮਿਰਤਕੁ ਹੈ ਸੰਸਾਰਿ॥

(ਵਾਰ ਸਿਰੀਰਾਗੁ, ਮ: ੩, ਪੰਨਾ 88)

ਭਾਵ ਅਸੀਂ ਗੁਰਬਾਣੀ ਦੇ ਮਹਾਨ ਖ਼ਜ਼ਾਨੇ ਦਾ ਗੌਰਵ ਤਾਂ ਕਰਦੇ ਹਾਂ, ਪਰ ਖ਼ਜ਼ਾਨੇ ਦਾ ਲਾਹਾ ਤਦ ਹੀ ਪ੍ਰਾਪਤ ਹੋਵੇਗਾ, ਜੇਕਰ ਅਸੀਂ ਇਸ ਦੇ ਮਹਾਨ ਗਿਆਨ ਬਾਰੇ ਸੋਝੀ ਪ੍ਰਾਪਤ ਕਰੀਏ। ਜੇ ਗਿਆਨ ਤੋਂ ਸੱਖਣੇ ਹੀ ਰਹਿਣਾ ਹੈ, ਤਾਂ ਸਾਡੀ ਦਸ਼ਾ ਭੈੜੀ ਬਣੀ ਰਹੇਗੀ।

ਨਾਮ ਕੀ ਹੈ ? ਨਾਮ ਸਿਮਰਨ ਬਾਰੇ ਭੁਲੇਖਾ

ਇਹ ਬਹੁਤ ਲੋਕਾਂ ਲਈ ਇਕ ਬੁਝਾਰਤ ਵਾਂਗੂੰ ਹੈ ਕਿ ਗੁਰਮਤਿ ਵਿਚ 'ਨਾਮ' ਕਿਸ ਨੂੰ ਆਖਦੇ ਹਨ। ਕੁਝ ਸਾਲ ਪਹਿਲਾਂ ਮੈਟਰੋ ਵੈਨਕੂਵਰ ਦੇ ਇਕ ਗੁਰਦੁਆਰਾ ਸਾਹਿਬ ਵਿਖੇ ਕਥਾਕਾਰ ਕਥਾ ਕਰ ਰਹੇ ਸਨ ਅਤੇ ਕਥਾ ਦੌਰਾਨ ਉਨ੍ਹਾਂ ਕਿਹਾ ਕਿ ਗੁਰਮਤਿ ਵਿਚ ਨਾਮ ਦੀ ਬਹੁਤ ਮਹਿਮਾ ਹੈ, ਇਸ ਬਾਰੇ ਅੱਜ ਵਿਚਾਰ ਕਰਾਂਗੇ। ਪਰ ਕਥਾ ਦਾ ਸਮਾਂ ਸਮਾਪਤ ਹੋ ਗਿਆ, ਉਨ੍ਹਾਂ ਨੇ ਨਾਮ ਸੰਬੰਧੀ ਕੋਈ ਚਰਚਾ ਨਾ ਕੀਤੀ। ਆਖ਼ਰ ਸੰਗਤ ਵਿੱਚੋਂ ਇਕ ਸ਼ਰਧਾਲੂ ਉਨ੍ਹਾਂ ਦੇ ਕਮਰੇ ਵਿਚ ਗਿਆ ਅਤੇ ਕਥਾਕਾਰ ਇਕੱਲੇ ਬੈਠੇ ਸਨ। ਉਸ ਸ਼ਰਧਾਲੂ ਨੇ ਪੁੱਛਿਆ—'ਭਾਈ ਸਾਹਿਬ! ਤੁਸੀਂ ਆਖਿਆ ਸੀ ਕਿ ਨਾਮ ਬਾਰੇ ਦੱਸਾਂਗੇ, ਪਰ ਤੁਸਾਂ ਕੋਈ ਦੱਸਿਆ ਨਹੀਂ ?' ਕਥਾਕਾਰ ਨੇ ਉੱਤਰ ਦਿੱਤਾ, 'ਜੇ ਸੱਚ ਸੁਣਨਾ ਚਾਹੁੰਦੇ ਹੋ ਤਾਂ ਅਸਲੀਅਤ ਇਹ ਹੈ ਕਿ ਨਾਮ ਬਾਰੇ ਮੈਨੂੰ ਵੀ ਕੋਈ ਸਪੱਸ਼ਟਤਾ ਨਹੀਂ ਹੈ।' ਜੇਕਰ ਕਥਾਕਾਰ ਜਾਂ ਪ੍ਰਚਾਰਕ ਗੁਰਮਤਿ ਦੇ ਸਿਧਾਂਤਾਂ ਸੰਬੰਧੀ ਠੋਸ ਜਾਣਕਾਰੀ ਨਾ ਰੱਖਦੇ ਹੋਣ, ਉਥੇ ਆਮ ਜਗਿਆਸੂ ਜਾਂ ਸ਼ਰਧਾਲੂ ਕਿਉਂ ਨਾ ਭੁਲੇਖੇ ਵਿਚ ਹੋਣ ?

ਪੰਜਾਬ ਅੰਦਰ ਬਹੁਤ ਡੇਰੇ ਸਥਾਪਤ ਹੋ ਚੁੱਕੇ ਹਨ। ਕੁਝ ਡੇਰੇ ਗੁਰਬਾਣੀ ਦਾ ਪ੍ਰਯੋਗ ਕਰਦੇ ਹਨ, ਪਰ ਪੰਥਕ ਜਥੇਬੰਦੀ ਤੋਂ ਅੱਡਰੇ ਹਨ। ਤਕਰੀਬਨ ਸਾਰੇ ਡੇਰੇਦਾਰ ਗੁਰੂ ਗ੍ਰੰਥ ਤੇ ਗੁਰੂ ਪੰਥ ਦੇ ਸਿੱਧਾਂਤ ਤੋਂ ਮੁਨਕਰ ਹਨ। ਦੋ-ਚਾਰ ਡੇਰੇ ਅਜਿਹੇ ਹਨ, ਜੋ ਨਾਮ ਦੇਣ ਦੇ ਪ੍ਰਪੰਚ ਦੁਆਰਾ ਭੋਲੀ-ਭਾਲੀ ਲੋਕਾਈ ਨੂੰ ਮਗਰ ਲਗਾਉਂਦੇ ਹਨ। ਇਹ ਲੋਕ ਇਨ੍ਹਾਂ ਡੇਰੇਦਾਰਾਂ ਪਾਸੋਂ ਗੁਪਤ ਨਾਮ ਪ੍ਰਾਪਤ ਕਰਦੇ ਹਨ ਅਤੇ ਇਨ੍ਹਾਂ ਨੂੰ ਵਿਸ਼ੇਸ਼ ਹਦਾਇਤ ਕੀਤੀ ਜਾਂਦੀ ਹੈ ਕਿ ਇਹ ਨਾਮ ਕਿਸੇ ਹੋਰ ਨੂੰ ਨਹੀਂ ਦੱਸਣਾ, ਨਹੀਂ ਤਾਂ ਨਾਮ ਦੀ ਸ਼ਕਤੀ ਘੱਟ ਜਾਵੇਗੀ। ਅਗਿਆਨ ਵੱਸ ਭੋਲੇ-ਭਾਲੇ ਲੋਕ ਇਸ ਅਖੌਤੀ ਨਾਮ ਨੂੰ ਪ੍ਰਾਪਤ ਕਰਕੇ ਸਮਝਦੇ ਹਨ ਕਿ ਉਨ੍ਹਾਂ ਨੇ ਅਧਿਆਤਮਕ ਦੇ ਖੇਤਰ 'ਚ ਕੋਈ ਉੱਚ ਪ੍ਰਾਪਤੀ ਕਰ ਲਈ ਹੈ ਕਿਉਂਕਿ ਇਹ ਡੇਰੇਦਾਰ ਉਨ੍ਹਾਂ ਦੀ ਮਾਨਸਿਕਤਾ ਨੂੰ ਪੂਰੀ ਤਰ੍ਹਾਂ ਗ਼ੁਲਾਮ ਕਰ ਲੈਂਦੇ ਹਨ। ਦੂਸਰਾ, ਇਨ੍ਹਾਂ ਡੇਰੇਦਾਰਾਂ ਨੂੰ ਸਿੱਖ ਵਿਰੋਧੀ ਏਜੰਸੀਆਂ ਦਾ ਪੂਰਾ ਸਹਿਯੋਗ ਹੈ, ਇਹੀ ਕਾਰਨ ਹੈ ਕਿ ਇਨ੍ਹਾਂ ਡੇਰੇਦਾਰਾਂ ਨੇ ਵੱਡੇ ਵੱਡੇ ਪਿੰਡਾਂ ਤੇ ਸ਼ਹਿਰਾਂ ਵਿਚ ਆਪਣੇ ਵੱਡੇ ਵੱਡੇ ਭਵਨ ਉਸਾਰ ਲਏ ਹਨ। ਇਨ੍ਹਾਂ ਡੇਰੇਦਾਰਾਂ ਦਾ ਮੁਖ ਮਨੋਰਥ ਲੋਕਾਈ ਨੂੰ ਗਿਆਨਹੀਣ ਬਣਾਈ ਰੱਖਣਾ ਹੈ ਤਾਂ ਜੋ ਇਨ੍ਹਾਂ ਦੀ ਦੁਕਾਨਦਾਰੀ ਚੱਲਦੀ ਰਹੇ।

ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਨਾਮ ਅਤੇ ਇਸ ਦੀ ਮਹੱਤਤਾ ਨੂੰ ਬਹੁਤ

ਦਰਸਾਇਆ ਗਿਆ ਹੈ। ਗੁਰਬਾਣੀ ਨੇ ਇਥੋਂ ਤਕ ਆਖ ਦਿੱਤਾ ਕਿ ਮਨੁੱਖਾ ਜੀਵਨ ਦਾ ਮਨੋਰਥ ਸਾਧ ਸੰਗਤ ਵਿਚ ਜਾ ਕੇ ਭਜਨ ਕਰਨਾ ਹੈ, ਕਿਉਂਕਿ ਪ੍ਰਭੂ ਮਿਲਣ ਦਾ ਅਉਸਰ ਇਸ ਮਨੁੱਖਾ ਦੇਹੀ ਵਿਚ ਹੀ ਹੈ:

ਭਈ ਪਰਾਪਤਿ ਮਾਨੁਖ ਦੇਹੁਰੀਆ ॥
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥
ਅਵਰਿ ਕਾਜ ਤੇਰੈ ਕਿਤੈ ਨ ਕਾਮ ॥
ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥੧॥ *(ਆਸਾ ਮਹਲਾ ੫, ਪੰਨਾ 12)*

ਜਪੁ ਬਾਨੀ ਦੇ ਆਖ਼ਰੀ ਸਲੋਕ ਅੰਦਰ:

ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥ *(ਜਪੁ ਜੀ, ਪੰਨਾ 8)*

ਜਿਵੇਂ ਉੱਪਰ ਉਲੇਖ ਕੀਤਾ ਹੈ ਕਿ ਗੁਰਬਾਣੀ ਅੰਦਰ ਨਾਮ ਦੀ ਮਹਿਮਾ ਜਾਂ ਨਾਮ ਜਪਣ ਬਾਰੇ ਜ਼ਿਆਦਾ ਵਾਰ ਆਉਣ ਕਾਰਨ ਸਮਝਿਆ ਜਾਂਦਾ ਹੈ ਕਿ ਨਾਮ-ਸਿਮਰਨ ਗੁਰਮਤਿ ਅੰਦਰ ਮਹੱਤਵਪੂਰਨ ਕਰਮ ਹੈ। ਪਰ ਇਸ ਸੰਬੰਧੀ ਦਿਨੋ-ਦਿਨ ਭੁਲੇਖੇ ਵੱਧ ਰਹੇ ਹਨ, ਸਪੱਸ਼ਟਤਾ ਬਹੁਤ ਘੱਟ ਹੈ ਕਿ ਨਾਮ ਸਿਮਰਨ ਤੋਂ ਕੀ ਭਾਵ ਹੈ ਅਤੇ ਨਾਮ ਸਿਮਰਨ ਕਿਵੇਂ ਕੀਤਾ ਜਾਵੇ ?

ਦਸੰਬਰ 2003 ਦੀ *ਸਿੱਖ ਫੁਲਵਾੜੀ* ਦੇ ਮਾਸਿਕ ਪੱਤਰ ਵਿਚ ਕਿਸੇ ਜਗਿਆਸੂ ਨੇ ਸਵਾਲ ਪੁੱਛਿਆ ਸੀ—'ਨਾਮ ਕੀ ਹੈ ਤੇ ਕਿਵੇਂ ਜਪਿਆ ਜਾਵੇ ?' ਇਸ ਦੇ ਉੱਤਰ ਵਿਚ ਬਹੁਤ ਸੰਖੇਪ ਤੇ ਸਪੱਸ਼ਟ ਲਿਖਿਆ ਹੋਇਆ ਹੈ। "ਗੁਰਮਤਿ ਵਿਚ 'ਨਾਮ' ਸ਼ਬਦ ਪ੍ਰਭੂ ਦੀ ਹੋਂਦ ਲਈ ਵਰਤਿਆ ਗਿਆ ਹੈ। ਉਸ ਪ੍ਰਭੂ ਦੀ ਹੋਂਦ ਲਈ, ਜਿਸ ਨੂੰ ਮੂਲ-ਮੰਤਰ ਵਿਚ ਇਕ ਅਦੁੱਤੀ ਤੇ ਸਦਾ ਰਹਿਣ ਵਾਲੀ ਹਸਤੀ ਕਿਹਾ ਗਿਆ ਹੈ ਅਤੇ ਜੋ ਸ੍ਰਿਸ਼ਟੀ ਦੀ ਰਚਨਾ ਕਰ ਕੇ, ਉਸ ਵਿਚ ਵਿਆਪਕ ਹੈ, ਨਿਡਰ ਅਤੇ ਨਿਰਵੈਰ, ਸਮੇਂ ਦੇ ਬੰਧਨ ਤੋਂ ਮੁਕਤ, ਅਜਨਮਾ ਸ੍ਵੈ ਪ੍ਰਕਾਸ਼ਿਤ ਹੈ। ਪ੍ਰਭੂ ਦੀ ਹੋਂਦ ਨਾਲ ਜੁੜਨਾ ਨਾਮ ਸਿਮਰਨ ਕਰਨਾ ਹੈ।"... ਜਪੁਜੀ ਸਾਹਿਬ ਦੀ ਆਖ਼ਰੀ ਪਉੜੀ ਵਿਚ ਇਹ ਗੱਲ ਸਮਝਾਈ ਗਈ ਹੈ ਕਿ ਦੈਵੀ ਅਤੇ ਨੈਤਿਕ ਗੁਣਾਂ ਨੂੰ ਧਾਰਨ ਕਰਨ ਨਾਲ ਨਾਮ ਸ਼ਬਦ ਦੀ ਪ੍ਰਾਪਤੀ ਹੁੰਦੀ ਹੈ:

ਜਤੁ ਪਾਹਾਰਾ ਧੀਰਜੁ ਸੁਨਿਆਰੁ ॥
ਅਹਰਣਿ ਮਤਿ ਵੇਦੁ ਹਥੀਆਰੁ ॥
ਭਉ ਖਲਾ ਅਗਨਿ ਤਪ ਤਾਉ ॥
ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ ॥
ਘੜੀਐ ਸਬਦੁ ਸਚੀ ਟਕਸਾਲ ॥ *(ਜਪੁ ਜੀ, ਪੰਨਾ 8)*

ਜੇ 'ਜਤੁ' ਉੱਚਾ ਆਚਰਨ ਰੂਪ ਦੁਕਾਨ ਹੋਵੇ, 'ਧੀਰਜ' ਸੁਨਿਆਰਾ ਬਣੇ, ਮਨੁੱਖ ਦੀ ਆਪਣੀ ਮਤ ਅਹਿਰਣ ਹੋਵੇ, ਉਸ ਮਤ ਰੂਪੀ ਅਹਿਰਣ ਉੱਤੇ ਗਿਆਨ ਦਾ ਹਥੌੜਾ ਵੱਜੇ, ਅਕਾਲ ਪੁਰਖ ਦਾ ਡਰ ਧੌਂਕਣੀ ਹੋਵੇ, ਘਾਲ ਕਮਾਈ ਅੱਗ ਹੋਵੇ, ਪ੍ਰੇਮ ਕੁਠਾਲੀ

(ਭਾਂਡਾ) ਹੋਵੇ ਤਾਂ ਉਸ ਭਾਂਡੇ ਵਿਚ ਅਕਾਲ ਪੁਰਖ ਦਾ ਅੰਮ੍ਰਿਤ ਨਾਮ ਢਾਲੋ ਕਿਉਂਕਿ ਇਹੋ ਜਿਹੀ ਟਕਸਾਲ ਵਿਚ ਗੁਰੂ ਦਾ ਸ਼ਬਦ ਘੜਿਆ ਜਾ ਸਕਦਾ ਹੈ। (ਇਸ ਨੂੰ ਹੀ ਹਿਰਦੇ ਵਿਚ ਨਾਮ ਵਸਾਉਣਾ ਆਖ ਸਕਦੇ ਹਾਂ) ਗੁਰਬਾਣੀ ਦਾ ਪਾਠ, ਗੁਰਬਾਣੀ ਦੀ ਵਿਚਾਰ (ਕਥਾ), ਗੁਰਬਾਣੀ ਕੀਰਤਨ, ਨਾਮ ਸਿਮਰਨ ਦੇ ਵਸੀਲੇ (ਸਾਧਨ) ਹਨ ਕਿਉਂਕਿ ਇਨ੍ਹਾਂ ਨਾਲ ਮਨੁੱਖ ਦੇ ਅੰਦਰ ਦੈਵੀ ਅਤੇ ਨੈਤਿਕ ਗੁਣ ਪੈਦਾ ਹੁੰਦੇ ਹਨ ਅਤੇ ਪ੍ਰਭੂ ਵਿਚ ਲੀਨਤਾ ਹਾਸਲ ਹੁੰਦੀ ਹੈ।

ਪ੍ਰਿੰਸੀਪਲ ਤੇਜਾ ਸਿੰਘ ਜੀ (ਗੁਰਬਾਣੀ ਦੇ ਮਹਾਨ ਵਿਆਖਿਆਕਾਰ ਤੇ ਸ਼ਬਦਾਰਥ ਦੇ ਕਰਤਾ) ਲਿਖਦੇ ਹਨ: "ਗੁਰੂ ਸਾਹਿਬਾਨ ਨੇ ਪਰਮੇਸ਼ਰ ਦੇ ਨਾਵਾਂ ਬਾਰੇ ਭਰਮ ਤੋੜਨਾ ਸੀ ਕਿ ਕੋਈ ਉਸ ਦਾ ਵਿਸ਼ੇਸ਼ ਨਾਮ ਹੈ। ਜਿਸ ਬੋਲੀ ਜਾਂ ਸ਼ਬਦ ਨਾਲ ਉਸ ਨੂੰ ਯਾਦ ਕਰੋ, ਉਹੋ ਉਸ ਨੂੰ ਪ੍ਰਵਾਨ ਹੈ, ਇਸ ਲਈ ਗੁਰੂ ਸਾਹਿਬਾਨ ਨੇ ਬਾਣੀ ਵਿਚ ਹਿੰਦੂਆਂ, ਮੁਸਲਮਾਨਾਂ, ਜੋਗੀਆਂ, ਵੈਸ਼ਨਾਵਾਂ ਅਤੇ ਸ਼ੈਵਾਂ ਅੰਦਰ ਸਮੂਹ ਪ੍ਰਚੱਲਿਤ ਈਸ਼ਵਰੀ ਨਾਵਾਂ ਨੂੰ ਵਰਤਿਆ ਹੈ। ਪਰ ਨਾਲ ਹੀ ਇਸ ਗੱਲ ਦੇ ਰੋਕਣ ਲਈ ਕਿ ਕਿਧਰੇ ਸਿੱਖਾਂ ਵਿਚ ਉਨ੍ਹਾਂ ਨਾਵਾਂ ਵਿੱਚੋਂ ਕਿਸੇ ਖ਼ਾਸ ਪੱਖ ਵਾਲਾ ਨਾਮ ਪ੍ਰਚੱਲਿਤ ਨਾ ਹੋ ਜਾਏ, ਇਸ ਲਈ ਗੁਰੂ ਜੀ ਨੇ ਰੱਬ ਲਈ ਕੇਵਲ 'ਨਾਮ' ਸ਼ਬਦ ਹੀ ਵਰਤਿਆ ਹੈ।" ਗੁਰੂ ਸਾਹਿਬਾਨ ਨੇ ਆਖ ਦਿੱਤਾ ਕਿ ਸਾਰਾ ਪਸਾਰਾ ਨਾਮ ਦਾ ਹੀ ਹੈ, ਤਾਹੀਓਂ ਬਚਨ ਹਨ:

ਜੇਤਾ ਕੀਤਾ ਤੇਤਾ ਨਾਉ ॥
ਵਿਣੁ ਨਾਵੈ ਨਾਹੀ ਕੋ ਥਾਉ ॥ *(ਜਪੁ ਜੀ, ਪੰਨਾ 4)*

ਨਾਮ ਕੇ ਧਾਰੇ ਸਗਲੇ ਜੰਤ ॥
ਨਾਮ ਕੇ ਧਾਰੇ ਖੰਡ ਬ੍ਰਹਮੰਡ ॥...
ਨਾਮ ਕੇ ਧਾਰੇ ਆਗਾਸ ਪਾਤਾਲ ॥
ਨਾਮ ਕੇ ਧਾਰੇ ਸਗਲ ਆਕਾਰ ॥ *(ਗਉੜੀ ਸੁਖਮਨੀ ਮ: ੫, ਪੰਨਾ 284)*

ਇਥੇ ਗੁਰੂ ਸਾਹਿਬ ਦੱਸ ਰਹੇ ਹਨ ਕਿ ਸਾਰੀ ਕਾਇਨਾਤ ਦਾ ਕਰਤਾ ਨਾਮ ਹੀ ਹੈ, ਉਸ ਦੀ ਸ਼ਕਤੀ ਨਾਲ ਸਾਰੇ ਜੀਵ ਜੰਤ, ਖੰਡ ਬ੍ਰਹਿਮੰਡ, ਆਕਾਸ਼ ਤੇ ਪਾਤਾਲ ਤੇ ਸਾਰਾ ਕੁਦਰਤ ਦਾ ਆਕਾਰ ਹੋਂਦ ਵਿਚ ਆਇਆ ਹੈ। ਹੋਰ ਪ੍ਰਮਾਣ ਇਸ ਵਿਚਾਰ ਨੂੰ ਸਪੱਸ਼ਟ ਕਰਦੇ ਹਨ:

ਹਰਿ ਨਾਮੁ ਹਮਾਰਾ ਪ੍ਰਭੁ ਅਬਿਗਤੁ ਅਗੋਚਰੁ ਅਬਿਨਾਸੀ ਪੁਰਖੁ ਬਿਧਾਤਾ ॥
ਹਰਿ ਨਾਮੁ ਹਮ ਸ੍ਰੇਵਹ ਹਰਿ ਨਾਮੁ ਹਮ ਪੂਜਹ ਹਰਿ ਨਾਮੇ ਹੀ ਮਨੁ ਰਾਤਾ ॥
(ਵਾਰ ਵਡਹੰਸ ਮ: ੪, ਪੰਨਾ 592)

ਨਾਮੁ ਨਿਰੰਜਨ ਅਲਖੁ ਹੈ ਕਿਉ ਲਖਿਆ ਜਾਈ ॥
ਨਾਮੁ ਨਿਰੰਜਨ ਨਾਲਿ ਹੈ ਕਿਉ ਪਾਈਐ ਭਾਈ ॥
ਨਾਮੁ ਨਿਰੰਜਨ ਵਰਤਦਾ ਰਵਿਆ ਸਭ ਠਾਂਈ ॥
ਗੁਰ ਪੂਰੇ ਤੇ ਪਾਈਐ ਹਿਰਦੈ ਦੇਇ ਦਿਖਾਈ ॥

(ਸਿਰੀਰਾਗੁ ਮ: ੧, ਪੰਨਾ 1242)

ਨਾਨਕ ਤਰੀਐ ਸਚਿ ਨਾਮਿ ਸਿਰਿ ਸਾਹਾ ਪਾਤਿਸਾਹੁ॥
ਮੈ ਹਰਿ ਨਾਮੁ ਨ ਵੀਸਰੈ ਹਰਿ ਨਾਮੁ ਰਤਨੁ ਵੇਸਾਹੁ॥

(ਸਿਰੀਰਾਗੁ ਮ: ੧, ਪੰਨਾ 64)

ਜਿਵੇਂ ਸ਼ੁਰੂ ਵਿਚ ਉਲੇਖ ਕੀਤਾ ਹੈ ਕਿ ਬਹੁਤੇ ਲੋਕਾਂ ਲਈ 'ਨਾਮ' ਇਕ ਬੁਝਾਰਤ ਬਣ ਗਿਆ ਹੈ। ਇਸ ਪ੍ਰਤੀ ਕੋਈ ਸ਼ੱਕ ਨਹੀਂ ਕਿ ਸਿੱਖਾਂ ਅੰਦਰ ਸ਼ਰਧਾ ਵੀ ਅਤਿ ਦਰਜੇ ਦੀ ਹੈ ਅਤੇ ਸ਼ਰਧਾ ਨਾਲ ਗੁਰਬਾਣੀ ਪੜ੍ਹੀ ਸੁਣੀ ਜਾਂਦੀ ਹੈ, ਪਰ ਇਸ ਬਾਰੇ ਬੁੱਝਣ ਦਾ ਜਤਨ ਨਹੀਂ ਕਿ ਨਾਮ ਕੀ ਹੈ? ਕਿਉਂਕਿ ਅਸੀਂ ਸ਼ਬਦ ਰਟਨ ਨੂੰ ਨਾਮ ਸਿਮਰਨ ਸਮਝ ਕੇ, ਇਸ ਪਰੰਪਰਾ ਨਾਲ ਪੂਰੀ ਸ਼ਰਧਾ ਨਾਲ ਜੁੜ ਗਏ ਹਾਂ। ਗੁਰਬਾਣੀ ਅੰਦਰ ਸ਼ਬਦ, ਬਾਣੀ, ਹੁਕਮ ਅਤੇ ਨਾਮ ਇੱਕੋ ਅਰਥਾਂ ਵਿਚ ਮਿਲਦੇ ਹਨ, ਗੁਰਬਾਣੀ ਪ੍ਰਮਾਣ:

ਚਹੁ ਦਿਸਿ ਹੁਕਮੁ ਵਰਤੈ ਪ੍ਰਭ ਤੇਰਾ ਚਹੁ ਦਿਸਿ ਨਾਮ ਪਤਾਲੰ॥
ਸਭ ਮਹਿ ਸਬਦੁ ਵਰਤੈ ਪ੍ਰਭ ਸਾਚਾ ਕਰਮਿ ਮਿਲੈ ਬੈਆਲੰ॥

(ਮਲਾਰ ਮ: ੧, ਪੰਨਾ 1245)

ਹੇ ਪ੍ਰਭੂ ਸਾਰੀ ਸ੍ਰਿਸ਼ਟੀ ਵਿਚ ਤੇਰਾ ਹੀ ਹੁਕਮ ਚੱਲ ਰਿਹਾ ਹੈ, ਸਾਰੀ ਸ੍ਰਿਸ਼ਟੀ ਵਿਚ ਤੇਰਾ ਨਾਮ ਵਜ ਰਿਹਾ ਹੈ, ਸਾਰੇ ਥਾਈਂ ਅਬਨਾਸ਼ੀ ਪਰਮਾਤਮਾ ਦੀ ਜੀਵਨ ਰੌ ਚੱਲ ਰਹੀ ਹੈ, ਉਸ ਅਕਾਲ ਪੁਰਖ ਦੀ ਕਿਰਪਾ ਨਾਲ ਹੀ ਪ੍ਰਭੂ ਮਿਲਦਾ ਹੈ:

ਸਚੁ ਬਾਣੀ ਸਚੁ ਸਬਦੁ ਹੈ ਭਾਈ ਗੁਰ ਕਿਰਪਾ ਤੇ ਹੋਇ॥
ਨਾਨਕ ਨਾਮੁ ਹਰਿ ਮਨਿ ਵਸੈ ਭਾਈ ਤਿਸੁ ਬਿਘਨੁ ਨ ਲਾਗੈ ਕੋਇ॥੮॥੨॥

(ਸੋਰਠਿ ਮਹਲਾ ੩, ਪੰਨੇ 638-39)

ਅਨਹਤ ਬਾਣੀ ਗੁਰ ਸਬਦਿ ਜਾਣੀ ਹਰਿ ਨਾਮੁ ਹਰਿ ਰਸੁ ਭੋਗੋ॥
ਕਹੈ ਨਾਨਕੁ ਪ੍ਰਭੁ ਆਪਿ ਮਿਲਿਆ ਕਰਣ ਕਾਰਣ ਜੋਗੋ॥੩੪॥

(ਰਾਮਕਲੀ ਮ: ੩, ਪੰਨੇ 921-22)

ਗੁਰਬਾਣੀ ਅੰਦਰ ਪ੍ਰਭੂ ਬੰਦਗੀ ਲਈ ਕਈ ਸਾਧਨਾਂ ਨੂੰ ਦ੍ਰਿੜਾਇਆ ਗਿਆ ਹੈ, ਜਿਵੇਂ ਨਾਮ ਧਿਆਉਣਾ, ਪ੍ਰਭੂ ਨੂੰ ਚੇਤੇ ਕਰਨਾ, ਭਜਨ ਕਰਨਾ, ਸਿਮਰਨ ਕਰਨਾ, ਕੀਰਤ ਕਰਨੀ, ਹਰਿ ਜਸ ਕਰਨਾ, ਸ਼ਬਦ ਕਮਾਉਣਾ, ਸੱਚ ਕਮਾਉਣਾ, ਹੁਕਮ ਮੰਨਣਾ, ਨਾਮ ਜਪਣਾ, ਪ੍ਰਭੂ ਦੇ ਗੁਣ ਗਾਉਣੇ, ਭਗਤੀ ਕਰਨੀ, ਗੁਰ-ਉਪਦੇਸ਼ ਕਮਾਉਣਾ, ਨਾਉ ਪੂਜਣਾ, ਨਾਉ ਮੰਨਣਾ, ਗੋਬਿੰਦ ਦੀ ਬਾਣੀ ਜਪਣੀ, ਗੁਰਬਾਣੀ ਸੁਣਨੀ, ਮੰਗਲ ਗਾਉਣੇ, ਗੁਰ ਵਿਚਾਰ ਕਰਨੀ, ਅਨੰਦ ਕਰਨਾ, ਅਨੰਦ ਸੁਣਨਾ, ਗੁਰਬਾਣੀ ਕੀਰਤਨ ਆਦਿ।

ਇਹ 'ਨਾਮ' ਸ਼ਬਦ ਗੁਰੂ ਸਾਹਿਬਾਨ ਤੋਂ ਬਹੁਤ ਸਮਾਂ ਪਹਿਲਾਂ ਭਗਤਾਂ ਨੇ ਵੀ ਆਪਣੀ ਬਾਣੀ ਵਿਚ ਵਰਤਿਆ ਹੈ, ਜਿਵੇਂ ਭਗਤ ਨਾਮਦੇਵ ਜੀ ਆਖਦੇ ਹਨ:

ਮੈ ਅੰਧੁਲੇ ਕੀ ਟੇਕ ਤੇਰਾ ਨਾਮੁ ਖੁੰਦਕਾਰਾ॥
ਮੈ ਗਰੀਬ ਮੈ ਮਸਕੀਨ ਤੇਰਾ ਨਾਮੁ ਹੈ ਅਧਾਰਾ॥੧॥ਰਹਾਉ॥

(ਤਿਲੰਗੁ ਨਾਮਦੇਵ ਜੀ, ਪੰਨਾ 727)

ਹੁਣ ਇਕ ਨਵੀਂ ਬੁਝਾਰਤ ਇਹ ਹੈ ਕਿ ਉਹ ਭਗਤ ਜਿਨ੍ਹਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਵਾਨ ਚੜ੍ਹੀ, ਕਿਹੜਾ ਨਾਮ ਜਾਂ ਮੰਤਰ ਸਿਮਰਦੇ ਸਨ? ਗੁਰੂ ਸਾਹਿਬਾਨ ਬਾਰੇ ਕੋਈ ਇਤਿਹਾਸਕ ਸਰੋਤ ਨਹੀਂ ਮਿਲਦਾ, ਜਿਥੋਂ ਪਤਾ ਲੱਗੇ ਕਿ ਉਹ ਵੀ ਕਿਸੇ (ਵਿਸ਼ੇਸ਼) ਸ਼ਬਦ ਦਾ ਰਟਨ ਬਤੌਰ ਰੱਬੀ ਨਾਮ ਕਰਦੇ ਹੋਣ। ਇਸ ਬਾਰੇ ਸਾਨੂੰ ਕੋਈ ਭੁਲੇਖਾ ਵੀ ਨਹੀਂ ਹੋਣਾ ਚਾਹੀਦਾ ਕਿ ਗੁਰੂ ਸਾਹਿਬ ਕੋਈ ਬਿਪਰਨ ਪਰੰਪਰਾ ਦਾ ਬਦਲਿਆ ਰੂਪ ਅਪਨਾ ਕੇ ਕੋਈ ਹੱਠ ਯੋਗ ਸਾਧਨ ਕਰਦੇ ਹੋਣ। ਭਾਵੇਂ ਗ਼ੈਰ-ਸਿੱਖ ਜਾਂ ਬਿਪਰਨ ਰੰਗ ਵਿਚ ਰੰਗੇ ਲਿਖਾਰੀਆਂ ਨੇ ਕਈ ਅਜਿਹੀਆਂ ਸਾਖੀਆਂ ਘੜ ਦਿੱਤੀਆਂ, ਜਿਨ੍ਹਾਂ ਦਾ ਕੋਈ ਸਿਰ-ਮੂੰਹ ਨਹੀਂ ਅਤੇ ਗੁਰਬਾਣੀ ਦੀ ਕਸਵੱਟੀ ਅਨੁਸਾਰ ਗ਼ਲਤ ਹਨ। ਜਿਵੇਂ ਗੁਰੂ ਸਾਹਿਬਾਨ ਨੇ ਪਰਮਾਤਮਾ ਦੀ ਸ਼ਕਤੀ ਜਾਂ ਹੋਂਦ ਨੂੰ 'ਨਾਮ' ਆਖਿਆ, ਉਸੇ ਤਰ੍ਹਾਂ ਹੀ ਭਗਤ ਬਾਣੀ ਅੰਦਰ ਨਾਮ ਸ਼ਬਦ ਦਾ ਪ੍ਰਯੋਗ ਪ੍ਰਭੂ ਦੇ ਸਤਿ ਸਰੂਪ ਨੂੰ ਦਰਸਾਉਣ ਲਈ ਕੀਤਾ ਗਿਆ ਹੈ।

ਸਿੱਖ ਧਰਮ ਦੇ ਪਹਿਲੇ ਵਿਆਖਿਆਕਾਰ ਭਾਈ ਗੁਰਦਾਸ ਜੀ ਲਿਖਦੇ ਹਨ:

ਗੁਰਮੁਖਿ ਜਨਮੁ ਸਕਾਰਥਾ ਗੁਰਬਾਣੀ ਪੜਿ ਸਮਝਿ ਸੁਣੇਹੀ॥

(ਵਾਰ 1, ਪਉੜੀ 3)

ਜੇ ਕਿਸੇ ਜਗਿਆਸੂ ਜਾਂ ਸ਼ਰਧਾਲੂ ਨੇ ਜਨਮ ਸਫਲ ਕਰਨਾ ਹੈ, ਤਾਂ ਉਹ ਗੁਰਬਾਣੀ ਨੂੰ ਸਮਝ ਕੇ ਪੜ੍ਹੇ ਜਾਂ ਸੁਣੇ। ਅਜੋਕੇ ਸਮੇਂ ਅਸੀਂ ਉਪਰੋਕਤ ਸੰਦੇਸ਼ ਨੂੰ ਕੋਈ ਅਹਿਮੀਅਤ ਨਹੀਂ ਦਿੰਦੇ। ਇਸ ਦੇ ਉਲਟ ਗੁਰਬਾਣੀ ਦੇ ਅਧਿਕ ਅਖੰਡਪਾਠ ਜਾਂ ਨਾਮ ਸਿਮਰਨ ਸਮਾਗਮ ਜ਼ੋਰਾਂ-ਸ਼ੋਰਾਂ ਨਾਲ ਅਯੋਜਿਤ ਕੀਤੇ ਜਾਂਦੇ ਹਨ। ਕੁਝ ਸੰਸਥਾਵਾਂ ਜਾਂ ਵਿਅਕਤੀਆਂ ਵੱਲੋਂ ਨਾਮ ਸਿਮਰਨ ਦੀਆਂ ਸੀ.ਡੀ'ਜ਼ ਵੇਚੀਆਂ ਜਾ ਰਹੀਆਂ ਹਨ, ਜਿਸ ਕਰਕੇ ਲੋਕਾਂ ਅੰਦਰ ਵਹਿਮ ਫੈਲਾਇਆ ਜਾ ਰਿਹਾ ਹੈ ਕਿ ਗੁਰਬਾਣੀ ਪੜ੍ਹਨ ਅਤੇ ਗੁਰਬਾਣੀ ਕੀਰਤਨ ਨਾਲੋਂ ਨਾਮ ਸਿਮਰਨ ਦੀ ਮਹੱਤਤਾ ਜ਼ਿਆਦਾ ਹੈ। ਕੁਝ ਗੁਰਦੁਆਰਿਆਂ ਅੰਦਰ ਨਾਮ ਸਿਮਰਨ ਜਾਂ ਨਾਮ ਜਪਣ ਲਈ ਵਿਸ਼ੇਸ਼ ਸਮਾਂ ਤੇ ਦਿਨ ਨਿਰਧਾਰਤ ਕੀਤੇ ਗਏ ਹਨ। ਕੁਝ ਵਿਅਕਤੀ ਨਾਮ ਸਿਮਰਨ ਨਾਲ ਬੀਮਾਰੀਆਂ ਦਾ ਇਲਾਜ ਕਰਨ ਦਾ ਵੀ ਦਾਅਵਾ ਕਰਦੇ ਹਨ। ਇੰਜ ਜਾਪਦਾ ਹੈ ਕਿ ਗੁਰੂ ਸਾਹਿਬਾਨਾਂ ਨੂੰ ਪਤਾ ਹੀ ਨਾ ਲੱਗਾ ਕਿ ਗੁਰਬਾਣੀ ਦੇ ਸ਼ਬਦਾਂ ਦੇ ਰਟਣ ਨਾਲ ਇਲਾਜ ਵੀ ਹੋ ਸਕਦਾ ਸੀ, ਨਹੀਂ ਤਾਂ ਉਹ ਬੀਮਾਰਾਂ ਲਈ ਵਿਸ਼ੇਸ਼ ਦਵਾਖ਼ਾਨੇ ਕਿਉਂ ਖੋਲ੍ਹਦੇ?

'ਸਿਧ ਗੋਸਟਿ' ਅੰਦਰ ਗੁਰੂ ਨਾਨਕ ਸਾਹਿਬ ਦੇ ਬਚਨ ਹਨ:

ਕੁਬੁਧਿ ਮਿਟੈ ਗੁਰ ਸਬਦੁ ਬੀਚਾਰਿ॥
ਸਤਿਗੁਰੁ ਭੇਟੈ ਮੋਖ ਦੁਆਰ॥ *(ਰਾਮਕਲੀ ਮਹਲਾ ੧, ਪੰਨਾ 944)*

ਸ਼ਬਦ ਦੀ (ਸਿਧਾਂਤਕ) ਵਿਚਾਰ ਨਾਲ ਭੈੜੀ ਮਤ ਦੂਰ ਹੁੰਦੀ ਹੈ ਤੇ ਗੁਰੂ ਦੇ ਹੁਕਮ 'ਚ ਰਹਿ ਕੇ ਮੁਕਤੀ ਪ੍ਰਾਪਤ ਹੋ ਸਕਦੀ ਹੈ। ਹੋਰ ਪੜ੍ਹੋ, ਗੁਰੂ ਸਾਹਿਬ ਤਾਂ ਆਖ ਰਹੇ ਹਨ:

ਮੈ ਸਤਿਗੁਰ ਸੇਤੀ ਪਿਰਹੜੀ ਕਿਉ ਗੁਰ ਬਿਨੁ ਜੀਵਾ ਮਾਉ ॥
ਮੈ ਗੁਰਬਾਣੀ ਆਧਾਰੁ ਹੈ ਗੁਰਬਾਣੀ ਲਾਗਿ ਰਹਾਉ ॥੮॥

[ਪਿਰਹੜੀ ਤੋਂ ਭਾਵ ਪ੍ਰੀਤ ਜਾਂ ਪਿਆਰ] *(ਸੂਹੀ ਮਹਲਾ ੪, ਪੰਨਾ 759)*

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥੫॥

(ਨਟ ਮ: ੪, ਪੰਨਾ 982)

ਸਤਿਗੁਰ ਕੀ ਜਿਸ ਨੋ ਮਤਿ ਆਵੈ ਸੋ ਸਤਿਗੁਰ ਮਾਹਿ ਸਮਾਨਾ ॥
ਇਹ ਬਾਣੀ ਜੋ ਜੀਅਹੁ ਜਾਣੈ ਤਿਸੁ ਅੰਤਰਿ ਰਵੈ ਹਰਿ ਨਾਮਾ ॥੧॥ਰਹਾਉ॥

(ਬਿਲਾਵਲੁ ਮਹਲਾ ੩, ਪੰਨਾ 797)

ਸਤਿਗੁਰ ਦੀ ਮਤ (ਗੁਰਮਤਿ) ਤਾਂ ਗੁਰਬਾਣੀ ਪੜ੍ਹ ਕੇ ਹੀ ਆਵੇਗੀ, ਜੇ ਅਸੀਂ ਗੁਰ-ਉਪਦੇਸ਼ ਨੂੰ ਮੰਨ ਲਵਾਂਗੇ ਤਾਂ ਸਾਡੇ ਅੰਦਰ ਰੱਬੀ ਗੁਣ ਆ ਸਕਦੇ ਹਨ। ਸ਼ਰਤ ਇਹ ਹੈ ਕਿ ਇਸ ਬਾਣੀ ਨੂੰ ਮਨ ਕਰਕੇ ਅੰਦਰ ਵਸਾਈਏ, ਫਿਰ ਸਾਡੇ ਅੰਦਰ ਮਹਾਨ ਜੋਤਿ ਦਾ ਅਨੁਭਵ ਹੋਵੇਗਾ :

ਭਗਤਿ ਭੰਡਾਰ ਗੁਰਬਾਣੀ ਲਾਲ ॥
ਗਾਵਤ ਸੁਨਤ ਕਮਾਵਤ ਨਿਹਾਲ ॥੨॥ *(ਆਸਾ ਮਹਲਾ ੫, ਪੰਨਾ 376)*

ਗੁਰਬਾਣੀ ਪ੍ਰਭੂ-ਭਗਤੀ ਦੇ ਹੀਰਿਆਂ ਦਾ ਖ਼ਜ਼ਾਨਾ ਹੈ। ਇਸ ਗੁਰਬਾਣੀ ਨੂੰ ਗਾਉਣ, ਸੁਣਨ ਅਤੇ ਇਸ ਦੇ ਉਪਦੇਸ਼ਾਂ ਨੂੰ ਅਮਲੀ ਜੀਵਨ ਜਾਚ ਵਿਚ ਧਾਰਨ ਕਰਨ ਨਾਲ ਮਨ 'ਚ ਵਿਗਾਸ ਆਵੇਗਾ :

ਸਤਿਗੁਰ ਬਚਨ ਬਚਨ ਹੈ ਸਤਿਗੁਰ ਪਾਧਰੁ ਮੁਕਤਿ ਜਨਾਵੈਗੋ ॥੫॥

(ਕਾਨੜਾ ਮਹਲਾ ੪, ਪੰਨਾ 1309)

ਗੁਰਬਾਣੀ ਦੇ ਬਚਨ ਸੱਚਾ ਗੁਰੂ ਹੈ, ਜਿਸ ਦੀ ਮਤ ਦੁਆਰਾ ਮੁਕਤੀ ਦੇ ਮਾਰਗ ਬਾਰੇ ਪਤਾ ਲੱਗਦਾ ਹੈ :

ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਏ ॥੧॥

(ਸਿਰੀਰਾਗੁ ਮਹਲਾ ੩, ਪੰਨਾ 67)

ਇਸ ਜੁਗ ਅੰਦਰ ਗੁਰਬਾਣੀ ਗਿਆਨ ਦਾ ਮਾਰਗ ਹੈ ਅਤੇ ਪਰਮਾਤਮਾ ਦੀ ਕਿਰਪਾ ਨਾਲ ਸਾਡੇ ਹਿਰਦੇ ਵਿਚ ਵੱਸਦੀ ਹੈ :

ਪ੍ਰਭ ਬੇਅੰਤ ਗੁਰਮਤਿ ਕੋ ਪਾਵਹਿ ॥ ਗੁਰ ਕੈ ਸਬਦਿ ਮਨ ਕਉ ਸਮਝਾਵਹਿ ॥
ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਮਾਨਹੁ ਇਉ ਆਤਮ ਰਾਮੈ ਲੀਨਾ ਹੇ ॥੧੪॥

(ਮਾਰੂ ਮਹਲਾ ੧, ਪੰਨਾ 1028)

ਕੋਈ ਵਿਰਲੇ ਜਨ ਗੁਰੂ ਦੀ ਮਤਿ ਦੁਆਰਾ ਪਰਮਾਤਮਾ ਨੂੰ ਲੱਭ ਲੈਂਦੇ ਹਨ, ਗੁਰ-ਸ਼ਬਦ ਦੇ ਨਾਲ ਆਪਣੇ ਮਨ ਨੂੰ ਵਿਕਾਰਾਂ ਵੱਲ ਜਾਣ ਤੋਂ ਰੋਕ ਲੈਂਦੇ ਹਨ। ਇਸ ਲਈ ਹੇ ਭਾਈ! ਗੁਰਬਾਣੀ ਵਿਚ ਸ਼ਰਧਾ ਬਣਾਉਣ ਨਾਲ ਸਰਬ-ਵਿਆਪਕ ਨਾਮ ਵਿਚ ਲੀਨ ਹੋ ਸਕਦੇ ਹਾਂ :

ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ॥
ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ॥
ਜਿਨ ਕਉ ਨਦਰਿ ਕਰਮੁ ਹੋਵੈ ਹਿਰਦੈ ਤਿਨਾ ਸਮਾਣੀ॥

(ਰਾਮਕਲੀ ਮਹਲਾ ੩, ਪੰਨਾ 920)

ਗੁਰੂ ਸਾਹਿਬ ਆਖ ਰਹੇ ਹਨ ਕਿ ਪਰਮਾਤਮਾ ਨਾਲ ਜੋੜਨ ਵਾਲੀ ਬਾਣੀ ਗਾਵੋ, ਕਿਉਂਕਿ ਇਹ ਸੱਚੀ ਅਤੇ ਹੋਰ ਬਾਣੀਆਂ ਨਾਲੋਂ ਉੱਚੀ ਹੈ। ਜਿਨ੍ਹਾਂ ਉੱਤੇ ਪ੍ਰਭੂ ਦੀ ਮਿਹਰ ਹੁੰਦੀ ਹੈ, ਉਨ੍ਹਾਂ ਦੇ ਹਿਰਦਿਆਂ ਵਿਚ ਇਹ ਬਾਣੀ ਟਿਕ ਜਾਂਦੀ ਹੈ।

ਗੁਰੂ ਸਾਹਿਬਾਂ ਦੀ ਸਮੁੱਚੀ ਬਾਣੀ ਅੰਮ੍ਰਿਤ ਹੈ ਤੇ ਇਹੀ ਨਾਮ ਹੈ ਕਿਉਂਕਿ ਇਹ ਨਾਮ ਨਾਲ ਜੋੜਦੀ ਹੈ।

ਗੁਰਬਾਣੀ ਸਾਡੇ ਲਈ ਹੀਰਿਆਂ ਦੀ ਖਾਣ ਹੈ, ਇਸ ਨੂੰ ਮੰਤਰਾਂ ਵਾਂਗੂੰ ਨਾ ਵਰਤੀਏ। ਭਾਈ ਕਾਨ੍ਹ ਸਿੰਘ ਜੀ ਅਨੁਸਾਰ "ਸਿਮਰਨ ਉਸ ਨੂੰ ਆਖਦੇ ਹਨ ਜੋ ਅੰਤਰਜਾਮੀ ਦੇ ਅਰਥਾਂ ਨੂੰ ਵਿਚਾਰਦਾ ਹੈ। ਉਹ ਮਨ ਵਿਚ ਬੁਰਾ ਸੰਕਲਪ ਨਹੀਂ ਲਿਆਉਂਦਾ... ਉਹ ਪਰਮਾਤਮਾ ਨੂੰ ਹਾਜ਼ਰ ਨਾਜ਼ਰ ਜਾਣ ਕੇ ਕੁਕਰਮਾਂ ਦੇ ਕਰਨ ਤੋਂ ਸੰਕੋਚ ਕਰਦਾ ਹੈ।" (*ਗੁਰਮਤਿ ਮਾਰਤੰਡ*, ਪੰਨਾ 622) ਡਾਕਟਰ ਸ਼ੇਰ ਸਿੰਘ ਲਿਖਦੇ ਹਨ: "ਜੇ ਨਾਮ ਦੇ ਅਰਥ ਕਿਸੇ ਪਦ ਦਾ ਤੋਤਾ ਰਟਣਾ ਜਾਪ ਹੈ ਤਾਂ ਫਿਰ ਨਾਮ ਅਤੇ ਜਾਦੂ ਟੂਣੇ (ਫੂਕਾਂ ਮਾਰਨ ਵਾਲੇ ਮੰਤਰਾਂ ਵਿਚ ਕੋਈ ਫ਼ਰਕ ਨਹੀਂ। ਪੁਰਾਣੇ ਮੰਤਰ ਪਾਠ ਵੀ ਇਸ ਤਰ੍ਹਾਂ ਹੀ ਸਮਝੇ ਜਾਂਦੇ ਸਨ। ਇਨ੍ਹਾਂ ਅਰਥਾਂ ਵਿਚ ਨਾਮ ਹੈ ਹੀ ਜਾਦੂ ਦਾ ਦੂਜਾ ਨਾਂ।" (*ਗੁਰਮਤਿ ਦਰਸ਼ਨ*, ਪੰਨੇ 448-49)

ਭਾਈ ਰਾਜਿੰਦਰ ਸਿੰਘ ਜੀ ਲਿਖਦੇ ਹਨ: "ਸਿੱਖੀ ਦਾ ਅਸਲ ਨਿਰਮਲ ਸਰੂਪ ਗੁਆਚਦਾ ਜਾ ਰਿਹਾ ਹੈ ਅਤੇ ਸਿੱਖੀ ਵੀ ਬ੍ਰਾਹਮਣੀ ਵਿਚਾਰਧਾਰਾ ਅਨੁਕੂਲ ਇਕ ਕਰਮ-ਕਾਂਡੀ ਵਿਚਾਰਧਾਰਾ ਦੇ ਰੂਪ ਵਿਚ ਪ੍ਰਗਟ ਹੋ ਰਹੀ ਹੈ। ਗੁਰਬਾਣੀ ਵਿਚਾਰ ਕੇ ਪੜ੍ਹ ਕੇ ਅਕਾਲ ਪੁਰਖ ਦੀ ਹੋਂਦ ਅਤੇ ਸਮਰੱਥਾ ਵਿਚ ਵਿਸ਼ਵਾਸ ਪੱਕਾ ਕਰਨਾ ਸੀ। ਸਾਨੂੰ ਅਕਾਲ ਪੁਰਖ ਦੇ ਅਗੰਮੀ ਗੁਣਾਂ ਨਾਲ ਜੋੜਨਾ ਸੀ। ਨਾਮ ਨੇ ਸਾਡੇ ਹਿਰਦੇ ਦਾ ਸ਼ਿੰਗਾਰ ਬਣਨਾ ਸੀ, ਸਾਡਾ ਕਿਰਦਾਰ ਨਿਖਾਰਨਾ ਸੀ, ਜਿਸ ਨਾਲ ਸ਼ੁਭ ਗੁਣਾਂ ਨਾਲ ਭਰਪੂਰ ਇਕ ਅਮਲੀ ਜੀਵਨ ਵਿਗਸਤ ਹੋਣਾ ਸੀ, ਜਿਹੜਾ ਪੁਰਾਤਨ ਗੁਰਸਿੱਖਾਂ ਵਿਚ ਸੀ। ਕਾਰਨ ਕੀ ਹੈ ? ਗੁਰਬਾਣੀ ਨੂੰ ਵਿਚਾਰ ਕੇ, ਸਮਝ ਕੇ, ਗੁਰਬਾਣੀ ਦੇ ਗੁਣਾਂ ਨੂੰ ਆਪਣੇ ਜੀਵਨ ਵਿਚ ਧਾਰਨ ਦੀ ਬਜਾਏ ਰਟਨ ਤਕ ਹੀ ਸੀਮਿਤ ਹੋ ਗਏ ਹਾਂ।" (*ਗੁਰਮਤਿ ਨਾਮ ਸਿਮਰਨ*, ਪੰਨਾ 13)

ਭਾਈ ਕਾਨ੍ਹ ਸਿੰਘ ਜੀ ਨਾਭਾ ਅਨੁਸਾਰ ਗੁਰਮਤਿ ਵਿਚ ਮਨ ਦੀ ਇਕਾਗਰਤਾ ਲਈ ਸਰਵੋਤਮ ਸਾਧਨ ਕੀਰਤਨ ਹੈ। ਕੀਰਤਨ ਦਾ ਭਾਵ ਪਰਮਾਤਮਾ ਦੇ ਗੁਣਾਂ ਦੀ ਕੀਰਤੀ ਹੈ। ਗੁਰੂ ਅਰਜਨ ਸਾਹਿਬ ਜੀ ਆਸਾ ਰਾਗ ਵਿਚ ਆਖ ਰਹੇ ਹਨ ਕਿ ਹੇ ਮਿੱਤਰ, ਮੈਨੂੰ ਉਹ ਥਾਂ ਦੱਸ, ਜਿਥੇ ਹਰ ਵੇਲੇ ਪਰਮਾਤਮਾ ਦੀ ਸਿਫ਼ਤਿ-ਸਾਲਾਹ ਹੁੰਦੀ ਹੋਵੇ:

ਸੋ ਅਸਥਾਨੁ ਬਤਾਵਹੁ ਮੀਤਾ॥
ਜਾ ਕੈ ਹਰਿ ਹਰਿ ਕੀਰਤਨੁ ਨੀਤਾ॥੧॥ਰਹਾਉ॥ *(ਆਸਾ ਮਹਲਾ ੫, ਪੰਨਾ 385)*

ਸ਼ਬਦ ਦੇ 'ਰਹਾਉ ਦੂਜਾ' ਵਿਚ ਉਪਰੋਕਤ ਪ੍ਰਸ਼ਨ ਦਾ ਉੱਤਰ ਹੈ:

ਸਾਧਸੰਗਿ ਹਰਿ ਕੀਰਤਨੁ ਗਾਈਐ ॥
ਇਹੁ ਅਸਥਾਨੁ ਗੁਰੂ ਤੇ ਪਾਈਐ ॥੧॥ *(ਆਸਾ ਮਹਲਾ ੫, ਪੰਨਾ 385)*

ਗੁਰਮਤਿ ਅੰਦਰ ਗੁਰਬਾਣੀ ਪੜ੍ਹਨੀ ਅਤੇ ਗੁਰਬਾਣੀ ਕੀਰਤਨ ਦੀ ਪਰੰਪਰਾ ਨੂੰ ਗੁਰੂ ਨਾਨਕ ਸਾਹਿਬ ਜੀ ਨੇ ਸਥਾਪਤ ਕਰ ਦਿੱਤਾ ਸੀ। ਭਾਈ ਮਰਦਾਨਾ ਜੀ ਨੂੰ ਰਬਾਬ ਦੇਣੀ ਅਤੇ ਆਪਣੀਆਂ ਉਦਾਸੀਆਂ (ਪ੍ਰਚਾਰ ਫੇਰੀਆਂ) ਦੌਰਾਨ ਗੁਰਬਾਣੀ ਉਪਦੇਸ਼ਾਂ ਨੂੰ ਸੰਗੀਤ 'ਚ ਪ੍ਰੋ ਕੇ ਪ੍ਰਚਾਰਿਆ।

ਭਗਤ ਰਤਨਾਵਲੀ ਅੰਦਰ ਅੰਕਿਤ ਹੈ ਕਿ ਝਾਝੂ, ਮੁਕੰਦੂ ਤੇ ਕਿਦਾਰਾ ਗੁਰੂ ਅਰਜਨ ਜੀ ਦੇ ਹਜ਼ੂਰ ਆਏ। ਉਨ੍ਹਾਂ ਗੁਰੂ ਜੀ ਪਾਸੋਂ ਪੁੱਛਿਆ ਕਿ ਉਨ੍ਹਾਂ ਦਾ ਉਧਾਰ ਕਿਵੇਂ ਹੋਵੇ ? ਇਸ 'ਤੇ ਗੁਰੂ ਜੀ ਨੇ ਉੱਤਰ ਦਿੱਤਾ ਕਿ ਕੀਰਤਨ ਦੇ ਸਮਾਨ ਹੋਰ ਕੋਈ ਜੋਗ ਤਪ ਨਹੀਂ।... "ਜੋ ਸਮਝਵਾਨ ਸਿੱਖ ਹੁੰਦੇ ਹਨ..., ਜੋ ਕਥਾ ਕੀਰਤਨ ਕਰਦੇ ਹਨ, ਵਿਚਾਰਦੇ ਹਨ, ਵਾਰਤਾ ਸੁਣਦੇ ਹਨ, ਉਸ ਨੂੰ ਹਿਰਦੇ ਵਿਚ ਧਾਰਦੇ ਹਨ ਤਾਂ ਉਨ੍ਹਾਂ ਨੂੰ ਸਮਝ ਪ੍ਰਾਪਤ ਹੁੰਦੀ ਹੈ। ਇਹ ਦੋਨੋਂ ਕਥਾ ਤੇ ਕੀਰਤਨ ਤਦ ਹੀ ਸੋਭਾ ਪਾਉਂਦੇ ਹਨ, ਜੇਕਰ ਇਹ ਪ੍ਰੇਮ ਤੇ ਸ਼ਰਧਾ 'ਤੇ ਆਧਾਰਿਤ ਹੋਣ।" (*ਗੁਰਮਤਿ ਮਾਰਤੰਡ*, ਪੰਨਾ 302) ਗੁਰਬਾਣੀ ਅੰਦਰ ਗੁਰਬਾਣੀ ਨੂੰ ਗਾਇਨ ਕਰਨ ਸੰਬੰਧੀ ਬਹੁਤ ਪ੍ਰਮਾਣ ਹਨ:

ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥
(ਸੋਰਠਿ ਮਹਲਾ ੫, ਪੰਨਾ 642)

ਸਾਰਿਆਂ ਸਾਧਨਾਂ ਨਾਲੋਂ ਪ੍ਰਭੂ ਕੀਰਤਨ ਉੱਚਾ ਕਰਮ ਹੈ:

ਗੁਰਬਾਣੀ ਗਾਵਹ ਭਾਈ ॥
ਓਹ ਸਫਲ ਸਦਾ ਸੁਖਦਾਈ ॥ *(ਸੋਰਠਿ ਮਹਲਾ ੫, ਪੰਨਾ 628)*

ਗੁਰੂ ਸਾਹਿਬਾਨ ਨੇ ਸਾਨੂੰ ਗੁਰਬਾਣੀ ਦਾ ਮਹਾਨ ਖ਼ਜ਼ਾਨਾ ਦਿੱਤਾ ਹੈ ਅਤੇ ਇਹ ਸੰਦੇਸ਼ ਅਸੀਂ ਹਰ ਰੋਜ਼ ਦੁਹਰਾਉਂਦੇ ਹਾਂ, "ਜੋ ਪ੍ਰਭ ਕੋ ਮਿਲਬੋ ਚਹੈ ਖੋਜ ਸਬਦ ਮਹਿ ਲੇਹਿ", ਇਸ ਲਈ ਸਾਨੂੰ ਕੋਈ ਭਰਮ ਨਹੀਂ ਹੋਣਾ ਚਾਹੀਦਾ ਕਿ ਗੁਰਮਤਿ ਸਿੱਧਾਂਤ ਅਨੁਸਾਰ ਗੁਰਬਾਣੀ ਪੜ੍ਹਨੀ, ਗੁਰਬਾਣੀ ਦੀ ਵਿਚਾਰ ਕਰਨੀ ਅਥਵਾ ਗੁਰਬਾਣੀ ਕੀਰਤਨ ਦਾ ਮੁਖ-ਮੰਤਵ ਗੁਰ-ਉਪਦੇਸ਼ਾਂ ਨੂੰ ਸਮਝ ਕੇ ਆਪਣੇ ਜੀਵਨ 'ਚ ਧਾਰਨ ਕਰਨਾ ਹੈ। ਗੁਰਬਾਣੀ ਨੂੰ ਸਮਝ ਕੇ ਪੜ੍ਹੀਏ ਤਾਂ ਅਸੀਂ ਦੈਵੀ ਗੁਣਾਂ ਨਾਲ ਸਾਂਝ ਬਣਾ ਸਕਦੇ ਹਾਂ ਅਤੇ ਆਪਣੇ ਜੀਵਨ ਅੰਦਰ ਚੰਗੇ ਜਾਂ ਸ਼ੁਭ ਗੁਣਾਂ ਨੂੰ ਧਾਰਨ ਕਰ ਕੇ ਸਚਿਆਰ ਬਣ ਸਕਦੇ ਹਾਂ। ਪਰਮਾਤਮਾ ਨੂੰ ਕਿਸੇ ਵੀ ਨਾਮ ਨਾਲ ਯਾਦ ਕੀਤਾ ਜਾ ਸਕਦਾ ਹੈ, ਬਸ ਸ਼ਰਤ ਇਹੀ ਹੈ ਕਿ ਉਸ ਨੂੰ ਪਿਆਰ ਨਾਲ ਯਾਦ ਕਰੀਏ। ਪਰ ਕਿਸੇ ਇਕ ਸ਼ਬਦ ਦੇ ਰਟਨ ਨੂੰ ਨਾਮ ਸਿਮਰਨ ਨਹੀਂ ਆਖ ਸਕਦੇ। ਗੁਰਬਾਣੀ ਅੰਦਰ ਗੁਰਮਤਿ ਦੀ ਅਸਲੀ ਭਗਤੀ ਦੇ ਸਰੂਪ ਬਾਰੇ ਸਪੱਸ਼ਟ ਸੇਧ ਮਿਲਦੀ ਹੈ। ਭਗਤ ਨਾਮਦੇਵ ਜੀ ਤੇ ਭਗਤ ਤ੍ਰਿਲੋਚਨ ਜੀ ਦੇ ਆਪਸ ਵਿਚ ਪ੍ਰਸ਼ਨ-ਉੱਤਰ ਹਨ। ਭਗਤ ਤ੍ਰਿਲੋਚਨ ਜੀ ਨਾਮਦੇਵ ਜੀ ਨੂੰ ਕਾਰ-ਵਿਹਾਰ ਵਿਚ ਰੁੱਝੇ ਦੇਖ ਕੇ ਕਿੰਤੂ ਕਰਦੇ ਹਨ ਕਿ ਉਹ

ਰੱਬੀ ਬੰਦਗੀ ਲਈ ਸਮਾਂ ਨਹੀਂ ਕੱਢਦੇ, ਤਾਂ ਭਗਤ ਨਾਮਦੇਵ ਜੀ ਇਸ ਪ੍ਰਤੀ ਸਪੱਸ਼ਟ ਕਰਦੇ ਹਨ ਕਿ ਕਾਰੋਬਾਰ ਕਰਦਿਆਂ ਹੀ ਰੱਬ ਦੀ ਬੰਦਗੀ ਕੀਤੀ ਜਾ ਸਕਦੀ ਹੈ:

ਨਾਮਾ ਮਾਇਆ ਮੋਹਿਆ ਕਹੈ ਤਿਲੋਚਨੁ ਮੀਤ ॥
ਕਾਹੇ ਛੀਪਹੁ ਛਾਇਲੈ ਰਾਮ ਨ ਲਾਵਹੁ ਚੀਤੁ ॥੨੧੨॥
ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਾਲਿ ॥
ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ ॥੨੧੩॥

(ਸਲੋਕ ਭਗਤ ਕਬੀਰ ਜੀਉ ਕੇ, ਪੰਨਾ 1375-76)

ਗੁਰਦੁਆਰਿਆਂ ਅੰਦਰ ਗੁਰਬਾਣੀ ਪਾਠ, ਗੁਰਬਾਣੀ ਕੀਰਤਨ ਤੇ ਗੁਰਬਾਣੀ ਦੀ ਵਿਚਾਰ ਜਾਂ ਇਤਿਹਾਸਕ ਬਿਰਤਾਂਤ ਸੁਣਾਉਣ ਦੀ ਪਰੰਪਰਾ ਹੈ। ਕੌਮ ਦੇ ਭਲੇ ਲਈ ਸਾਡਾ ਸਭ ਦਾ ਨੈਤਿਕ ਫ਼ਰਜ਼ ਬਣਦਾ ਹੈ ਕਿ ਗੁਰਮਤਿ ਵਿਰੋਧੀ ਪਰੰਪਰਾਵਾਂ ਨੂੰ ਗੁਰਦੁਆਰਿਆਂ ਅੰਦਰ ਨਾ ਸਥਾਪਿਤ ਕਰੀਏ। ਸ਼ਬਦ ਰਟਨ ਜਾਂ ਮੰਤਰ ਰਟਨ ਕਰਨ ਦੀ, ਗੁਰਬਾਣੀ ਆਗਿਆ ਨਹੀਂ ਦਿੰਦੀ।

ਸ਼ਾਇਦ ਸਾਲ 1992 ਦੀ ਗੱਲ ਹੋਵੇਗੀ ਕਿ ਮੈਂ ਇਕ ਸਕੂਲ ਵਿਚ ਨਾਮ ਸਿਮਰਨ ਦੀ ਪਿਰਤ ਨੂੰ ਠੀਕ ਨਾ ਸਮਝਿਆ। ਦੂਸਰਾ, ਉਥੇ ਸਕੂਲ ਦੇ ਬੱਚਿਆਂ ਨੇ ਨੀਂਦ ਵੀ ਪੂਰੀ ਕਰਨੀ ਹੁੰਦੀ ਹੈ, ਨਹੀਂ ਤਾਂ ਪੜ੍ਹਾਈ ਸੰਬੰਧੀ ਉਨ੍ਹਾਂ ਦੇ ਪੱਲੇ ਕੁਝ ਨਹੀਂ ਪਵੇਗਾ। ਉਸ ਵਿਸ਼ੇਸ਼ ਅਸਥਾਨ 'ਤੇ 12 ਵਜੇ (ਅੱਧੀ ਰਾਤ ਨੂੰ) ਸੇਵਕ ਸਪੀਕਰ ਲਗਾ ਕੇ 'ਸਤਿਨਾਮ ਵਾਹਿਗੁਰੂ' ਸ਼ਬਦਾਂ ਦਾ ਰਟਨ ਕਰਦੇ ਸਨ। ਦਾਸ ਨੇ, ਬਾਬਾ ਅਤਰ ਸਿੰਘ ਜੀ ਮਸਤੂਆਣਾ ਵਾਲਿਆਂ ਦੀ ਜੀਵਨੀ ਵਿੱਚੋਂ ਪੜ੍ਹ ਕੇ ਦੱਸਿਆ ਕਿ ਉਹ ਤਾਂ ਦੋ ਵਜੇ ਤੋਂ ਬਾਅਦ ਸਿਮਰਨ ਦੀ ਗੱਲ ਆਖਦੇ ਸਨ। ਉਥੋਂ ਦੇ (ਮੁੱਖ) ਸੇਵਕ ਵੱਲੋਂ ਮੇਰੇ ਸਵਾਲ ਦਾ ਉੱਤਰ, ਇਹ ਦਿੱਤਾ ਗਿਆ ਕਿ ਦੋ ਵਜੇ ਤੋਂ ਬਾਅਦ ਸਿਮਰਨ ਦਾ ਸਮਾਂ ਗ੍ਰਿਹਸਤੀਆਂ ਲਈ ਹੈ ਅਤੇ ਅੱਧੀ ਰਾਤ ਤੋਂ ਸਿਮਰਨ ਕਰਨਾ ਉਨ੍ਹਾਂ ਲਈ ਨਿਰਧਾਰਤ ਹੈ, ਜੋ ਗ੍ਰਿਹਸਤੀ ਨਹੀਂ ਹਨ। ਇਨ੍ਹਾਂ ਵਹਿਮਾਂ ਤੇ ਭਰਮਾਂ ਦਾ ਪ੍ਰਚਾਰ ਕਰਨ ਵਾਲੇ ਪੰਥਕ ਹਿੱਤੂ ਨਹੀਂ ਹੋ ਸਕਦੇ। ਮੈਂ ਉਨ੍ਹਾਂ ਨੂੰ ਸਪੱਸ਼ਟ ਕੀਤਾ ਸੀ ਕਿ ਸਿੱਖ ਧਰਮ ਗ੍ਰਿਹਸਤੀਆਂ ਅਤੇ ਕਿਰਤੀ ਲੋਕਾਂ ਦਾ ਧਰਮ ਹੈ ਅਤੇ ਵਿਹਲੜਾਂ ਨੂੰ ਕੋਈ ਪ੍ਰਵਾਨਗੀ ਨਹੀਂ। ਇਹ ਸਾਡੀ ਬਦਕਿਸਮਤੀ ਹੈ ਕਿ ਪੰਥ ਦੇ ਅੰਦਰ ਵਿਹਲੜ ਜੋ ਗ੍ਰਿਹਸਤੀ ਦੀਆਂ ਜ਼ਿੰਮੇਵਾਰੀਆਂ ਤੋਂ ਦੂਰ ਭੱਜਣ ਵਾਲੇ ਮਹਾਂਪੁਰਖ ਆਖੇ ਜਾਂਦੇ ਹਨ ਅਤੇ ਉਨ੍ਹਾਂ ਦਾ ਤੋਰੀ-ਫੁਲਕਾ ਕਿਰਤੀਆਂ ਅਤੇ ਗ੍ਰਿਹਸਤੀਆਂ ਉੱਪਰ ਨਿਰਭਰ ਹੁੰਦਾ ਹੈ। ਗੁਰਬਾਣੀ ਆਖ ਰਹੀ ਹੈ:

ਗੁਰੁ ਪੀਰੁ ਸਦਾਏ ਮੰਗਣ ਜਾਇ ॥
ਤਾ ਕੈ ਮੂਲਿ ਨ ਲਗੀਐ ਪਾਇ ॥
ਘਾਲਿ ਖਾਇ ਕਿਛੁ ਹਥਹੁ ਦੇਇ ॥
ਨਾਨਕ ਰਾਹੁ ਪਛਾਣਹਿ ਸੇਇ ॥੧॥ *(ਵਾਰ ਸਾਰੰਗ, ਮਹਲਾ ੧, ਪੰਨਾ 1245)*

ਗੁਰਮਤਿ ਅੰਦਰ ਸਪੱਸ਼ਟ ਸੰਦੇਸ਼ ਹਨ ਕਿ ਧਰਮ ਦੀ ਕਿਰਤ ਕਰੀਏ ਅਤੇ ਧਰਮ

ਦੀ ਨੇਕ ਕਮਾਈ ਕਰਨੀ ਹੀ ਨਾਮ ਸਿਮਰਨ ਹੈ। ਜਦੋਂ ਅਸੀਂ ਔਗੁਣਾਂ ਨੂੰ ਵਿਸਾਰ ਕੇ ਗੁਣਾਂ ਨੂੰ ਪੱਲੇ ਬੰਨ੍ਹਾਂਗੇ, ਤਦ ਸਾਡੇ ਅੰਦਰ ਨਾਮ ਵੱਸੇਗਾ।

ਜੇਕਰ ਅਸੀਂ ਗੁਰਬਾਣੀ ਦੇ ਸੰਦੇਸ਼ ਤੋਂ ਲਾਂਭੇ ਹਟ ਕੇ ਸਨਾਤਨੀ ਵਿਧੀਆਂ ਦੀ ਤਰਜ਼ 'ਤੇ ਕਿਸੇ ਸ਼ਬਦ ਦਾ ਤੋਤਾ ਰਟਨ, ਮੰਤਰ ਜਾਪ ਜਾਂ ਸਾਰੀ ਸਾਰੀ ਰਾਤ ਕੀਰਤਨ ਲਈ ਹੱਠ ਕਰਦੇ ਹਾਂ ਤਾਂ ਅਸੀਂ ਗੁਰੂ ਦੇ ਹੁਕਮ ਦਾ ਵਿਰੋਧ ਕਰਦੇ ਹਾਂ ਅਤੇ ਗੁਰਬਾਣੀ ਦੇ ਉਪਦੇਸ਼ਾਂ ਨੂੰ ਮੰਨਣ ਤੋਂ ਇਨਕਾਰੀ ਹਾਂ:

ਮੁਖਹੁ ਹਰਿ ਹਰਿ ਸਭੁ ਕੋ ਕਰੈ ਵਿਰਲੈ ਹਿਰਦੈ ਵਸਾਇਆ॥
ਨਾਨਕ ਜਿਨ ਕੈ ਹਿਰਦੈ ਵਸਿਆ ਮੋਖ ਮੁਕਤਿ ਤਿਨ੍ ਪਾਇਆ॥

(ਵਡਹੰਸ ਮਹਲਾ ੩, ਪੰਨਾ 565)

ਸ. ਰਾਜਿੰਦਰ ਸਿੰਘ ਜੀ ਆਪਣੀ ਪੁਸਤਕ *ਗੁਰਮਤਿ ਨਾਮ ਸਿਮਰਨ* ਦੇ ਅਖ਼ੀਰ 'ਚ ਪਿਆਰ ਸਹਿਤ ਲਿਖਦੇ ਹਨ: "ਆਓ ਨੇਮ ਨਾਲ ਵਿਚਾਰ ਕੇ ਬਾਣੀ ਪੜ੍ਹੀਏ, ਸੁਣੀਏ, ਗਾਈਏ, ਉਸ ਨੂੰ ਹਿਰਦੇ ਵਿਚ ਧਾਰਨ ਕਰੀਏ ਅਤੇ ਉਸ ਅਨੁਸਾਰ ਸ਼ੁਭ ਗੁਣਾਂ ਵਾਲਾ ਜੀਵਨ ਬਤੀਤ ਕਰੀਏ। ਸਾਡੇ ਜੀਵਨ ਵਿੱਚੋਂ ਹਰ ਸਮੇਂ ਗੁਰਬਾਣੀ ਦੇ ਸ਼ੁਭ ਗੁਣਾਂ ਦੀ ਮਹਿਕ ਆਵੇ, ਤਾਂ ਕਿ ਵਾਹਿਗੁਰੂ ਦੀ ਬਖ਼ਸ਼ਸ਼ ਦੇ ਪਾਤਰ ਬਣ ਸਕੀਏ। ਉਸ ਦੀ ਮਿਹਰ ਸਦਕਾ, ਮਨ ਹਰ ਵੇਲੇ ਉਸ ਦੇ ਚਰਨਾਂ ਨਾਲ ਜੁੜਿਆਂ, ਉਸ ਦੀ ਯਾਦ ਅਤੇ ਉਸ ਦੇ ਪਿਆਰ ਵਿਚ ਭਿੱਜਾ ਰਹੇ। ਇਹੀ ਗੁਰਮਤਿ ਅਨੁਸਾਰ ਸੁਆਸ-ਸੁਆਸ ਵਾਹਿਗੂਰੂ ਦੇ ਸਿਮਰਨ ਦੀ ਦਾਤ ਹੈ।

ਕੀ ਸਿੱਖ ਧਰਮ ਕਰਾਮਾਤਾਂ ਜਾਂ ਰਿਧੀਆਂ-ਸਿਧੀਆਂ ਨੂੰ ਮੰਨਦਾ ਹੈ ?

ਅਜੋਕੇ ਕਾਲ 'ਚ ਅਜਿਹੇ ਪ੍ਰਸ਼ਨ ਦਾ ਉਤਪੰਨ ਹੋਣਾ ਸੁਭਾਵਿਕ ਹੈ। ਸਾਲ 2008 ਵਿਚ ਬੀ.ਸੀ. ਦੇ ਇਕ ਰੇਡੀਓ ਸਟੇਸ਼ਨ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਸੰਬੰਧੀ ਵਿਚਾਰ ਚਰਚਾ ਹੋ ਰਹੀ ਸੀ ਅਤੇ ਦਾਸ ਬਤੌਰ ਗੁਰਮਤਿ ਸੰਬੰਧੀ ਵਿਚਾਰਾਂ ਦੀ ਸਾਂਝ ਕਰਨ ਲਈ ਹਾਜ਼ਰ ਸੀ। ਇਕ ਵੀਰ ਨੇ ਪ੍ਰਸ਼ਨ ਕੀਤਾ ਕਿ ਕੀ ਗੁਰਬਾਣੀ ਕਰਾਮਾਤਾਂ ਨੂੰ ਮੰਨਦੀ ਹੈ ? ਉਸ ਵੀਰ ਨੂੰ ਇਹ ਦੱਸਣ ਦਾ ਜਤਨ ਕੀਤਾ ਕਿ'ਗੁਰੂ ਸਾਹਿਬਾਨ ਨੇ ਆਪਣੇ ਵੱਲੋਂ ਕਰਾਮਾਤਾਂ ਦੀ ਗੱਲ ਨੂੰ ਰੱਦ ਕੀਤਾ ਹੈ। ਉਸ ਵੀਰ ਨੇ ਜ਼ਿੱਦ ਨਾ ਛੱਡੀ ਅਤੇ ਕਿਹਾ ਕਿ ਕਰਾਮਾਤਾਂ ਹੁੰਦੀਆਂ ਹਨ ਅਤੇ ਵਿਗਿਆਨ ਨੇ ਸਾਬਤ ਕੀਤਾ ਹੈ ਕਿ ਕਰਾਮਾਤਾਂ ਅਵੱਸ਼ ਹਨ।

ਸਭ ਤੋਂ ਪਹਿਲਾਂ ਕਰਾਮਾਤ ਦੀ ਪਰਿਭਾਸ਼ਾ ਬਾਰੇ ਵਿਚਾਰ ਕਰਾਂਗੇ। *ਗੁਰੂ ਗ੍ਰੰਥ ਵਿਸ਼ਵਕੋਸ਼* ਦੇ ਕਰਤਾ ਡਾ. ਰਤਨ ਸਿੰਘ ਜੱਗੀ ਅਨੁਸਾਰ "ਕਰਾਮਾਤ ਅਰਬੀ ਮੂਲ ਦਾ ਸ਼ਬਦ ਹੈ, ਜਿਸ ਦਾ ਭਾਵ ਉਹ ਅਲੌਕਿਕ ਸ਼ਕਤੀ ਜਿਸ ਰਾਹੀਂ ਕੋਈ ਅਸੰਭਵ ਗੱਲ, ਸੰਭਵ ਹੋ ਜਾਵੇ। ਕਰਾਮਾਤ ਨੂੰ ਭਾਰਤੀ ਸੰਸਕ੍ਰਿਤੀ ਵਿਚ ਸਿੱਧੀ ਜਾਂ ਚਮਤਕਾਰ ਵੀ ਕਿਹਾ ਜਾਂਦਾ ਹੈ।" ਸੰਸਾਰ ਦੇ ਸਮੂਹ ਪੀਰਾਂ ਫ਼ਕੀਰਾਂ ਅਤੇ ਪੈਗ਼ੰਬਰਾਂ ਨਾਲ ਬਹੁਤ ਤਰ੍ਹਾਂ ਦੀਆਂ ਕਰਾਮਾਤਾਂ ਜੁੜੀਆਂ ਹੋਈਆਂ ਹਨ। ਸਿੱਖ ਗੁਰੂਆਂ ਦੇ ਜੀਵਨ ਨਾਲ ਵੀ ਅਨੇਕਾਂ ਪ੍ਰਕਾਰ ਦੀਆਂ ਕਰਾਮਾਤਾਂ ਦਾ ਵਰਣਨ ਕੀਤਾ ਗਿਆ ਹੈ, ਵਿਸ਼ੇਸ਼ ਕਰਕੇ ਜਨਮ-ਸਾਖੀਆਂ ਅਤੇ ਗੁਰ-ਬਿਲਾਸ ਕਾਵਿ ਪੁਸਤਕਾਂ ਅੰਦਰ ਉਨ੍ਹਾਂ ਵੱਲੋਂ ਕਰਾਮਾਤਾਂ ਵਾਪਰ ਜਾਣੀਆਂ ਆਮ ਹੀ ਲਿਖੀਆਂ ਮਿਲਦੀਆਂ ਹਨ।

ਜਿਵੇਂ ਮੇਰੇ ਵੱਲੋਂ ਰੇਡੀਓ ਸਟੇਸ਼ਨ ਤੋਂ ਉਸ ਵੀਰ ਨੂੰ ਉੱਤਰ ਦੇਣ ਸਮੇਂ ਕਿਹਾ ਸੀ ਕਿ ਗੁਰੂ ਸਾਹਿਬਾਨ ਨੇ ਕਰਾਮਾਤ ਦੀ ਗੱਲ ਨੂੰ ਰੱਦ ਕੀਤਾ ਹੈ ਅਤੇ ਇਸ ਸੰਬੰਧ 'ਚ ਇਤਿਹਾਸਕ ਪ੍ਰਮਾਣ ਮਿਲਦੇ ਹਨ। ਜਦੋਂ ਗੁਰੂ ਨਾਨਕ ਸਾਹਿਬ ਆਪਣੇ ਪ੍ਰਚਾਰ-ਫੇਰੀਆਂ ਦੌਰਾਨ ਜੋਗੀਆਂ ਅਤੇ ਸਿਧ-ਪੀਰਾਂ ਨੂੰ ਮਿਲੇ ਤਾਂ ਉਨ੍ਹਾਂ ਨਾਲ ਗੋਸ਼ਟ ਕੀਤੀ ਇਸ ਸੰਦਰਭ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਸਿਧਾਂ ਨਾਲ ਵਿਚਾਰ-ਚਰਚਾ ਬਾਰੇ ਗੁਰੂ ਨਾਨਕ ਸਾਹਿਬ ਵੱਲੋਂ ਰਚੀ 'ਸਿਧ ਗੋਸਟਿ' ਦੇ ਸਿਰਲੇਖ ਹੇਠ ਬਾਣੀ ਦਰਜ ਹੈ। ਸਿੱਧਾਂ ਨੇ ਗੁਰੂ ਜੀ ਨੂੰ ਕੋਈ ਕਰਾਮਾਤ ਦਿਖਾਉਣ ਲਈ ਆਖਿਆ, ਕਿਉਂਕਿ ਉਸ ਸਮੇਂ ਧਰਮੀ ਪੁਰਖ ਜਾਂ ਪੀਰਾਂ ਫ਼ਕੀਰਾਂ ਦੀ ਪਹਿਚਾਣ ਉਨ੍ਹਾਂ ਦੇ ਕਰਾਮਾਤੀ ਹੋਣ ਕਰਕੇ

ਹੀ ਹੁੰਦੀ ਸੀ। ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਦੀ ਪਉੜੀ ਬਤਾਲਵੀਂ ਅੰਦਰ ਇਸ ਚਰਚਾ ਸੰਬੰਧੀ ਉਲੇਖ ਦਰਜ ਹੈ:

ਸਿਧਿ ਬੋਲਨਿ ਸੁਣਿ ਨਾਨਕਾ ਤੁਹਿ ਜਗ ਨੋ ਕਿਆ ਕਰਾਮਾਤਿ ਦਿਖਾਈ॥
ਕੁਝ ਵਿਖਾਲੇ ਅਸਾ ਨੋ, ਤੁਹਿ ਕਿਉ ਢਿਲ ਅਵੇਹੀ ਲਾਈ॥

ਸਿੱਧਾਂ ਦੇ ਉਪਰੋਕਤ ਪ੍ਰਸ਼ਨ ਦੇ ਉੱਤਰ 'ਚ ਗੁਰੂ ਨਾਨਕ ਸਾਹਿਬ ਉੱਤਰ ਦਿੰਦੇ ਹਨ:

ਬਾਬਾ ਬੋਲੇ ਨਾਥ ਜੀ, ਅਸਾਂ ਤੇ ਵੇਖਣਿ ਜੋਗੀ ਵਸਤੁ ਨ ਕਾਈ॥
ਗੁਰ ਸੰਗਤਿ ਬਾਣੀ ਬਿਨਾ ਦੂਜੀ ਓਟ ਨਹੀ ਹਹਿ ਰਾਈ॥

ਗੁਰੂ ਸਾਹਿਬ ਨੇ ਸਪੱਸ਼ਟ ਕੀਤਾ ਕਿ ਉਨ੍ਹਾਂ ਪਾਸ ਕੋਈ ਕਰਾਮਾਤ ਨਹੀਂ ਹੈ ਅਤੇ ਉਨ੍ਹਾਂ ਪਾਸ ਗੁਰੂ (ਪਰਮਾਤਮਾ) ਅਤੇ ਸੰਗਤ ਅਥਵਾ ਗਿਆਨ ਦੇ ਬਿਨਾਂ ਹੋਰ ਕੁਝ ਨਹੀਂ। ਇਸ ਤੋਂ ਅਗਲੀ ਪਉੜੀ ਨੰ: ਤਿਰਤਾਲੀਵੀਂ ਵਿਚ ਹੋਰ ਵਧੇਰੇ ਸਪੱਸ਼ਟ ਕਰਦੇ ਹਨ:

ਬਾਬਾ ਬੋਲੇ ਨਾਥ ਜੀ! ਸਬਦੁ ਸੁਨਹੁ ਸਚੁ ਮੁਖਹੁ ਅਲਾਈ॥
ਬਾਝੋ ਸਚੇ ਨਾਮ ਦੇ ਹੋਰ ਕਰਾਮਾਤਿ ਅਸਾਂ ਤੇ ਨਾਹੀ॥

ਮੈਂ ਸੱਚ ਸੁਣਦਾ ਹਾਂ, ਸੱਚ ਬਚਨ ਆਖਦਾ ਹਾਂ ਅਤੇ ਪਰਮਾਤਮਾ ਦੀ ਸ਼ਕਤੀ ਤੋਂ ਬਿਨਾਂ ਹੋਰ ਕਿਸੇ ਕਰਾਮਾਤਾਂ ਨੂੰ ਨਹੀਂ ਮੰਨਦਾ।

ਇਸ ਤੋਂ ਬਿਨਾਂ ਗੁਰੂ ਨਾਨਕ ਸਾਹਿਬ ਵੇਲੇ ਬਾਬਰ ਦੇ ਹਮਲੇ ਹੋਏ। ਉਸ ਸਮੇਂ ਭਾਰਤ ਅੰਦਰ ਪੀਰਾਂ, ਫ਼ਕੀਰਾਂ, ਸਾਧਾਂ-ਸੰਤਾਂ ਦੀ ਭਰਮਾਰ ਸੀ। ਧਾਰਮਿਕ ਨੇਤਾਵਾਂ ਕੋਲ ਕਰਾਮਾਤੀ ਸ਼ਕਤੀਆਂ ਦਾ ਹੋਣਾ ਆਮ ਲੌਕਿਕ ਵਿਸ਼ਵਾਸ ਸੀ, ਜਿਸ ਕਰਕੇ ਲੋਕਾਈ ਉਨ੍ਹਾਂ ਦਾ ਸਤਿਕਾਰ ਕਰਦੀ ਅਤੇ ਉਹ ਲੋਕਾਂ ਦੇ ਕਸ਼ਟ ਨਿਵਾਰਣ ਲਈ ਜੰਤਰ-ਮੰਤਰ ਦਾ ਪ੍ਰਯੋਗ ਕਰਦੇ ਸਨ। ਜਦੋਂ ਬਾਬਰ ਵੱਡੇ ਲਸ਼ਕਰ ਨਾਲ ਭਾਰਤ 'ਤੇ ਹਮਲਾ ਕਰਨ ਲਈ ਆ ਰਿਹਾ ਸੀ ਤਾਂ ਲੋਕ ਭੈ-ਭੀਤ ਸਨ ਅਤੇ ਧਾਰਮਿਕ ਆਗੂ ਉਨ੍ਹਾਂ ਨੂੰ ਦਿਲਾਸਾ ਦੇ ਰਹੇ ਸਨ ਕਿ ਉਹ ਕਰਾਮਾਤੀ ਸ਼ਕਤੀਆਂ ਨਾਲ ਉਸ ਮੁਗ਼ਲ ਬਾਦਸ਼ਾਹ ਨੂੰ ਕਾਬੂ ਕਰ ਲੈਣਗੇ। ਪੀਰਾਂ, ਫ਼ਕੀਰਾਂ ਨੇ ਹਜ਼ਾਰਾਂ ਮੰਤਰ ਪੜ੍ਹੇ ਹੋਣਗੇ, ਯੱਗ ਤੇ ਹਵਨ ਕੀਤੇ ਹੋਣਗੇ ਪਰ ਬਾਬਰ ਦਾ ਵਾਲ ਵੀ ਵਿੰਗਾ ਨਾ ਹੋਇਆ। ਉਸ ਨੇ ਭਾਰਤ ਅੰਦਰ ਜ਼ੁਲਮ ਕੀਤਾ ਅਤੇ ਕੋਈ ਉਸ ਦੀ ਤਾਕਤ ਨੂੰ ਵੰਗਾਰ ਨਾ ਸਕਿਆ। ਗੁਰੂ ਨਾਨਕ ਸਾਹਿਬ ਨੇ ਆਪਣੀ ਬਾਣੀ ਵਿਚ ਗਵਾਹੀ ਭਰੀ ਹੈ ਕਿ ਅਨੇਕਾਂ ਪੀਰਾਂ ਨੇ ਬਾਬਰ ਨੂੰ ਰੋਕਣ ਲਈ ਜਤਨ ਕੀਤੇ ਪਰ ਸਭ ਅਸਫਲ ਹੋਏ। ਪੀਰਾਂ ਦਾ ਕੋਈ ਮੰਤਰ ਤੇ ਕਰਾਮਾਤ ਕੁਝ ਨਾ ਕਰ ਸਕਿਆ:

ਕੋਟੀ ਹੂ ਪੀਰ ਵਰਜਿ ਰਹਾਏ ਜਾ ਮੀਰੁ ਸੁਣਿਆ ਧਾਇਆ॥
ਥਾਨ ਮੁਕਾਮ ਜਲੇ ਬਿਜ ਮੰਦਰ ਮੁਛਿ ਮੁਛਿ ਕੁਇਰ ਰੁਲਾਇਆ॥
ਕੋਈ ਮੁਗਲੁ ਨ ਹੋਇਆ ਅੰਧਾ ਕਿਨੈ ਨ ਪਰਚਾ ਲਾਇਆ॥੪॥

(ਆਸਾ ਮਹਲਾ ੧, ਪੰਨਾ 418)

ਜਦੋਂ ਪਠਾਣ ਹਾਕਮਾਂ ਨੂੰ ਪਤਾ ਲੱਗਾ ਕਿ ਮੀਰ (ਬਾਦਸ਼ਾਹ) ਬਾਬਰ ਹੱਲਾ ਕਰਨ ਲਈ ਆ ਰਿਹਾ ਹੈ, ਪਠਾਣਾਂ ਨੇ ਅਨੇਕਾਂ ਪੀਰਾਂ ਨੂੰ ਜਾਦੂ-ਟੂਣੇ ਕਰਨ ਲਈ ਆਪਣੇ ਪਾਸ ਰੋਕੀ ਰੱਖਿਆ ਜਾਂ ਕਾਬੂ ਕਰੀ ਰੱਖਿਆ। ਪਰ ਉਨ੍ਹਾਂ ਦੇ ਮੰਤਰਾਂ ਦਾ ਕੋਈ ਅਸਰ ਨਾ ਹੋਇਆ ਸਿੱਟੇ ਵਜੋਂ ਵੱਡੇ ਪੱਕੇ ਮਹਿਲ ਮੁਗ਼ਲਾਂ ਦੀ ਲਗਾਈ ਅੱਗ ਨਾਲ ਸੜ ਕੇ ਸੁਆਹ ਹੋ ਗਏ ਅਤੇ ਸ਼ਾਹਜ਼ਾਦਿਆਂ ਨੂੰ ਟੋਟੇ-ਟੋਟੇ ਕਰ ਕੇ ਮਿੱਟੀ 'ਚ ਰੋਲ ਦਿੱਤਾ ਗਿਆ। ਕਿਸੇ ਪੀਰ ਦੀ ਕਰਾਮਾਤ ਜਾਂ ਮੰਤਰ ਨਾਲ ਕੋਈ ਵੀ ਮੁਗ਼ਲ ਅੰਧਾ ਨਾ ਹੋਇਆ।

ਜੇਕਰ ਅਸੀਂ ਅਸਲ ਕਰਾਮਾਤ ਦੀ ਪਰਿਭਾਸ਼ਾ ਨੂੰ ਸਮਝ ਲਈਏ ਤਾਂ ਅਸੀਂ ਅਜੋਕੇ ਸਮੇਂ ਭੇਖੀ ਲੋਕਾਂ ਦੇ ਚੁੰਗਲ ਵਿਚ ਫਸਣ ਤੋਂ ਬਚ ਸਕਦੇ ਹਾਂ ਅਤੇ ਜੇਕਰ ਗੁਰਬਾਣੀ ਵੀਚਾਰ ਦੁਆਰਾ ਲੋਕਾਂ ਅੰਦਰ ਸ਼ੁਭ ਕਰਮ ਕਰਨ ਦਾ ਸਾਹਸ ਵੀ ਵੱਧ ਜਾਵੇ ਤਾਂ ਇਹੀ ਕਰਾਮਾਤ ਹੈ। ਗੁਰੂ ਨਾਨਕ ਸਾਹਿਬ ਨੇ ਵੱਡੀ ਕਰਾਮਾਤ ਕਰ ਕੇ ਦੱਸ ਦਿੱਤਾ ਕਿ ਮਨੁੱਖ ਸਮਾਜ ਅੰਦਰ ਹੋ ਰਹੀ ਲੁੱਟ-ਖਸੁੱਟ ਦੇ ਵਿਰੁੱਧ ਅਵਾਜ਼ ਬੁਲੰਦ ਕਰੇ। ਉਨ੍ਹਾਂ ਵੱਲੋਂ ਬਾਬਰ ਵਰਗੇ ਬਾਦਸ਼ਾਹ ਨੂੰ ਜਾਬਰ ਆਖਣਾ ਅਤੇ ਉਸ ਦੀ ਫ਼ੌਜ ਨੂੰ 'ਪਾਪ ਕੀ ਜੰਞ' ਕਹਿਣਾ ਇਕ ਮਹਾਨ ਕਰਾਮਾਤ ਹੀ ਸੀ। ਉਨ੍ਹਾਂ ਨੇ ਮੀਰੀ-ਪੀਰੀ ਦੇ ਸਿਧਾਂਤ ਦੀ ਨੀਂਹ ਰੱਖ ਦਿੱਤੀ ਅਤੇ ਮਨੁੱਖੀ ਅਧਿਕਾਰਾਂ ਦੀ ਖ਼ਾਤਰ ਜੂਝਣ ਲਈ ਭਾਰਤੀ ਪਰਜਾ ਨੂੰ ਪ੍ਰੇਰਿਆ ਅਤੇ ਸਿੱਖ ਲਹਿਰ ਨੂੰ ਆਰੰਭ ਕਰ ਦਿੱਤਾ। ਗੁਰਬਾਣੀ ਅੰਦਰ ਸਿੱਧੀ ਜਾਂ ਕਰਾਮਾਤ ਦੀ ਕਈ ਥਾਈਂ ਵਿਆਖਿਆ ਮਿਲਦੀ ਹੈ, ਜਿਵੇਂ :

ਬਿਨੁ ਨਾਵੈ ਪੈਨਣੁ ਖਾਣੁ ਸਭੁ ਬਾਦਿ ਹੈ ਧਿਗੁ ਸਿਧੀ ਧਿਗੁ ਕਰਮਾਤਿ ॥
ਸਾ ਸਿਧਿ ਸਾ ਕਰਮਾਤਿ ਹੈ ਅਚਿੰਤੁ ਕਰੇ ਜਿਸੁ ਦਾਤਿ ॥
ਨਾਨਕ ਗੁਰਮੁਖਿ ਹਰਿ ਨਾਮੁ ਮਨਿ ਵਸੈ ਏਹਾ ਸਿਧਿ ਏਹਾ ਕਰਮਾਤਿ ॥੨॥

(ਵਾਰ ਸੋਰਠਿ, ਮ: ੩, ਪੰਨਾ 650)

ਜੇ ਰੱਬ ਨਾਲੋਂ ਟੁੱਟੇ ਹੋਏ ਹਾਂ ਤਾਂ ਉਹ ਸਿਧੀ ਤੇ ਕਰਾਮਾਤ ਫਿਟਕਾਰਯੋਗ ਹੈ। ਅਸਲ ਸਿਧੀ ਜਾਂ ਕਰਾਮਾਤ ਇਹ ਹੈ ਜੇ ਪਰਮਾਤਮਾ ਕਿਸੇ ਨੂੰ ਨਾਮ ਦੀ ਦਾਤ ਪ੍ਰਦਾਨ ਕਰੇ ਅਤੇ ਜੇਕਰ ਹਿਰਦੇ 'ਚ ਵਾਹਿਗੁਰੂ ਦੇ ਗੁਣ ਵੱਸ ਜਾਣ, ਇਹੀ ਸਿਧੀ ਤੇ ਕਰਾਮਾਤ ਹੈ।

ਸਿੱਖ-ਇਤਿਹਾਸ ਦੀਆਂ ਸਾਖੀਆਂ ਸੁਣਾਉਣ ਸਮੇਂ ਅਸੀਂ ਗੌਰਵ ਕਰਦੇ ਹਾਂ ਕਿ ਜਦੋਂ ਕਦੀ ਕਿਸੇ ਗੁਰੂ ਸਾਹਿਬਾਨ ਨੂੰ ਕਿਸੇ ਨੇ ਕਰਾਮਾਤ ਦਿਖਾਉਣ ਲਈ ਆਖਿਆ ਤਾਂ ਉਨ੍ਹਾਂ ਨੇ ਹਮੇਸ਼ਾ ਇਨਕਾਰ ਕੀਤਾ, ਜਿਵੇਂ ਗੁਰਬਾਣੀ ਦੀਆਂ ਉਪਰੋਕਤ ਤੁਕਾਂ ਵਿਚ ਸਪੱਸ਼ਟ ਕੀਤਾ ਗਿਆ ਹੈ ਕਿ ਰੱਬ ਦੇ ਗੁਣ ਹਿਰਦੇ ਅੰਦਰ ਵੱਸ ਜਾਣ, ਇਸ ਤੋਂ ਵੱਡੀ ਕੋਈ ਹੋਰ ਕੋਈ ਕਰਾਮਾਤ ਨਹੀਂ। ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੂੰ ਬਾਦਸ਼ਾਹ ਔਰੰਗਜ਼ੇਬ ਵੱਲੋਂ ਕਿਹਾ ਗਿਆ ਸੀ ਕਿ ਉਹ ਕੋਈ ਕਰਾਮਾਤ ਦਿਖਾਉਣ ਜਾਂ ਇਸਲਾਮ ਧਰਮ ਕਬੂਲ ਕਰਨ, ਨਹੀਂ ਤਾਂ ਮੌਤ ਮਿਲੇਗੀ। ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੇ ਮਨੁੱਖੀ ਅਧਿਕਾਰਾਂ ਖ਼ਾਤਰ ਸ਼ਹੀਦ ਹੋ ਜਾਣ ਨੂੰ ਪ੍ਰਵਾਨ ਕੀਤਾ। ਜਦੋਂ ਗੁਰੂ ਗੋਬਿੰਦ ਸਿੰਘ ਜੀ ਬਾਦਸ਼ਾਹ ਬਹਾਦਰ ਸ਼ਾਹ ਦੇ ਦਰਬਾਰ ਪਧਾਰੇ ਤਾਂ

ਦਰਬਾਰੀਆਂ ਨੇ ਉਨ੍ਹਾਂ ਨੂੰ ਵੀ ਕਿਹਾ ਸੀ ਕਿ ਉਹ ਕੋਈ ਕਰਾਮਾਤ ਦਿਖਾਉਣ। ਉਨ੍ਹਾਂ ਨੇ ਪਹਿਲਾਂ ਦਿਨਾਰ ਕੱਢ ਕੇ ਦਿਖਾਇਆ ਕਿ ਇਹ ਕਰਾਮਾਤ ਹੈ। ਜਦੋਂ ਉਹ ਸੰਤੁਸ਼ਟ ਨਾ ਹੋਏ ਤਾਂ ਉਨ੍ਹਾਂ ਨੇ ਸਿਰੀ ਸਾਹਿਬ ਮਿਆਨ ਵਿੱਚੋਂ ਕੱਢ ਕੇ ਦਿਖਾਈ ਕਿ ਇਹ ਕਰਾਮਾਤ ਹੈ। ਲੋੜ ਪੈ ਜਾਣ 'ਤੇ ਸ਼ਕਤੀ ਦਾ ਪ੍ਰਯੋਗ ਕਰਨ ਨਾਲ ਕਰਾਮਾਤ ਵਾਪਰ ਜਾਂਦੀ ਹੈ।

ਲੇਖ ਦੇ ਸ਼ੁਰੂ ਵਿਚ ਗੁਰੂ ਸਾਹਿਬ ਵੱਲੋਂ ਕਰਾਮਾਤ ਦਿਖਾਉਣ ਦੀ ਗੱਲ ਨੂੰ ਰੱਦ ਕਰਨ ਬਾਰੇ ਦੱਸਿਆ ਗਿਆ ਕਿ ਉਨ੍ਹਾਂ ਨੇ ਸਿੱਧਾਂ ਨੂੰ ਸਪੱਸ਼ਟ ਕੀਤਾ ਸੀ ਕਿ ਉਨ੍ਹਾਂ ਪਾਸ ਕੋਈ ਕਰਾਮਾਤ ਨਹੀਂ। ਦੂਜੇ ਪਾਸੇ ਜਨਮਸਾਖੀਆਂ ਦੇ ਲਿਖਾਰੀਆਂ ਨੇ ਗੁਰੂ ਨਾਨਕ ਸਾਹਿਬ ਦੇ ਜੀਵਨ 'ਚ ਅਨੇਕਾਂ ਕਰਾਮਾਤਾਂ ਘਸੋੜ ਦਿੱਤੀਆਂ ਹਨ। ਗੁਰੂ ਹਰਿਕਿਸ਼ਨ ਸਾਹਿਬ ਸਬੰਧੀ ਕਿਹਾ ਜਾਂਦਾ ਹੈ ਕਿ ਉਨ੍ਹਾਂ ਨੇ ਛੱਜੂ ਝੀਵਰ ਪਾਸੋਂ ਗੀਤਾ ਦੇ ਅਰਥ ਕਰਵਾ ਕੇ ਘੁਮੰਡੀ ਪੰਡਿਤ ਨੂੰ ਹੈਰਾਨ ਕਰ ਦਿੱਤਾ। ਅਸਲ ਵਿਚ ਛੱਜੂ ਰਾਮ ਸੰਸਕ੍ਰਿਤ ਦਾ ਵਿਦਵਾਨ ਸੀ, ਪਰ ਉਸ ਦੀ ਰਹਿਣੀ-ਸਹਿਣੀ ਤੋਂ ਲੋਕ ਉਸ ਨੂੰ ਵਿਦਵਾਨ ਨਹੀਂ ਸਮਝਦੇ ਸਨ। ਪਰ ਗੁਰੂ ਜੀ ਵੱਲੋਂ ਉਸ ਦੇ ਸਿਰ ਉੱਤੇ ਸੋਟੀ ਰੱਖ ਕੇ ਗੀਤਾ ਦੇ ਅਰਥ ਕਰਵਾ ਦੇਣ ਨੂੰ ਕਰਾਮਾਤ ਦਿਖਾਉਣ ਦੀ ਲਿਖੀ ਕਹਾਣੀ ਗੁਰਮਤਿ ਵਿਰੋਧੀ ਜਾਪਦੀ ਹੈ।

ਮੱਕਾ ਫਿਰ ਜਾਣਾ ਜਾਂ ਘੁੰਮ ਜਾਣ ਸਬੰਧੀ ਗੁਰੂ ਨਾਨਕ ਸਾਹਿਬ ਵੱਲੋਂ ਕਰਾਮਾਤ ਕਰਨ ਵਾਲੀ ਸਾਖੀ ਪ੍ਰਚੱਲਿਤ ਹੋ ਗਈ ਹੈ, ਜਿਸ ਦਾ ਆਧਾਰ ਭਾਈ ਗੁਰਦਾਸ ਦੀ ਪਹਿਲੀ ਵਾਰ ਦੀ ਬੱਤੀਵੀਂ ਪਉੜੀ ਬੋਲਦੇ ਹਨ :

ਬਾਬਾ ਫਿਰਿ ਮਕੇ ਗਇਆ ਨੀਲ ਬਸਤ੍ਰ ਧਾਰੇ ਬਨਵਾਰੀ॥...
ਜਾ ਬਾਬਾ ਸੁਤਾ ਰਾਤਿ ਕੋ ਵਲਿ ਮਹਿਰਾਬੇ ਪਾਇ ਪਸਾਰੀ॥
ਜੀਵਣਿ ਮਾਰੀ ਲਤਿ ਦੀ ਕੇਹੜਾ ਸੁਤਾ ਕੁਫਰ ਕਫਾਰੀ॥...
ਟੰਗੋਂ ਪਕੜਿ ਘਸੀਟਿਆ ਫਿਰਿਆ ਮਕਾ ਕਲਾ ਦਿਖਾਰੀ॥
ਹੋਇ ਹੈਰਾਨੁ ਕਰੇਨਿ ਜੁਹਾਰੀ॥

ਇਸ ਪਉੜੀ ਦੇ ਅੱਖਰੀ ਅਰਥ ਕਰਨ ਨਾਲ ਇਹੀ ਜਾਪੇਗਾ ਕਿ ਕਲਾ ਵਰਤੀ ਤੇ ਮੱਕਾ ਘੁੰਮ ਗਿਆ। ਇਹ ਵੀ ਸੰਭਵ ਹੈ ਕਿ ਇਹ ਸਾਖੀ ਪਹਿਲਾਂ ਹੀ ਪ੍ਰਚੱਲਿਤ ਹੋ ਗਈ ਹੋਵੇ, ਜਿਸ ਉੱਤੇ ਭਾਈ ਗੁਰਦਾਸ ਨੇ ਰਚਨਾ ਕਰ ਦਿੱਤੀ। ਦੂਸਰਾ, ਕਾਵਿ ਰੂਪ ਰਚਨਾ ਵਿਚ ਲਿਖਾਰੀ ਕਾਵਿ-ਉਡਾਰੀ ਦੁਆਰਾ ਕਵਿਤਾ ਨੂੰ ਸ਼ਿੰਗਾਰਦਾ ਹੈ। ਭਾਈ ਗੁਰਦਾਸ ਜੀ ਇਸ ਪਹਿਲੀ ਵਾਰ ਦੀ ਬਤਾਲੀਵੀਂ ਪਉੜੀ ਵਿਚ ਗੁਰੂ ਨਾਨਕ ਸਾਹਿਬ ਵੱਲੋਂ ਕਰਾਮਾਤ ਨੂੰ ਰੱਦ ਕਰਨ ਦੀ ਗੱਲ ਕਰਦੇ ਹਨ। ਜਦੋਂ ਸਿੱਧਾਂ ਨੇ ਗੁਰੂ ਨਾਨਕ ਸਾਹਿਬ ਨੂੰ ਕਰਾਮਾਤ ਦਿਖਾਉਣ ਲਈ ਆਖਿਆ ਤਾਂ ਗੁਰੂ ਸਾਹਿਬ ਉੱਤਰ ਦਿੰਦੇ ਹਨ ਕਿ ਸਾਡੇ ਪਾਸ ਪਰਮਾਤਮਾ ਅਤੇ ਸੰਗਤ ਅਥਵਾ ਗਿਆਨ ਤੋਂ ਬਿਨਾਂ ਹੋਰ ਕੁਝ ਨਹੀਂ। ਅਗਲੀ ਪਉੜੀ ਵਿਚ ਆਖਦੇ ਹਨ, "ਮੈਂ ਸੱਚ ਸੁਣਦਾ ਹਾਂ, ਸੱਚ ਬਚਨ ਆਖਦਾ ਹਾਂ ਅਤੇ ਪਰਮਾਤਮਾ ਦੀ ਸ਼ਕਤੀ ਤੋਂ ਬਿਨਾਂ ਮੈਂ ਕਿਸੇ ਹੋਰ ਕਰਾਮਾਤ ਨੂੰ ਨਹੀਂ ਮੰਨਦਾ। ਮੱਕੇ ਵਿਖੇ ਗੁਰੂ ਨਾਨਕ ਸਾਹਿਬ ਨੇ ਉਨ੍ਹਾਂ ਦੀ ਸੋਚ ਅੰਦਰ

ਪਰਿਵਰਤਨ ਲਿਆਂਦਾ ਕਿ ਰੱਬ ਕਿਸੇ ਖ਼ਾਸ ਦਿਸ਼ਾ ਵੱਲ ਨਹੀਂ, ਉਸ ਦੀ ਹੋਂਦ ਤਾਂ ਸਰਬ ਥਾਈਂ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਭਗਤ ਨਾਮਦੇਵ ਜੀ ਦਾ ਸ਼ਬਦ ਹੈ:

ਹਸਤ ਖੇਲਤ ਤੇਰੇ ਦੇਹੁਰੇ ਆਇਆ ॥
ਭਗਤਿ ਕਰਤ ਨਾਮਾ ਪਕਰਿ ਉਠਾਇਆ ॥... *(ਭੈਰਉ ਨਾਮਦੇਉ ਜੀ, ਪੰਨਾ 164)*

ਭਗਤ ਨਾਮਦੇਵ ਜੀ ਨੂੰ ਪੁਜਾਰੀਆਂ ਨੇ ਨੀਵੀਂ ਜਾਤ ਦਾ ਹੋਣ ਕਰਕੇ ਮੰਦਰ ਤੋਂ ਬਾਹਰ ਕੱਢ ਦਿੱਤਾ ਤੇ ਭਗਤ ਜੀ ਬਾਹਰ ਬੈਠ ਕੇ ਹੀ ਭਗਤੀ ਕਰਨ ਲੱਗ ਪਏ ਅਤੇ ਮੰਦਰ ਦਾ ਦਰਵਾਜ਼ਾ ਘੁੰਮ ਕੇ ਭਗਤ ਨਾਮਦੇਵ ਜੀ ਵੱਲ ਹੋ ਗਿਆ। ਅਸਲ ਵਿਚ ਇਸ ਸ਼ਬਦ ਦੇ ਭਾਵ-ਅਰਥ ਹਨ ਕਿ ਜਦੋਂ ਭਗਤ ਜੀ ਪਰਮਾਤਮਾ ਦੇ ਗੁਣਾਂ ਦੀ ਵਿਚਾਰ ਕਰਦੇ ਹਨ, ਉਨ੍ਹਾਂ ਨੂੰ ਗਿਆਨ ਹੁੰਦਾ ਹੈ ਕਿ ਪਰਮਾਤਮਾ ਮੂਰਤੀਆਂ ਅੰਦਰ ਨਹੀਂ ਵੱਸਦਾ ਤੇ ਨਾ ਹੀ ਮੰਦਰ ਵਿਚ ਰਹਿੰਦਾ ਹੈ। ਭਗਤ ਜੀ ਆਪਣੀ ਬਾਣੀ ਦੁਆਰਾ ਸਪੱਸ਼ਟ ਕਰਦੇ ਹਨ ਕਿ ਉਹ ਮੰਦਰ ਜਾਂ ਮਸੀਤ 'ਚ ਜਾ ਕੇ ਕੋਈ ਪੂਜਾ ਨਹੀਂ ਕਰਦੇ:

ਹਿੰਦੂ ਪੂਜੈ ਦੇਹੁਰਾ ਮੁਸਲਮਾਣੁ ਮਸੀਤਿ ॥
ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤਿ ॥ *(ਗੋਂਡ ਨਾਮਦੇਉ ਜੀ, ਪੰਨਾ 875)*

ਭਾਈ ਗੁਰਦਾਸ ਜੀ ਵੱਲੋਂ ਕਰਾਮਾਤ ਦੀ ਕਲਾ ਦਿਖਾਉਣ ਬਾਰੇ ਲਿਖਿਆ ਹੋਇਆ ਹੈ, ਪਰ ਗੁਰਬਾਣੀ ਅੰਦਰ ਗੁਰੂ ਸਾਹਿਬਾਨਾਂ ਵੱਲੋਂ ਕੋਈ ਪ੍ਰਮਾਣ ਅਜਿਹਾ ਨਹੀਂ ਮਿਲਦਾ ਜਿਸ ਵਿਚ ਉਹ ਰਿਧੀਆਂ-ਸਿਧੀਆਂ ਜਾਂ ਕਰਾਮਾਤਾਂ ਕਰਦੇ ਸਨ ਜਾਂ ਉਨ੍ਹਾਂ ਦਾ ਵਿਸ਼ਵਾਸ ਸੀ। ਉਨ੍ਹਾਂ ਦਾ ਹੋਕਾ ਸੀ ਕਿ ਬਿਨਾਂ ਰੱਬੀ ਨਾਮ ਦੇ ਕੋਈ ਮੰਤਰ ਆਦਿ ਨੂੰ ਨਹੀਂ ਮੰਨਦੇ:

ਤੰਤੁ ਮੰਤੁ ਪਾਖੰਡੁ ਨ ਜਾਣਾ ਰਾਮੁ ਰਿਦੈ ਮਨੁ ਮਾਨਿਆ ॥
(ਸੂਹੀ ਮਹਲਾ ੧, ਪੰਨਾ 766)

ਰਾਮ ਨਾਮੁ ਜੋ ਜਨੁ ਜਪੈ ਅਨਦਿਨੁ ਸਦ ਜਾਗੈ ॥
ਤੰਤੁ ਮੰਤੁ ਨਹ ਜੋਹਈ ਤਿਤੁ ਚਾਖੁ ਨ ਲਾਗੈ ॥੧॥ਰਹਾਉ॥
(ਬਿਲਾਵਲੁ ਮਹਲਾ ੫, ਪੰਨਾ 818)

ਆਖ਼ਰ 'ਚ ਇਹ ਗੱਲ ਸਪੱਸ਼ਟ ਕਰਨੀ ਜ਼ਰੂਰੀ ਹੈ ਕਿ ਗੁਰਬਾਣੀ ਅੰਦਰ ਗੁਰੂ ਸਾਹਿਬਾਨ ਨੇ ਸਿਧੀ ਜਾਂ ਕਰਾਮਾਤ ਦੀ ਪਰਿਭਾਸ਼ਾ ਦਿੱਤੀ ਹੋਈ ਹੈ ਅਤੇ ਇਤਿਹਾਸਕ ਪੁਸਤਕਾਂ ਅੰਦਰ ਵਧਾਅ-ਚੜ੍ਹਾਅ ਕੇ ਲਿਖੀਆਂ ਕਰਾਮਾਤਾਂ ਨੂੰ ਸਵੀਕਾਰ ਨਹੀਂ ਕੀਤਾ ਜਾ ਸਕਦਾ। ਗੁਰਬਾਣੀ ਅੰਦਰ ਪ੍ਰਮਾਣ ਮਿਲਦਾ ਹੈ ਕਿ:

ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ ॥ *(ਪੰਨਾ 593)*

ਗੁਰੂ ਸਾਹਿਬ ਅਨੁਸਾਰ ਜੋ ਰਿਧੀਆਂ-ਸਿਧੀਆਂ ਹਨ, ਇਹ ਨਿਰੋਲ ਮੋਹ ਹਨ ਅਤੇ ਹੰਕਾਰ ਪੈਦਾ ਕਰਦੀਆਂ ਹਨ, ਜੋ ਇਨ੍ਹਾਂ ਦੀ ਪ੍ਰਾਪਤੀ ਦੀ ਲਾਲਸਾ ਕਰਦਾ ਹੈ,

ਉਸ ਦੇ ਹਿਰਦੇ ਅੰਦਰ ਪ੍ਰਭੂ-ਪਿਆਰ ਪੈਦਾ ਨਹੀਂ ਹੋ ਸਕਦਾ। ਗੁਰੂ ਸਾਹਿਬਾਨ ਨੇ ਆਪਣੀ ਸਮਰੱਥਾ ਨਾਲ ਜਥੇਬੰਦਕ ਤੌਰ 'ਤੇ ਸਿੱਖ ਲਹਿਰ ਨੂੰ ਸਫਲ ਕਰਨ ਦਾ ਜਤਨ ਕੀਤਾ। ਲੋਕਾਈ ਅੰਦਰ ਮਨੁੱਖੀ ਅਤੇ ਦੇਸ਼ ਪਿਆਰ ਲਈ ਸਾਹਸ ਭਰਿਆ ਅਤੇ ਅਣਗਿਣਤ ਸਿੱਖਾਂ ਨੇ ਮਨੁੱਖੀ ਅਧਿਕਾਰਾਂ ਖ਼ਾਤਰ ਸ਼ਹੀਦੀਆਂ ਦਿੱਤੀਆਂ ਅਤੇ ਦੇਸ਼ ਕੌਮ ਤੋਂ ਧਨ ਦੌਲਤ ਕੁਰਬਾਨ ਕਰ ਦਿੱਤੀ, ਬਾਬਾ ਬੰਦਾ ਸਿੰਘ ਬਹਾਦਰ ਨੇ ਥੋੜੀ ਜਿਹੀ ਫ਼ੌਜ ਨਾਲ ਜ਼ਾਲਮਾਂ ਨੂੰ ਸੋਧਿਆ। ਗ਼ਰੀਬ ਕਿਸਾਨਾਂ ਨੂੰ ਜ਼ਮੀਨਾਂ ਦੇ ਮਾਲਕ ਬਣਾ ਦਿੱਤਾ। ਹਿੰਦੋਸਤਾਨ ਦਾ ਸਿੰਘਾਸਨ ਵੀ ਡੋਲ ਗਿਆ ਸੀ, ਜਦੋਂ ਸਿੱਖਾਂ ਨੇ ਦਲੇਰੀ ਤੇ ਸੂਝ-ਬੂਝ ਨਾਲ ਬਹੁਤ ਇਲਾਕਿਆਂ 'ਤੇ ਕਬਜ਼ਾ ਕਰ ਕੇ ਸਿੱਖ ਰਾਜ ਸਥਾਪਤ ਕੀਤਾ ਤੇ ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਦੇ ਨਾਮ ਦਾ ਸਿੱਕਾ ਚਲਾ ਦਿੱਤਾ। ਇਹ ਅਸਲ ਕਰਾਮਾਤ ਸੀ ਕਿ ਕਿਵੇਂ ਬੰਦਾ ਸਿੰਘ ਤੇ 700 ਸਿੰਘਾਂ ਨੇ ਤਸੀਹੇ ਝੱਲ ਕੇ ਖਿੜੇ ਮੱਥੇ ਸ਼ਹੀਦੀਆਂ ਪਾਈਆਂ ਤੇ ਧਰਮ ਤੋਂ ਨਾ ਡੋਲੇ। ਸਿੱਖ ਕੌਮ ਦਾ ਇਤਿਹਾਸ ਸ਼ਹੀਦੀਆਂ ਤੇ ਕੁਰਬਾਨੀਆਂ ਨਾਲ ਭਰਪੂਰ ਹੈ, ਬਸ ਇਹੋ ਮਹਾਨ ਕਾਰਨਾਮੇ, ਮਹਾਨ ਕਰਾਮਾਤਾਂ ਸਨ। ਅੱਜ ਬਹੁਤ ਬਾਬਿਆਂ ਤੇ ਭੇਖੀ ਸੰਤਾਂ ਦੇ ਕਰਾਮਾਤਾਂ ਨਾਲ ਭਰਪੂਰ ਜੀਵਨ ਸਾਜ਼ਸ਼ੀ ਢੰਗ ਨਾਲ ਛਾਪ ਕੇ ਵੰਡੇ ਜਾ ਰਹੇ ਹਨ ਅਤੇ ਗੁਰਮਤਿ ਗਿਆਨ ਤੋਂ ਵਿਹੂਣੇ ਲੋਕ ਝੂਠੀਆਂ ਕਰਾਮਾਤਾਂ ਸੁਣ ਕੇ ਬਾਬਿਆਂ ਤੇ ਸਾਧਾਂ ਦੇ ਡੇਰਿਆਂ ਨਾਲ ਜੁੜ ਕੇ ਗੌਰਵ ਮਹਿਸੂਸ ਕਰ ਰਹੇ ਹਨ। ਸਾਨੂੰ ਗੁਰੂ ਸਾਹਿਬਾਨ ਦੇ ਫ਼ਲਸਫ਼ੇ ਨੂੰ ਸਮਝਣ ਦੀ ਲੋੜ ਹੈ ਅਤੇ ਉਨ੍ਹਾਂ ਦੇ ਸੰਦੇਸ਼ ਨੂੰ ਸਮਝਣ ਲਈ ਗੁਰਬਾਣੀ ਪੜ੍ਹੀਏ ਅਤੇ ਮਹਾਨ ਗੁਰੂਆਂ, ਮਹਾਨ ਸਿਦਕੀ ਸਿੱਖਾਂ ਦੇ ਜੀਵਨ ਅਤੇ ਕੁਰਬਾਨੀਆਂ ਤੋਂ ਪ੍ਰੇਰਨਾ ਲੈ ਕੇ, ਅਸੀਂ ਵੀ ਸਹੀ ਰੂਪ ਵਿਚ ਸ਼ੁਭ ਕਰਮ ਕਰ ਕੇ ਸਿੱਖ ਹੋਣ ਦਾ ਗੌਰਵ ਕਰੀਏ ਅਤੇ ਰਿਧੀਆਂ ਸਿਧੀਆਂ ਅਤੇ ਕਰਾਮਾਤਾਂ ਨੂੰ ਗੁਰਮਤਿ ਦੇ ਵਿਪਰੀਤ ਮੰਨੀਏ। ਜੇ ਅਸਲੀ ਕਰਾਮਾਤ ਦੇਖਣੀ ਚਾਹੁੰਦੇ ਹੋ ਤਾਂ ਆਓ ਗੁਰਬਾਣੀ ਦੇ ਮਹਾਨ ਉਪਦੇਸ਼ਾਂ ਦੁਆਰਾ ਸਮਾਜ ਵਿਚ ਜਾਤ-ਪਾਤ, ਲੁੱਟ-ਖਸੁੱਟ, ਰਿਸ਼ਵਤਖ਼ੋਰੀ, ਭਰੂਣ ਹੱਤਿਆਵਾਂ, ਘੱਟ-ਗਿਣਤੀ ਲੋਕਾਂ ਨਾਲ ਜ਼ੁਲਮ ਤੇ ਵਿਤਕਰੇ ਖ਼ਤਮ ਕਰਨ ਲਈ ਸੰਘਰਸ਼ ਕਰੀਏ ਅਤੇ ਚੰਗੇਰਾ ਸਮਾਜ ਸਿਰਜਣ ਲਈ ਜਤਨਸ਼ੀਲ ਹੋਈਏ, ਜਿਥੇ ਸਰਬੱਤ ਦਾ ਭਲਾ ਹੋਵੇ।

ਮ੍ਰਿਤਕ ਸੰਸਕਾਰ ਅਤੇ ਅੰਤਮ ਅਰਦਾਸ

ਖ਼ਾਲਸਾ ਪੰਥ ਵੱਲੋਂ ਕਾਫ਼ੀ ਸਮਾਂ ਪਹਿਲਾਂ ਜਤਨ ਹੋਏ ਕਿ ਸਮੂਹ ਸੰਸਕਾਰਾਂ ਨੂੰ ਕਰਨ ਦੀਆਂ ਵਿਧੀਆਂ ਵਿਚ ਇਕਸਾਰਤਾ ਹੋਵੇ। ਇਨ੍ਹਾਂ ਜਤਨਾਂ ਸਦਕਾ 'ਸਿੱਖ ਰਹਿਤ ਮਰਯਾਦਾ' ਟ੍ਰੈਕਟ ਦੀ ਹੋਂਦ ਬਣੀ, ਜਿਸ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ ਛਾਪ ਕੇ ਮੁਫ਼ਤ ਵੰਡਿਆ ਜਾਂਦਾ ਹੈ। ਜਦੋਂ ਸਿੱਖ ਰਹਿਤ ਸੰਬੰਧੀ ਫ਼ੈਸਲੇ ਹੋਏ, ਉਸ ਸਮੇਂ ਸਿੱਖ ਵਿਦਵਾਨਾਂ ਵੱਲੋਂ ਇਹ ਵੀ ਜਤਨ ਹੋਏ ਕਿ ਸਿੱਖਾਂ ਦੇ ਧਾਰਮਿਕ ਸੰਸਕਾਰਾਂ ਨੂੰ ਬਿਪਰਨ ਰੀਤਾਂ ਦੇ ਪ੍ਰਭਾਵ ਤੋਂ ਮੁਕਤ ਕੀਤਾ ਜਾਵੇ। ਭਾਵੇਂ ਅਜਿਹਾ ਕਰਨਾ ਪੂਰੀ ਤਰ੍ਹਾਂ ਸੰਭਵ ਨਾ ਹੋਇਆ, ਪਰ ਫਿਰ ਵੀ ਕੁਝ ਕੁ ਸਫਲਤਾ ਮਿਲੀ ਅਤੇ ਬਹੁਤ ਥਾਵਾਂ ਤੋਂ ਬਿਪਰ ਦੀ ਪ੍ਰੋਹਤਦਾਰੀ ਸਮਾਪਤ ਹੋਈ। ਜਿਥੋਂ ਤਕ ਸੰਸਕਾਰਾਂ ਸੰਬੰਧੀ ਏਕੀਕਰਨ ਦਾ ਮਨੋਰਥ ਸੀ, ਉਹ ਹਾਲਾਂ ਤੀਕ ਵੀ ਸੰਪੰਨ ਨਹੀਂ ਹੋ ਸਕਿਆ। ਉਸ ਦਾ ਮੁਖ ਕਾਰਨ ਇਹੀ ਹੈ ਕਿ ਅਨੇਕਾਂ ਡੇਰੇਦਾਰਾਂ ਅਤੇ ਬਾਬਿਆਂ ਵੱਲੋਂ ਪੰਥਕ ਰਹਿਤ-ਮਰਯਾਦਾ ਦੇ ਵਿਪਰੀਤ ਆਪਣੀ ਆਪਣੀ ਮਰਯਾਦਾ ਵੀ ਚਲਾਈ ਹੋਈ ਹੈ, ਜਿਸ ਕਰਕੇ ਸਿੱਖਾਂ ਅੰਦਰ ਸੰਸਕਾਰਾਂ ਵਿਚ ਇਕਸਾਰਤਾ ਨਹੀਂ ਹੈ।

ਇਸ ਲੇਖ 'ਚ ਮ੍ਰਿਤਕ ਸੰਸਕਾਰ ਬਾਰੇ ਚਰਚਾ ਕਰਾਂਗੇ। ਸਿੱਖ ਰਹਿਤ ਮਰਯਾਦਾ ਅੰਦਰ ਮ੍ਰਿਤਕ ਸੰਸਕਾਰ ਦੀ ਜੋ ਵਿਧੀ ਲਿਖੀ ਹੋਈ ਹੈ, ਉਹ ਤਕਰੀਬਨ ਦੇਸ਼ (ਭਾਰਤ) ਅੰਦਰ ਪ੍ਰਚੱਲਿਤ ਪਰੰਪਰਾ ਨਾਲ ਜ਼ਿਆਦਾ ਸੰਬੰਧਿਤ ਹੈ, ਕਿਉਂਕਿ ਉਸ ਸਮੇਂ ਇਹ ਨਹੀਂ ਸੀ ਪਤਾ ਕਿ ਬਹੁਤੇ ਸਿੱਖ ਵਿਦੇਸ਼ਾਂ ਵਿਚ ਸਥਾਈ ਤੌਰ 'ਤੇ ਵੱਸ ਜਾਣਗੇ। ਅਜੋਕੇ ਸਮੇਂ ਵਿਦੇਸ਼ਾਂ ਵਿਚ ਸਿੱਖਾਂ ਦੀ ਗਿਣਤੀ ਬਹੁਤ ਵੱਧ ਗਈ ਹੈ ਅਤੇ ਮ੍ਰਿਤਕ ਸੰਸਕਾਰਾਂ ਦੀ ਰੀਤ ਦੇਸ਼ ਨਾਲੋਂ ਵੱਖਰੀ ਹੈ। ਜਿਵੇਂ ਸਾਡੇ ਦੇਸ਼ ਅੰਦਰ ਕੁਝ ਸਮਾਂ ਪਹਿਲਾਂ ਸਮੂਹ ਮ੍ਰਿਤਕ ਦੇਹਾਂ ਦਾ ਸਸਕਾਰ ਲੱਕੜਾਂ ਨਾਲ ਕੀਤਾ ਜਾਂਦਾ ਸੀ ਅਤੇ ਦੇਹ ਨੂੰ ਜ਼ਿਆਦਾ ਸਮਾਂ ਰੱਖਣਾ ਅਸੰਭਵ ਸੀ। ਅੱਜ-ਕੱਲ੍ਹ ਸ਼ਹਿਰਾਂ ਅਤੇ ਕੁਝ ਨਗਰਾਂ ਵਿਚ ਬਿਜਲੀ ਜਾਂ ਗੈਸ ਨਾਲ ਸਸਕਾਰ ਕਰਨ ਦੀਆਂ ਸਹੂਲਤਾਂ ਹਨ ਅਤੇ ਮ੍ਰਿਤਕ ਸਰੀਰ ਨੂੰ ਕਾਫ਼ੀ ਸਮੇਂ ਲਈ ਰੱਖ ਲੈਣ ਦੀਆਂ ਸਹੂਲਤਾਂ ਹਨ। ਦੇਹ ਸਸਕਾਰ ਕਰਨ ਉਪਰੰਤ ਦੂਜੇ ਜਾਂ ਤੀਜੇ ਦਿਨ ਅਸਤ (ਹੱਡੀਆਂ) ਜਾਂ ਫੁੱਲ ਚੁਗਣ ਦੀ ਰੀਤ ਸੀ ਅਤੇ ਉਨ੍ਹਾਂ ਅਸਤਾਂ ਨੂੰ ਵਿਸ਼ੇਸ਼ ਤੌਰ 'ਤੇ ਸ੍ਰੀ ਕੀਰਤਪੁਰ ਸਾਹਿਬ ਜਾ ਕੇ ਪਾਣੀ ਵਿਚ ਪ੍ਰਵਾਹ ਕੀਤਾ ਜਾਂਦਾ ਹੈ। ਸਸਕਾਰ ਉਪਰੰਤ ਦਸਵੇਂ ਦਿਨ ਪਾਠ ਦਾ ਭੋਗ ਨਗਰ ਵਿਚ ਹੀ ਪਾ ਦਿੱਤਾ ਜਾਂਦਾ ਹੈ। ਉਪਰੋਕਤ ਕਰਮ ਨੂੰ 95 ਫ਼ੀਸਦੀ ਲੋਕ ਕਰਦੇ ਹਨ ਜਦੋਂ ਕਿ ਸਿੱਖ ਰਹਿਤ ਮਰਯਾਦਾ ਵਿਚ ਸਪੱਸ਼ਟ ਲਿਖਿਆ ਹੋਇਆ ਹੈ, 'ਅੰਗੀਠੇ ਵਿੱਚੋਂ ਫੁੱਲ ਚੁਗ ਕੇ ਗੰਗਾ,

ਪਤਾਲਪੁਰੀ, ਕਰਤਾਰਪੁਰ ਸਾਹਿਬ ਆਦਿ ਥਾਵਾਂ ਵਿਚ ਜਾ ਕੇ ਪਾਉਣੇ ਮਨਮਤ ਹੈ।' ਦੁਖਾਂਤ ਤਾਂ ਇਸ ਗੱਲ ਦਾ ਹੈ ਕਿ ਸਿੱਖ ਧਰਮ ਦੇ ਅਨੇਕਾਂ ਗੁਰਮਤਿ ਸਿਧਾਂਤ ਵਿਹੂਣੇ ਨੇਤਾ ਲੋਕ ਵੀ ਫੁੱਲ ਚੁੱਗ ਕੇ ਪਤਾਲਪੁਰੀ ਜਾਂਦੇ ਹਨ ਅਤੇ ਜੋ ਕਰਮ ਸਿੱਖ ਧਰਮ ਅਨੁਸਾਰ ਵਰਜਤ ਹਨ, ਉਨ੍ਹਾਂ ਨੂੰ ਬੇ-ਝਿਜਕ ਹੋ ਕੇ ਕਰਦੇ ਹਨ। ਜਦੋਂ ਅਖ਼ਬਾਰਾਂ ਵਾਲੇ ਵੱਡੇ ਲੋਕਾਂ ਵੱਲੋਂ ਕੀਤੇ ਜਾ ਰਹੇ ਗ਼ਲਤ ਕੰਮਾਂ ਨੂੰ ਛਾਪਦੇ ਹਨ ਤਾਂ ਆਮ ਲੋਕਾਈ ਅੰਦਰ ਇਹੀ ਪ੍ਰਭਾਵ ਲਿਆ ਜਾਂਦਾ ਹੈ ਕਿ ਸਾਰੇ ਕਰਮ ਠੀਕ ਹੀ ਹੋਣਗੇ।

ਪਰ ਉਧਰ ਵਿਦੇਸ਼ਾਂ ਅੰਦਰ ਜਿਸ ਦਿਨ ਕਿਸੇ ਪ੍ਰਾਣੀ ਦੀ ਮ੍ਰਿਤੂ ਹੁੰਦੀ ਹੈ, ਉਸ ਦੀ ਦੇਹ ਨੂੰ ਹਸਤਪਾਲ ਜਾਂ ਸਿੱਧਾ ਹੀ ਫ਼ਿਊਨਰਲ-ਹੋਮ ਲੈ ਜਾਂਦੇ ਹਨ, ਜਦੋਂ ਫ਼ਿਊਨਰਲ-ਹੋਮ ਵਾਲੇ ਸਮਾਂ ਨੀਯਤ ਕਰਦੇ ਹਨ, ਉਸ ਸਮੇਂ ਸਸਕਾਰ ਕੀਤਾ ਜਾਂਦਾ ਹੈ। ਸਸਕਾਰ ਕਰਨ ਤੋਂ ਬਾਅਦ ਪਰਿਵਾਰਕ ਮੈਂਬਰ ਕਿਸੇ ਨੇੜਲੇ ਗੁਰਦੁਆਰਾ ਸਾਹਿਬ ਜਾ ਕੇ ਸਹਿਜ ਪਾਠ ਦਾ ਭੋਗ ਪਾਉਂਦੇ ਹਨ। ਗੁਰਦੁਆਰਾ ਸਾਹਿਬ ਵਿਖੇ ਵੀ ਪਾਠ ਦੇ ਭੋਗ ਸੰਬੰਧੀ ਪਹਿਲਾਂ ਸਮਾਂ ਨੀਯਤ ਕੀਤਾ ਜਾਂਦਾ ਹੈ। ਵਿਦੇਸ਼ਾਂ ਵਿਚ ਫੁੱਲ ਜਾਂ ਅਸਤ ਚੁਗਣ ਦੀ ਕੋਈ ਕਿਰਿਆ ਨਹੀਂ ਹੁੰਦੀ। ਜੋ ਅਸਤ (ਹੱਡੀਆਂ) ਬਚ ਜਾਂਦੀਆਂ ਹਨ, ਉਨ੍ਹਾਂ ਨੂੰ ਮਸ਼ੀਨ ਨਾਲ ਪੀਹ ਕੇ ਬਰੀਕ ਕਰ ਦਿੱਤਾ ਜਾਂਦਾ ਹੈ, ਜੋ ਰਾਖ਼ ਬਣ ਜਾਂਦੀ ਹੈ, ਉਸ ਨੂੰ ਫ਼ਿਊਨਰਲ-ਹੋਮ ਵਾਲੇ ਇਕ ਡੱਬੇ ਵਿਚ ਪਾ ਕੇ ਸੰਬੰਧਿਤ ਪਰਿਵਾਰ ਨੂੰ ਦੇ ਦਿੰਦੇ ਹਨ। ਭਾਵੇਂ ਅਸੀਂ (ਭਾਰਤੀ) ਲੋਕ ਵਿਦੇਸ਼ਾਂ ਦੇ ਵਿਕਸਤ ਦੇਸ਼ਾਂ ਵਿਚ ਆ ਕੇ ਵੱਸ ਗਏ ਹਾਂ, ਪਰ ਵਹਿਮਾਂ-ਭਰਮਾਂ ਤੋਂ ਮੁਕਤ ਨਹੀਂ ਹੋ ਸਕੇ। ਕਾਫ਼ੀ ਪਰਿਵਾਰ 'ਅਸਤ (ਰਾਖ਼)' ਇਥੋਂ ਲਿਜਾ ਕੇ ਸ੍ਰੀ ਕੀਰਤਪੁਰ ਸਾਹਿਬ ਵਿਖੇ ਪਾਉਂਦੇ ਹਨ। ਪਹਿਲਾਂ ਨਾਲੋਂ ਅਜੋਕੇ ਸਮੇਂ ਲੋਕਾਂ ਦੀ ਸੋਚ ਵਿਚ ਪਰਿਵਰਤਨ ਦੇਖਦੇ ਹਾਂ ਅਤੇ ਉਹ 'ਅਸਤ' ਨੂੰ ਸਥਾਨਕ ਕਿਸੇ ਦਰਿਆ ਜਾਂ ਨਹਿਰ ਵਿਚ ਪ੍ਰਵਾਹ ਕਰ ਦਿੰਦੇ ਹਨ। ਇਥੇ ਇਹ ਸਪੱਸ਼ਟ ਕਰ ਦੇਈਏ ਕਿ ਕਾਨੂੰਨ ਅਜਿਹਾ ਕਰਮ ਕਰਨ ਦੀ ਆਗਿਆ ਨਹੀਂ ਦਿੰਦਾ, ਪਰ ਲੋਕ ਲੁਕ-ਛੁਪ ਕੇ ਅਜਿਹਾ ਕਰਮ ਕਰ ਦਿੰਦੇ ਹਨ।

ਜੋ ਲੋਕ ਵਿਦੇਸ਼ਾਂ ਵਿੱਚੋਂ ਵਿਸ਼ੇਸ਼ ਤੌਰ 'ਤੇ ਅਸਤ ਲਿਜਾ ਕੇ ਸ੍ਰੀ ਕੀਰਤਪੁਰ ਸਾਹਿਬ (ਪਤਾਲਪੁਰੀ) ਪਾਉਂਦੇ ਹਨ, ਇਹ ਪੁਰਾਤਨ ਹਿੰਦੂ ਰੀਤ ਹੀ ਹੈ, ਸਿਰਫ਼ ਅਸਥਾਨ ਬਦਲਿਆ ਹੈ। ਹਿੰਦੂ ਲੋਕ ਆਪਣੇ ਮ੍ਰਿਤਕ ਪ੍ਰਾਣੀਆਂ ਦੇ ਅਸਤ ਹਰਿਦੁਆਰ ਜਾਂ ਕੇ ਗੰਗਾ 'ਚ ਪਾਉਂਦੇ ਹਨ, ਸਿੱਖਾਂ ਨੇ ਅਸਥਾਨ ਬਦਲ ਕੇ ਸ੍ਰੀ ਕੀਰਤਪੁਰ ਸਾਹਿਬ ਕਰ ਲਿਆ ਹੈ। ਜਿਥੋਂ ਤਕ ਅਸਤ ਜਾਂ ਫੁੱਲ ਪਾਉਣ ਦੀ ਕਿਰਿਆ ਹੈ, ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਪ੍ਰਾਣੀ ਦੀ ਗਤੀ ਦੇ ਨਮਿੱਤ ਧਾਰਮਿਕ ਕ੍ਰਿਆ ਹੈ। ਗੁਰਬਾਣੀ ਅੰਦਰ ਤਾਂ ਸਪੱਸ਼ਟ ਫ਼ੈਸਲਾ ਹੈ ਕਿ ਮ੍ਰਿਤਕ ਪ੍ਰਾਣੀ ਲਈ ਕੀਤਾ ਕੋਈ ਕਰਮ ਉਸ ਦੇ ਲਈ ਸਹਾਇਕ ਨਹੀਂ ਅਤੇ ਨਾ ਹੀ ਅਸਤ ਵਿਸ਼ੇਸ਼ ਦਰਿਆ ਜਾਂ ਅਸਥਾਨ 'ਤੇ ਪਾਉਣ ਨਾਲ ਉਸ ਦੀ ਗਤੀ (ਮੁਕਤੀ) ਅਵੱਸ਼ ਹੋ ਸਕਦੀ ਹੈ:

ਕਵਨ ਅਰਥ ਮਿਰਤਕ ਸੀਗਾਰ ॥੨॥ *(ਗਉੜੀ ਮਹਲਾ ੫, ਪੰਨਾ 188)*

ਜੇ ਮਿਰਤਕ ਕਉ ਚੰਦਨੁ ਚੜਾਵੈ ॥
ਉਸ ਤੇ ਕਹਹੁ ਕਵਨ ਫਲ ਪਾਵੈ ॥

ਜੇ ਮਿਰਤਕ ਕਉ ਬਿਸਟਾ ਮਾਹਿ ਰੁਲਾਈ ॥
ਤਾਂ ਮਿਰਤਕ ਕਾ ਕਿਆ ਘਟਿ ਜਾਈ ॥੩॥ *(ਭੈਰਉ ਕਬੀਰ ਜੀ, ਪੰਨਾ 1160)*

ਗੁਰੂ ਨਾਨਕ ਸਾਹਿਬ ਦਾ ਇਕ ਹੋਰ ਵਾਕ ਹੈ, ਜਿਸ ਵਿਚ ਉਨ੍ਹਾਂ ਨੇ ਅਨੇਕਾਂ ਫ਼ਿਰਕਿਆਂ ਦੁਆਰਾ ਮ੍ਰਿਤਕ ਸੰਸਕਾਰਾਂ ਦੀ ਭਿੰਨ-ਭਿੰਨ ਵਿਧੀਆਂ ਦੀ ਚਰਚਾ ਕੀਤੀ ਹੈ ਅਤੇ ਆਖ਼ਿਰ ਆਖ ਦਿੱਤਾ ਕਿ ਇਹ ਨਹੀਂ ਪਤਾ ਕਿ ਉਸ ਮ੍ਰਿਤਕ ਪ੍ਰਾਣੀ ਦੀ ਰੂਹ ਜਾਂ ਆਤਮਾ ਕਿਥੇ ਚਲੀ ਜਾਂਦੀ ਹੈ:

ਇਕ ਦਝਹਿ ਇਕ ਦਬੀਅਹਿ ਇਕਨਾ ਕੁਤੇ ਖਾਹਿ ॥
ਇਕਿ ਪਾਣੀ ਵਿਚਿ ਉਸਟੀਅਹਿ ਇਕਿ ਭੀ ਫਿਰਿ ਹਸਣਿ ਪਾਹਿ ॥
ਨਾਨਕ ਏਵ ਨ ਜਾਪਈ ਕਿਥੈ ਜਾਇ ਸਮਾਹਿ ॥੨॥

(ਵਾਰ ਸੋਰਠਿ, ਮਹਲਾ ੧, ਪੰਨਾ 648)

ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਬਾਰੇ ਇਹ ਗੱਲ ਆਖੀ ਜਾਂਦੀ ਹੈ ਕਿ ਮ੍ਰਿਤਕ ਪ੍ਰਾਣੀ ਨਮਿਤ ਕੀਤਾ ਜਾਂਦਾ ਹੈ। 2010 ਨੂੰ ਮੇਰੇ ਸਹੁਰਾ ਸਾਹਿਬ 87 ਸਾਲ ਦੀ ਆਯੂ ਭੋਗ ਕੇ ਅਕਾਲ ਚਲਾਣਾ ਕਰ ਗਏ। ਮੈਂ ਉਸ ਸਮੇਂ ਇਕ ਗੁਰਦੁਆਰਾ ਸਾਹਿਬ ਜੀ ਦੇ ਭਾਈ ਸਾਹਿਬ ਹੋਰਾਂ ਨੂੰ ਫ਼ੋਨ ਕੀਤਾ ਕਿ ਭਾਈ ਸਾਹਿਬ ਜੀਓ ! ਪਾਠ ਬਾਰੇ ਕਿਵੇਂ ਕਰੀਏ ? ਉਨ੍ਹਾਂ ਮੈਨੂੰ ਆਖਿਆ, ਤੁਸੀਂ ਪਾਠ ਆਪ ਲਈ ਕਰਨਾ ਹੈ ਜਾਂ ਮ੍ਰਿਤਕ ਪ੍ਰਾਣੀ ਲਈ। ਮੈਂ ਉਨ੍ਹਾਂ ਦੇ ਇਸ ਸਵਾਲ ਦੇ ਉੱਤਰ ਵਿਚ ਇਹੀ ਆਖਿਆ ਕਿ ਪਾਠ ਅਸੀਂ ਆਪ ਲਈ ਹੀ ਕਰਨਾ ਹੈ। ਇਥੇ ਸਾਨੂੰ ਸਮਝਣਾ ਪਵੇਗਾ ਕਿ ਵਿਛੜ ਚੁੱਕੇ ਪ੍ਰਾਣੀ ਲਈ ਕੀਤਾ ਕੋਈ ਕਰਮ ਲਾਹੇਵੰਦ ਨਹੀਂ। ਇਸ ਪਾਠ ਦਾ ਮਹਾਤਮ ਜਿਊਂਦੇ ਜੀਆਂ ਨੂੰ ਮਿਲ ਸਕਦਾ ਹੈ। ਪਰਿਵਾਰ ਵਾਲਿਆਂ ਨੂੰ ਮਾਨਸਿਕ ਸ਼ਾਂਤੀ ਗੁਰਬਾਣੀ ਪਾਠ ਤੋਂ ਮਿਲੇਗੀ। ਭਾਵੇਂ ਸਾਡੇ ਗ੍ਰੰਥੀ ਅਰਦਾਸ ਵਿਚ ਇਹੀ ਆਖਦੇ ਹਨ ਕਿ ਪਾਠ ਦਾ ਮਹਾਤਮ ਵਿਛੜੀ ਰੂਹ ਜਾਂ ਆਤਮਾ ਨੂੰ ਮਿਲੇ, ਪਰ ਅਸਲ ਵਿਚ ਵਿਛੜੇ ਪ੍ਰਾਣੀ ਨੂੰ ਜਨਮ-ਮਰਨ ਦੇ ਗੇੜ ਤੋਂ ਮੁਕਤ ਕਰੋ। ਜੇਕਰ ਅਰਦਾਸ ਨਾਲ ਕਿਸੇ ਨੂੰ ਪਾਠ ਦਾ ਮਹਾਤਮ ਪਹੁੰਚਾ ਸਕਦੇ ਹਾਂ ਜਾਂ ਕਿਸੇ ਪ੍ਰਾਣੀ ਨੂੰ ਜਨਮ-ਮਰਨ ਦੇ ਗੇੜ (ਜੇ ਇਹ ਹੁੰਦਾ ਵੀ ਹੋਵੇ) ਵਿੱਚੋਂ ਮੁਕਤ ਕਰਾਉਣ ਲਈ ਤਰਲਾ ਕਰ ਕੇ ਸਫਲ ਹੋ ਸਕਦੇ ਹਾਂ, ਤਾਂ ਗੁਰਮਤਿ ਅੰਦਰ ਜੀਵਨ-ਮੁਕਤ ਦੇ ਸਿਧਾਂਤ ਦੀ ਕੀ ਮਹੱਤਤਾ ਹੈ ? ਸਿੱਖ ਧਰਮ ਅੰਦਰ ਅਸੀਂ ਜਿਊਂਦੇ-ਜੀਅ ਸਚਿਆਰ ਬਣਨਾ ਹੈ ਅਤੇ ਜੇਕਰ ਸਾਰੀ ਉਮਰ ਬੁਰੇ ਕਰਮਾਂ ਵਿਚ ਗੁਜ਼ਾਰ ਦਿੱਤੀ ਤਾਂ ਅੰਤਮ ਅਰਦਾਸ ਵਿਚ ਮੁਕਤੀ ਲਈ ਆਖੇ ਸ਼ਬਦ ਕੋਈ ਅਰਥ ਨਹੀਂ ਰੱਖਦੇ।

ਸਵਾਮੀ ਰਾਮ ਤੀਰਥ 'ਦੰਡੀ ਸੰਨਿਆਸੀ' ਵੱਲੋਂ ਮ੍ਰਿਤਕ ਸੰਸਕਾਰ ਬਾਰੇ ਬਹੁਤ ਸੌਖੀ ਵਿਧੀ ਕਰਨ ਦੀ ਸਾਲਾਹ ਦਿੱਤੀ ਗਈ ਹੈ, "ਮੈਂ ਕਹਾਂਗਾ ਕਿ ਅਸੀਂ ਕੋਈ ਵੀ ਕਰਮ ਧਰਮ ਕਰੀਏ ਇਸ ਦਾ ਮ੍ਰਿਤਕ ਪ੍ਰਾਣੀ ਨੂੰ ਤਾਂ ਕੋਈ ਲਾਭ ਜਾਂ ਹਾਨੀ ਉੱਕੀ ਨਹੀਂ ਹੋਏਗੀ," ਪਰ ਸਾਨੂੰ ਏਨਾ ਸਰਲ ਜਿਹਾ ਕਰਮ ਕਰ ਲੈਣ ਦਾ ਕੋਈ ਡਰ ਨਹੀਂ, ਜਿਸ ਤੋਂ ਸਾਡੇ 'ਤੇ ਕੋਈ ਵੀ ਮਾਇਕ ਬੋਝ ਨਾ ਪਏ ਤੇ ਮੋਏ ਪ੍ਰਾਣੀ ਦਾ ਵਿਛੋੜਾ

ਸਹਿਣ ਲਈ ਆਤਮਾ ਬਲਵਾਨ ਬਣ ਜਾਏ ਤੇ ਅਸੀਂ ਪ੍ਰਭੂ ਭਾਣਾ ਖਿੜੇ ਮੱਥੇ ਮੰਨ ਲਈਏ। ਸਾਧਾਰਨ ਜਿਹੀ ਵਿਧੀ ਇਸ ਤਰ੍ਹਾਂ ਹੋ ਸਕਦੀ ਹੈ : ਮ੍ਰਿਤਕ ਦੇਹ ਨੂੰ ਅਗਨ-ਭੇਟ ਕਰ ਕੇ ਸੰਬੰਧੀਆਂ ਨੂੰ ਚਾਹੀਦਾ ਹੈ ਕਿ 'ਸੁਖਮਨੀ ਸਾਹਿਬ' ਦੇ ਤਿੰਨ ਦਿਨਾਂ 'ਚ ਜਿੰਨੇ ਵੀ ਪਾਠ ਹੋ ਸਕਣ, ਕਰ ਲੈਣ, ਇਹ ਪਾਠ ਆਪਣੀ ਗ਼ੈਰ-ਹਾਜ਼ਰੀ ਵਿਚ ਕਿਸੇ ਦੂਜੇ ਤੋਂ ਕਰਾਉਣ ਦਾ ਲਾਭ ਨਹੀਂ। ਤੀਜੇ ਦਿਨ ਅਸਥੀਆਂ ਚੁੱਗ ਕੇ (ਜੇ ਜ਼ਰੂਰ ਹੀ ਚੁਗਣੀਆਂ ਹਨ) ਲਾਗੇ ਵਹਿਣ ਵਾਲੇ ਕਿਸੇ ਜਲ 'ਚ ਵਹਾ ਦਿੱਤੀਆਂ ਜਾਣ। ਚੌਥੇ ਦਿਨ ਯਥਾਸ਼ਕਤ ਅੰਨ ਪਕਾ ਕੇ ਅਨਾਥ ਰੋਗੀਆਂ 'ਚ ਵੰਡ ਦੇਣਾ ਉਚਿਤ ਹੈ। ਇਸ ਪਿੱਛੋਂ ਮ੍ਰਿਤਕ ਸੰਬੰਧੀ ਕੋਈ ਕਰਮ ਧਰਮ ਕਰਨਾ ਭਾਰੀ ਭੁੱਲ ਹੈ। (*ਸਰਵੋਤਮ ਧਰਮ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨੇ 30-31)।

ਸਿੱਖਾਂ ਅੰਦਰ ਪ੍ਰਚੱਲਿਤ ਪਰੰਪਰਾ ਅਨੁਸਾਰ ਗੁਰਦੁਆਰਾ ਸਾਹਿਬ ਵਿਖੇ ਸਹਿਜ ਪਾਠ ਕਰਨ ਲਈ ਆਖ ਦਿੱਤਾ ਜਾਂਦਾ ਹੈ ਤੇ ਵਿਰਲੇ ਹੀ ਪਰਿਵਾਰ ਹਨ, ਜੋ ਖ਼ੁਦ ਪਾਠ ਕਰਦੇ ਹਨ। ਦੂਜੇ ਪਾਸੇ, ਪਾਠ ਸੰਬੰਧੀ ਸ਼ੰਕਾ ਵੀ ਕੀਤੀ ਜਾਂਦੀ ਹੈ ਕਿ ਜਦੋਂ ਕੋਈ ਪ੍ਰਾਣੀ ਬੁਧਵਾਰ ਜਾਂ ਮੰਗਲਵਾਰ ਨੂੰ ਚੜ੍ਹਾਈ ਕਰੇ ਤਾਂ ਸਸਕਾਰ ਸਨਿਚਰਵਾਰ ਨੂੰ ਕੀਤਾ ਜਾਵੇ, ਤਾਂ ਸਹਿਜ ਪਾਠ ਸੰਪੂਰਨ ਹੋਣਾ ਅਸੰਭਵ ਹੈ। ਇਸ ਪ੍ਰਤੀ ਬੇਨਤੀ ਹੈ ਕਿ ਜੇਕਰ ਤੁਹਾਨੂੰ ਸ਼ੱਕ ਹੈ ਕਿ ਗੁਰਦੁਆਰਿਆਂ ਵਿਚ ਕਈ ਵਾਰ ਸੰਪੂਰਨ ਪਾਠ ਨਹੀਂ ਕੀਤਾ ਜਾਂਦਾ ਤਾਂ ਪਰਿਵਾਰਕ ਮੈਂਬਰ ਆਪਣੇ ਘਰ ਵਿਚ ਖ਼ੁਦ ਪਾਠ ਕਰਨ ਜਾਂ ਕਰਵਾਉਣ। ਜੇਕਰ ਪਾਠ ਸੰਪੂਰਨ ਨਾ ਹੋਵੇ, ਕੋਈ ਡਰ ਵਾਲੀ ਗੱਲ ਨਹੀਂ, ਪਿੱਛੋਂ ਪਾਠ ਕੀਤਾ ਜਾ ਸਕਦਾ ਹੈ। ਸਸਕਾਰ ਉਪਰੰਤ ਗੁਰਦੁਆਰਾ ਸਾਹਿਬ ਜਾ ਕੇ ਕੀਰਤਨ ਹੋਵੇ ਅਤੇ ਅਰਦਾਸ ਕੀਤੀ ਜਾ ਸਕਦੀ ਹੈ। ਪਾਠ ਦਾ ਭੋਗ ਪਰਿਵਾਰ ਬਾਅਦ ਵਿਚ ਆਪਣੇ ਘਰ ਜਾਂ ਗੁਰਦੁਆਰਾ ਸਾਹਿਬ ਜਾ ਕੇ ਪਾ ਸਕਦੇ ਹਨ ਅਤੇ ਸਮੇਂ ਦੀ ਕੋਈ ਬੰਦਸ਼ ਨਹੀਂ ਭਾਵੇਂ ਮਹੀਨਾ ਲਗਾ ਕੇ ਪਾਠ ਕਰ ਲਵੋ।

ਦੋ ਸਾਲ ਪਹਿਲਾਂ ਇਕ ਗੁਰਮੁਖ ਸੱਜਣ ਹੋਰਾਂ ਦੀ ਧਰਮ-ਪਤਨੀ ਚੜ੍ਹਾਈ ਕਰ ਗਈ। ਮੈਂ ਵੀ ਸਸਕਾਰ 'ਤੇ ਹਾਜ਼ਰ ਸਾਂ। ਸਸਕਾਰ ਉਪਰੰਤ ਅਰਦਾਸ ਹੋਈ ਅਤੇ ਲੋਕ ਉਡੀਕ ਵਿਚ ਸਨ ਕਿ ਭਾਈ ਸਾਹਿਬ ਦੱਸਣਗੇ ਕਿ ਕਿਹੜੇ ਗੁਰਦੁਆਰਾ ਸਾਹਿਬ ਵਿਚ ਪਾਠ ਦਾ ਭੋਗ ਪਵੇਗਾ। ਆਖ਼ਰ ਭਾਈ ਸਾਹਿਬ ਹੋਰਾਂ ਨੇ ਹਾਜ਼ਰ ਲੋਕਾਂ ਨੂੰ ਦੱਸਿਆ ਕਿ ਸਸਕਾਰ ਉਪਰੰਤ ਅੱਜ ਕੋਈ ਹੋਰ ਰਸਮ ਕਿਸੇ ਅਸਥਾਨ 'ਤੇ ਨਹੀਂ ਹੋਵੇਗੀ ਅਤੇ ਪਰਿਵਾਰ ਆਪ ਹੀ ਘਰ ਪਾਠ ਕਰ ਕੇ ਜਦੋਂ ਸਮਾਂ ਲੱਗਿਆ, ਭੋਗ ਪਾ ਦੇਣਗੇ। ਮੈਨੂੰ ਪੁੱਛਣ 'ਤੇ ਪਤਾ ਲੱਗਾ ਕਿ ਪਰਿਵਾਰ ਨੇ ਕੁਝ ਸਮੇਂ ਬਾਅਦ ਗੁਰਦੁਆਰਾ ਸਾਹਿਬ ਜਾ ਕੇ ਭੋਗ ਪਾ ਦਿੱਤਾ।

ਕਈ ਵਾਰ ਦੇਖਦੇ ਹਾਂ ਕਿ ਜਦੋਂ ਸਸਕਾਰ ਉਪਰੰਤ ਪਰਿਵਾਰਕ ਮੈਂਬਰ ਗੁਰਦੁਆਰਾ ਸਾਹਿਬ ਜਾ ਕੇ ਭੋਗ ਪਾਉਂਦੇ ਹਨ, ਤਾਂ ਉਥੇ ਮ੍ਰਿਤਕ ਨਮਿੱਤ ਕੰਬਲ, ਬਰਤਨ, ਰਜਾਈਆਂ ਆਦਿ ਵੀ ਰੱਖੇ ਹੁੰਦੇ ਹਨ। ਇਹ ਬਿਪਰਨ ਰੀਤ ਹੈ ਕਿ ਪੁਜਾਰੀ ਆਖਦਾ ਸੀ ਕਿ ਮ੍ਰਿਤਕ ਪ੍ਰਾਣੀ ਲਈ ਇਹ ਚੀਜ਼ਾਂ ਦਾਨ ਕਰੋ, ਤਾਂ ਜੋ ਉਹ ਅੱਗੇ

ਪਹੁੰਚਾ ਦੇਵੇ। ਸਾਡੇ ਪ੍ਰਚਾਰਕ ਵੀ ਜੁਰਅਤ ਨਹੀਂ ਕਰਦੇ ਕਿ ਪਰਿਵਾਰ ਨੂੰ ਸਮਝਾ ਦੇਣ ਕਿ ਗੁਰਮਤਿ ਅੰਦਰ ਅਜਿਹਾ ਕੋਈ ਕਰਮ ਪ੍ਰਵਾਨ ਨਹੀਂ।

ਆਖ਼ਰ 'ਚ ਇਹ ਬੇਨਤੀ ਹੈ ਕਿ ਸਾਡੀ ਅਰਦਾਸ ਗੁਰਮਤਿ ਅਨੁਕੂਲ ਹੋਵੇ। ਜਿਵੇਂ ਪਹਿਲਾਂ ਉਲੇਖ ਹੋ ਚੁੱਕਾ ਹੈ ਕਿ ਅਸੀਂ ਬਾਣੀ ਦਾ, ਪਾਠ ਦਾ ਜਾਂ ਕੀਤੇ ਕਿਸੇ ਵੀ ਧਾਰਮਿਕ ਕਰਮ ਦਾ ਫਲ ਵਿਛੜੀ ਰੂਹ ਨੂੰ ਨਹੀਂ ਭੇਜ ਸਕਦੇ। ਬੇਹਤਰ ਇਹੀ ਹੋਵੇਗਾ ਜੇਕਰ ਅਰਦਾਸ ਵਿਚ ਇਹ ਸ਼ਬਦ ਬੋਲੇ ਜਾਣ ਕਿ 'ਹੇ ਅਕਾਲ ਪੁਰਖ ਵਾਹਿਗੁਰੂ ਜੀਓ, ਕਿ ਫ਼ਲਾਣੇ ਸਿੰਘ ਜਾਂ ਸਿੰਘਣੀ ਨੇ ਆਪ ਜੀ ਦੇ ਹੁਕਮ ਅਨੁਸਾਰ ਅਕਾਲ ਚਲਾਣਾ ਕੀਤਾ ਹੈ। ਅਰਦਾਸ ਬੇਨਤੀ ਹੈ ਕਿ ਪਰਿਵਾਰ ਨੂੰ ਇਹ ਅਟੱਲ ਭਾਣਾ ਮੰਨਣ ਦੀ ਸਮਰੱਥਾ ਬਖ਼ਸ਼ੋ। ਪਰਿਵਾਰ ਨੂੰ ਚੜ੍ਹਦੀ ਕਲਾ ਬਖ਼ਸ਼ੋ। ਪਿੱਛੇ ਸਮੂਹ ਪਰਿਵਾਰ ਤੇ ਬੱਚਿਆਂ ਉੱਤੇ ਮਿਹਰ ਭਰਿਆ ਹੱਥ ਰੱਖੋ।'

ਸਾਡੀਆਂ ਧਾਰਮਿਕ ਜਥੇਬੰਦੀਆਂ ਨੂੰ ਅਜੋਕੇ ਸਮੇਂ ਦੀ ਸੋਚ ਅਨੁਸਾਰ ਧਾਰਮਿਕ ਕਿਰਿਆਵਾਂ ਵਿਚ ਤਬਦੀਲੀ ਕਰਨੀ ਚਾਹੀਦੀ ਹੈ। ਜਿਵੇਂ ਸੁਣਦੇ ਹਾਂ ਕਿ ਹਸਪਤਾਲਾਂ 'ਚ ਖੋਜ ਕਰਨ ਲਈ ਅਗਾਂਹਵਧੂ ਸੋਚ ਵਾਲੇ ਲੋਕ ਆਪਣਾ ਮ੍ਰਿਤਕ ਸਰੀਰ ਦਾਨ ਕਰਨ ਲਈ ਵਸੀਹਤ ਕਰ ਜਾਂਦੇ ਹਨ। ਇਸ ਲਈ ਇਹ ਸੋਚ ਪ੍ਰਚੱਲਿਤ ਕਰਨੀ ਚਾਹੀਦੀ ਹੈ ਕਿ ਇਸ ਤਰ੍ਹਾਂ ਕਰਨ ਨਾਲ ਮਨੁੱਖ ਦੀ ਗਤੀ ਜਾਂ ਗਤੀ (ਮੁਕਤੀ) ਨਾ ਹੋਣ ਬਾਰੇ ਕੋਈ ਫ਼ਰਕ ਨਹੀਂ ਪੈਂਦਾ। ਅਸਲ ਸਚਾਈ ਇਹ ਹੈ ਕਿ ਗੁਰਮਤਿ ਅੰਦਰ ਮਰਨ-ਮੁਕਤਿ ਦਾ ਕੋਈ ਵਿਧਾਨ ਨਹੀਂ ਹੈ, ਇਸ ਲਈ ਸਿੱਖਾਂ ਨੇ ਜਿਊਂਦੇ-ਜੀਅ ਆਪਣੇ ਅੰਦਰ ਚੰਗੇ ਗੁਣ ਪੈਦਾ ਕਰ ਕੇ ਜੀਵਨ-ਮੁਕਤ ਹੋਣਾ ਹੈ ਅਤੇ ਮਰਨ ਉਪਰੰਤ ਗਤੀ ਹੋਣੀ ਜਾਂ ਨਹੀਂ ਹੋਣੀ ਦਾ ਭਰਮ ਨਹੀਂ ਰੱਖਣਾ ਚਾਹੀਦਾ।

ਵਾਤਾਵਰਣ ਨੂੰ ਸਾਫ਼ ਰੱਖਣ ਹਿੱਤ ਸਾਡਾ ਇਹ ਵੀ ਜਤਨ ਹੋਣਾ ਚਾਹੀਦਾ ਹੈ ਕਿ ਮ੍ਰਿਤਕ ਪ੍ਰਾਣੀ ਦਾ ਸਸਕਾਰ ਗੈਸ ਜਾਂ ਬਿਜਲੀ ਨਾਲ ਕੀਤਾ ਜਾਵੇ। ਦੂਸਰਾ, ਇਸ ਨਾਲ ਦਰੱਖ਼ਤਾਂ ਦੀ ਕਟਾਈ ਘੱਟ ਹੋਵੇਗੀ ਤੇ ਵਾਤਾਵਰਣ ਸ਼ੁਧਤਾ ਲਈ ਠੀਕ ਹੋਵੇਗਾ।

ਦੇਸ਼ਾਂ-ਵਿਦੇਸ਼ਾਂ 'ਚ ਬਹੁਤ ਗ਼ਰੀਬ ਪਰਿਵਾਰ ਹਨ, ਜਿਨ੍ਹਾਂ ਲਈ ਪ੍ਰਚੱਲਿਤ ਪਰੰਪਰਾਵਾਂ ਅਨੁਸਾਰ ਕਰਮ-ਧਰਮ ਕਰਨੇ ਸੰਭਵ ਨਹੀਂ। ਅਜਿਹੇ ਸਮੇਂ ਗੁਰਦੁਆਰਾ ਕਮੇਟੀਆਂ ਨੂੰ ਪੁੱਛ-ਗਿੱਛ ਕਰ ਕੇ ਮ੍ਰਿਤਕ ਪ੍ਰਾਣੀ ਦੇ ਸੰਬੰਧਿਤ ਪਰਿਵਾਰਾਂ ਦੀ ਸਹਾਇਤਾ ਕਰਨੀ ਚਾਹੀਦੀ ਹੈ ਜਾਂ ਲੋਕਾਂ ਨੂੰ ਪ੍ਰੇਰਣਾ ਚਾਹੀਦਾ ਹੈ ਕਿ ਰਲ-ਮਿਲ ਕੇ ਲੋੜਵੰਦ ਪਰਿਵਾਰਾਂ ਨੂੰ ਸਹਿਯੋਗ ਦਿੱਤਾ ਜਾਵੇ। ਗ਼ਰੀਬ ਪਰਿਵਾਰਾਂ ਪਾਸੋਂ ਪਾਠ ਜਾਂ ਕਿਸੇ ਵੀ ਪ੍ਰਕਾਰ ਦੇ ਧਾਰਮਿਕ ਕਰਮ ਕਰਨ ਬਦਲੇ ਪੈਸੇ ਨਾ ਲਏ ਜਾਣ, ਸਗੋਂ ਗ਼ਰੀਬ ਪਰਿਵਾਰਾਂ ਦੇ ਬੱਚਿਆਂ ਦੇ ਭਵਿੱਖ ਨੂੰ ਚੰਗਾ ਬਣਾਉਣ ਲਈ ਸੰਗਤਾਂ ਨੂੰ ਕੁਝ ਹੱਥੋਂ ਦੇਣ ਲਈ ਪ੍ਰੇਰਿਆ ਜਾਵੇ। ਇਸ ਕਰਕੇ ਇਹੀ ਪ੍ਰਚਾਰ ਕੀਤਾ ਜਾਵੇ ਕਿ ਸਾਦੀਆਂ ਰਸਮਾਂ ਕੀਤੀਆਂ ਜਾਣ ਅਤੇ ਵਾਧੂ ਖ਼ਰਚ ਕਰਨ ਤੋਂ ਪ੍ਰਹੇਜ਼ ਕੀਤਾ ਜਾਵੇ।

ਕਰਮ ਸਿੱਧਾਂਤ ਤੇ ਆਵਾਗਵਨ : ਮੂਲ ਸਰੋਤ ਤੇ ਗੁਰਮਤਿ

ਕਰਮ ਦੀ ਪ੍ਰੀਭਾਸ਼ਾ, ਜੋ *ਪੰਜਾਬੀ ਲੋਕਧਾਰਾ ਵਿਸ਼ਵਕੋਸ਼* ਵਿਚ ਮਿਲਦੀ ਹੈ: "ਪੰਜਾਬ ਦੀ ਲੋਕਧਾਰਾ ਵਿਚ ਕਰਮ ਦਾ ਸੰਕਲਪ ਬੜਾ ਮਹੱਤਵਸ਼ੀਲ ਹੈ। ਇਹ ਸੰਸਾਰ ਕਰਮ-ਭੂਮੀ ਹੈ, ਜਿਥੇ ਪ੍ਰਾਣੀ ਜੋ ਵੀ ਕਰਮ ਕਰਦਾ ਹੈ, ਉਸ ਦਾ ਫਲ ਉਸ ਨੂੰ ਦੁਖ ਸੁਖ ਦੇ ਰੂਪ ਵਿਚ ਭੋਗਣਾ ਪੈਂਦਾ ਹੈ। ਪਿਛਲੇ ਜਨਮਾਂ ਦੇ ਕਰਮ ਪ੍ਰਾਣੀ ਵਰਤਮਾਨ ਜਨਮ ਵਿਚ ਭੋਗ ਰਹੇ ਹਨ, ਇਸ ਜਨਮ ਦੇ ਕਰਮਾਂ ਦਾ ਫਲ ਅਗਲੇ ਜਾਂ ਕਿਸੇ ਹੋਰ ਅਗਲੇਰੇ ਜਨਮ ਵਿਚ ਭੋਗਣੇ ਪੈਣਗੇ ਅਤੇ ਕਰਮਾਂ ਅਨੁਸਾਰ ਪ੍ਰਾਣੀ ਨੂੰ ਮਨੁੱਖਾ ਜੂਨ ਜਾਂ ਕਿਸੇ ਹੋਰ ਦੇਹ ਵਿਚ ਵਿਚਰਨਾ ਪਵੇਗਾ। ਚੌਰਾਸੀ ਲੱਖ ਜੂਨਾਂ ਦਾ ਸੰਕਲਪ ਵੀ ਕਰਮ ਨਾਲ ਜੁੜਿਆ ਹੋਇਆ ਹੈ।" (ਜਿਲਦ 4, ਲੇਖਕ ਵਣਜਾਰਾ ਬੇਦੀ, ਪੰਨਾ 575)

ਭਾਰਤ ਅੰਦਰ ਢਾਈ ਹਜ਼ਾਰ ਸਾਲਾਂ ਤੋਂ ਹੀ ਕਰਮ ਸਿੱਧਾਂਤ ਅਤੇ ਆਵਾਗਵਨ ਬਾਰੇ ਵਿਸ਼ਵਾਸ ਕੀਤਾ ਜਾਂਦਾ ਹੈ। ਜਿਵੇਂ *ਪੰਜਾਬੀ ਲੋਕਧਾਰਾ ਵਿਸ਼ਵਕੋਸ਼* ਵਿਚ ਉਲੇਖ ਕੀਤਾ ਹੋਇਆ ਹੈ, ਇਹ ਲੋਕ-ਵਿਸ਼ਵਾਸ ਆਰੀਅਨ ਲੋਕਾਂ ਦੇ ਆਉਣ ਤੋਂ ਪਹਿਲਾਂ ਹੀ ਭਾਰਤ ਅੰਦਰ ਹਾਵੀ ਸੀ ਕਿ ਮਨੁੱਖ ਆਪਣੇ ਕਰਮਾਂ ਦੁਆਰਾ ਦੁਖ-ਸੁਖ ਭੋਗਦਾ ਹੈ ਭਾਵ ਜੋ ਕਰਮ ਉਸ ਨੇ ਆਪਣੇ ਪੂਰਬਲੇ ਜਨਮਾਂ ਵਿਚ ਕੀਤੇ ਹਨ ਅਤੇ ਜੋ ਕਰਮ ਮਨੁੱਖ ਜਨਮ ਧਾਰ ਕੇ ਕਰਦਾ ਹੈ, ਉਸ ਦਾ ਫਲ ਵੀ ਆਵਾਗਵਨ ਦੇ ਰੂਪ ਵਿਚ ਭੋਗੇਗਾ। ਇਕ ਗੱਲ ਸਪੱਸ਼ਟ ਹੁੰਦੀ ਹੈ ਕਿ ਕਰਮ ਸਿੱਧਾਂਤ ਅਤੇ ਆਵਾਗਵਣ ਦਾ ਵਿਸ਼ਵਾਸ ਗ਼ੈਰ-ਆਰੀਅਨ ਲੋਕਾਂ ਅੰਦਰ ਸੀ। ਪੁਰਾਤਨ ਧਰਮ ਗ੍ਰੰਥਾਂ ਅੰਦਰ ਲਿਖਤੀ ਰੂਪ ਵਿਚ ਆਵਾਗਵਨ ਜਾਂ ਕਰਮ ਸਿੱਧਾਂਤ ਬਾਰੇ ਕੁਝ ਨਹੀਂ ਮਿਲਦਾ। ਕਰਮ ਸਿੱਧਾਂਤ ਜਾਂ ਆਵਾਗਵਨ ਬਾਰੇ ਲਿਖਤੀ ਰੂਪ ਵਿਚ ਉਪਨਿਸ਼ਦਾਂ ਵਿਚ ਮਿਲਦਾ ਹੈ ਜੋ ਕਿ ਬਹੁਤ ਪਿੱਛੋਂ ਦੇ ਲਿਖੇ ਧਰਮ ਗ੍ਰੰਥ ਹਨ। ਜਿਵੇਂ ਲੇਖ ਦੇ ਸ਼ੁਰੂ ਵਿਚ ਉਲੇਖ ਕੀਤਾ ਸੀ ਕਿ ਕਰਮ ਸਿੱਧਾਂਤ ਤੇ ਆਵਾਗਵਨ ਬਾਰੇ ਵਿਸ਼ਵਾਸ ਆਰੀਅਨ ਲੋਕਾਂ ਦੇ ਆਉਣ ਤੋਂ ਬਹੁਤ ਸਮਾਂ ਪਹਿਲਾਂ ਹੀ ਭਾਰਤੀ ਲੋਕ-ਧਾਰਾ ਅੰਦਰ ਮੌਜੂਦ ਸੀ ਅਤੇ ਇਹ ਸੰਭਵ ਹੈ ਕਿ ਉਪਨਿਸ਼ਦਾਂ ਦੇ ਲਿਖਾਰੀਆਂ ਨੇ ਪੁਰਾਤਨ ਸੋਚ ਨੂੰ ਇਕ ਸਿੱਧਾਂਤ ਦੇ ਰੂਪ ਵਿਚ ਘੜ ਕੇ ਸ਼ਾਮਲ ਕਰ ਲਿਆ ਹੋਵੇ। ਹਿੰਦੂ ਵਿਚਾਰਧਾਰਾ ਅਨੁਸਾਰ ਹਰ ਆਤਮਾ ਆਪਣੇ ਪੂਰਬਲੇ ਕਰਮਾਂ ਅਨੁਸਾਰ ਦੁਖ-ਸੁਖ ਭੋਗਦੀ ਹੈ ਅਤੇ ਮਨੁੱਖਾ ਜਨਮ ਦਾ ਅਸਲ ਮਨੋਰਥ ਜਨਮ-ਮਰਨ ਤੋਂ ਮੁਕਤ ਹੋਣਾ ਹੈ। ਭਾਵੇਂ ਰਿਗਵੇਦ ਅੰਦਰ ਆਤਮਾ ਦਾ ਵੱਖ-ਵੱਖ

ਜੂਨੀਆਂ ਵਿਚ ਭਰਮਣ ਕਰਨ ਬਾਰੇ ਵਿਚਾਰ ਨਹੀਂ ਮਿਲਦੇ, ਪਰ ਸਤਪਥਾ ਬ੍ਰਾਹਮਣ ਗ੍ਰੰਥ ਵਿਚ ਅੰਕਿਤ ਹੈ ਕਿ ਕੁਝ ਸ਼ੁੱਧ ਰੂਪ ਵਿਚ ਬਲੀ ਦੀਆਂ ਰਸਮਾਂ ਕਰ ਕੇ, ਜਨਮ-ਮਰਨ ਦੇ ਗੇੜ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ।

ਕਰਮ ਸਿਧਾਂਤ ਅਨੁਸਾਰ ਇਹ ਦ੍ਰਿੜ੍ਹ ਕਰਾਇਆ ਜਾਂਦਾ ਹੈ ਕਿ ਸ਼ੂਦਰ ਅਤੇ ਨੀਚ ਜਾਤੀਆਂ ਦੀ ਦੁਰਦਸ਼ਾ ਜਾਂ ਉਨ੍ਹਾਂ ਲੋਕਾਂ ਦਾ ਨੀਵੀਆਂ ਜਾਤਾਂ ਵਿਚ ਜਨਮ ਲੈਣ ਦਾ ਮੁਖ ਕਾਰਨ, ਉਨ੍ਹਾਂ ਵੱਲੋਂ ਪੂਰਬਲੇ ਜਨਮਾਂ ਵਿਚ ਕੀਤੇ ਹੋਏ ਕਰਮ ਹਨ। ਇਸ ਸਿਧਾਂਤ ਅਨੁਸਾਰ ਜੇਕਰ ਉਹ ਚਾਹੁੰਦੇ ਹਨ ਕਿ ਉਨ੍ਹਾਂ ਨੂੰ ਦੁੱਖਾਂ ਤੋਂ ਛੁਟਕਾਰਾ ਮਿਲੇ ਤਾਂ ਉਹ ਆਪਣੀ ਜਾਤੀ ਬੰਧਨ ਵਿਚ ਰਹਿ ਕੇ ਇਮਾਨਦਾਰੀ ਨਾਲ ਕੰਮ ਕਰਨ। ਇੰਜ ਵਰਤਮਾਨ ਸਮੇਂ ਦੁਖ ਭੋਗ ਰਹੇ ਲੋਕਾਂ ਨੂੰ ਆਸ ਦਿਵਾਈ ਜਾਂਦੀ ਹੈ ਕਿ ਉਨ੍ਹਾਂ ਦਾ ਅਗਲੇਰਾ ਜਨਮ ਚੰਗਾ ਹੋ ਸਕਦਾ ਹੈ।

ਧਰਮ ਸੂਤਰਾਂ ਅੰਦਰ ਆਵਾਗਵਨ ਜਾਂ ਕਰਮ ਸਿਧਾਂਤ ਬਾਰੇ ਜੋ ਵਿਚਾਰ ਮਿਲਦੇ ਹਨ, ਉਹ ਉਪਨਿਸ਼ਦਾਂ ਤੋਂ ਹੀ ਲਏ ਗਏ ਹਨ। 'ਗੌਤਮ ਧਰਮ ਸੂਤਰ' ਵਿਚ ਲਿਖਿਆ ਹੋਇਆ ਹੈ ਕਿ "ਬ੍ਰਾਹਮਣ ਅਤੇ ਬ੍ਰਹਮਚਾਰੀ ਜੋ ਆਪਣੇ ਵਰਨ ਅਨੁਸਾਰ ਸ਼ਰਧਾ ਨਾਲ ਸੇਵਾਵਾਂ ਕਰਦੇ ਹਨ, ਉਨ੍ਹਾਂ ਦਾ ਸ਼ੁਭ ਕਰਮ ਕਰਨ ਕਰਕੇ ਮਰਨ ਉਪਰੰਤ ਸੁਰਗ ਵਿਚ ਵਾਸਾ ਹੁੰਦਾ ਹੈ, ਜਾਂ ਉਹ ਸੰਸਾਰ ਵਿਚ ਮੁੜ ਚੰਗੇ ਦੇਸ਼, ਉੱਚੀ ਜਾਤ, ਚੰਗੇ ਪਰਿਵਾਰ ਵਿਚ ਜਨਮ ਲੈ ਕੇ ਵੇਦਾਂ ਦੇ ਗਿਆਤਾ ਹੋਣਗੇ ਅਤੇ ਉਨ੍ਹਾਂ ਪਾਸ ਚੋਖਾ ਧਨ ਹੋਵੇਗਾ ਅਤੇ ਖ਼ੁਸ਼ਹਾਲ ਜੀਵਨ ਬਤੀਤ ਕਰਨਗੇ।"

ਇਸ ਸੂਤਰ ਅੰਦਰ ਦਿੱਤੇ ਵੇਰਵੇ ਅਨੁਸਾਰ ਆਵਾਗਵਨ ਤੇ ਕਰਮ ਸਿਧਾਂਤ ਦੇ ਨਾਲ ਨਾਲ ਸਵਰਗ ਦੀ ਹੋਂਦ ਬਾਰੇ ਵਿਸ਼ਵਾਸ ਕੀਤਾ ਜਾਂਦਾ ਹੈ। ਇਸ ਤਰ੍ਹਾਂ ਹੀ 'ਆਪਾ ਸਤੰਬਾ ਧਰਮ ਸੂਤਰ' ਵਿਚ ਇਸ ਸੰਬੰਧੀ ਲਿਖਿਆ ਹੋਇਆ ਹੈ, "ਸਾਰੇ ਜਾਤਾਂ ਦੇ ਲੋਕ, ਜੇਕਰ ਆਪਣੀਆਂ ਨਿਰਧਾਰਤ ਜ਼ਿੰਮੇਵਾਰੀਆਂ ਨਿਭਾਉਂਦੇ ਹਨ ਤਾਂ ਉਨ੍ਹਾਂ ਨੂੰ ਸਵਰਗ ਵਿਚ ਹੱਦੋਂ ਵੱਧ ਖ਼ੁਸ਼ੀ ਤੇ ਉੱਚ-ਪਦ ਪ੍ਰਾਪਤ ਹੋਵੇਗਾ। ਉਸ ਪਿੱਛੋਂ ਜਦੋਂ ਮਨੁੱਖ ਆਪਣੀਆਂ ਸੇਵਾਵਾਂ ਕਰਕੇ ਦੁਬਾਰਾ ਜਨਮ ਲੈਣਗੇ ਤਾਂ ਉਨ੍ਹਾਂ ਨੂੰ ਸ੍ਰੇਸ਼ਟ ਪਰਿਵਾਰਾਂ ਵਿਚ ਜਨਮ ਮਿਲੇਗਾ, ਚੰਗਾ ਧਨ ਪ੍ਰਾਪਤ ਹੋਵੇਗਾ, ਤਾਕਤਵਰ ਹੋਣਗੇ, ਗਿਆਨ ਪ੍ਰਾਪਤੀ ਲਈ ਉਤਸ਼ਾਹ ਮਿਲੇਗਾ। ਉਨ੍ਹਾਂ ਨੂੰ ਅਜਿਹਾ ਤੋਹਫ਼ਾ ਵਰਨ ਆਸ਼ਰਮ ਦੇ ਕਾਨੂੰਨਾਂ ਦੀ ਪੂਰਤੀ ਕਰਨ ਬਦਲੇ ਮਿਲਦਾ ਹੈ। ਇਸ ਕਰਕੇ ਉਹ ਲੋਕ-ਪਰਲੋਕ ਵਿਚ ਅਨੰਦ ਵਿਚ ਰਹਿਣਗੇ।"

ਇਕ ਗੱਲ ਸਪੱਸ਼ਟ ਹੈ ਕਿ ਬੁੱਧ ਧਰਮ ਆਤਮਾ ਦੀ ਹੋਂਦ ਤੇ ਉਸ ਦੀ ਸਦੀਵਤਾ ਨੂੰ ਪ੍ਰਵਾਨ ਨਹੀਂ ਕਰਦਾ। ਇਹ ਮੰਨਿਆ ਜਾਂਦਾ ਹੈ ਕਿ ਭਾਰਤ ਅੰਦਰ ਆਵਾਗਵਨ ਤੇ ਕਰਮ ਸਿਧਾਂਤ ਦਾ ਵਿਸ਼ਵਾਸ ਲੋਕਧਾਰਾ ਅੰਦਰ ਜ਼ਿਆਦਾ ਹਾਵੀ ਹੋਣ ਕਰਕੇ ਬੁੱਧ ਧਰਮ ਨੇ ਵੀ ਆਵਾਗਵਨ ਦੇ ਸਿੱਧਾਂਤ ਨੂੰ ਇਕ ਵੱਖਰੇ ਰੂਪ ਵਿਚ ਮੰਨ ਲਿਆ। ਹਾਲਾਂਕਿ ਜੇਕਰ ਉਹ ਆਤਮਾ ਜਾਂ ਆਤਮਾ ਦੀ ਸਦੀਵਤਾ ਵਿਚ ਵਿਸ਼ਵਾਸ ਨਹੀਂ ਕਰਦੇ ਤਾਂ ਆਵਾਗਵਨ ਨੂੰ ਮੰਨ ਲੈਣ ਲਈ ਕੋਈ ਆਧਾਰ ਨਹੀਂ ਬਣਦਾ। ਉਹ ਆਖਦੇ ਹਨ ਕਿ ਮਨੁੱਖ ਦੀ ਹੋਂਦ ਅਗਿਆਨਤਾ ਕਰਕੇ ਹੈ ਅਤੇ ਇਹੀ ਅਗਿਆਨਤਾ ਮਨੁੱਖ

ਦੀ ਹਉਮੈ ਹੈ ਅਤੇ ਹਉਮੈ ਵਿਚ ਕਰਮ ਕਰਨ ਕਰਕੇ ਪੁਨਰ-ਜਨਮ ਹੁੰਦਾ ਹੈ। ਅਸਲ ਤੌਰ 'ਤੇ ਇਹ ਜਾਪਦਾ ਹੈ ਕਿ ਬੁੱਧ ਧਰਮ ਉਪਰ ਉਪਨਿਸ਼ਦਾਂ ਦਾ ਪ੍ਰਭਾਵ ਦਿਖਾਈ ਦਿੰਦਾ ਹੈ।

ਪੱਛਮੀ ਦੇਸ਼ਾਂ ਦੀ ਧਾਰਮਿਕ ਫ਼ਿਲਾਸਫ਼ੀ ਅੰਦਰ ਕਰਮ ਅਤੇ ਆਵਾਗਵਨ ਜਾਂ ਪੁਨਰ-ਜਨਮ ਬਾਰੇ ਵਿਚਾਰਧਾਰਾ ਨੂੰ ਨਹੀਂ ਪ੍ਰਵਾਣ ਕੀਤਾ ਗਿਆ। ਹਿੰਦੂ ਧਰਮ ਤੋਂ ਇਲਾਵਾ ਅਫ਼ਰੀਕਨ ਸਮਾਜ ਅੰਦਰ ਪੁਨਰ-ਜਨਮ ਲਈ ਵਿਸ਼ਵਾਸ ਕੀਤਾ ਜਾਂਦਾ ਹੈ। ਉਨ੍ਹਾਂ ਅਨੁਸਾਰ ਵਿਛੜ ਚੁੱਕੇ ਪ੍ਰਾਣੀਆਂ ਦੀ ਆਤਮਾ ਦੁਬਾਰਾ ਜਨਮ ਲੈ ਕੇ, ਉਸ ਪਰਿਵਾਰ ਵਿਚ ਹੀ ਆਉਂਦੀ ਹੈ। ਭਾਰਤ ਅੰਦਰ ਪੁਨਰ-ਜਨਮ ਸੰਬੰਧੀ ਇਕ-ਦੋ ਪੁਸਤਕਾਂ ਵੀ ਮਿਲਦੀਆਂ ਹਨ, ਜਿਨ੍ਹਾਂ ਵਿਚ ਕਾਫ਼ੀ ਰੌਚਕਤਾ ਭਰਪੂਰ ਕਥਾਵਾਂ ਦਰਜ ਹਨ। ਇਨ੍ਹਾਂ ਪੁਸਤਕਾਂ ਅੰਦਰ ਕੁਝ ਕੇਸ ਸ਼ਾਮਲ ਕੀਤੇ ਗਏ ਹਨ ਜੋ ਆਪਣੇ ਪੂਰਬਲੇ ਜਨਮ ਦੀਆਂ ਯਾਦਾਂ ਨੂੰ ਸਾਂਝੀਆਂ ਕਰਦੇ ਹਨ। ਜਿਥੋਂ ਤਕ ਪ੍ਰਮਾਣਿਕਤਾ ਦੀ ਗੱਲ ਹੈ, ਇਸ ਬਾਰੇ ਸਿੱਧ ਕਰਨਾ ਕਿ ਕੀ ਉਨ੍ਹਾਂ ਵਿਅਕਤੀਆਂ ਦੀ ਪਹਿਚਾਣ ਸੱਚੀ ਹੈ ਜਾਂ ਸ਼ੱਕੀ ਬਹੁਤ ਔਖਾ ਹੈ। ਕੁਝ ਕੁ ਕੇਸ ਅਜਿਹੇ ਸਨ, ਜਿਨ੍ਹਾਂ ਦਾ ਮਨੋਰਥ ਧੋਖਾ ਦੇਣਾ ਸੀ।

ਜਿਵੇਂ ਪਹਿਲਾਂ ਉਲੇਖ ਕੀਤਾ ਹੈ ਕਿ ਅਫ਼ਰੀਕਨ ਸਮਾਜ ਅੰਦਰ ਪੁਨਰ-ਜਨਮ ਜਾਂ ਆਤਮਾ ਦਾ ਮੁੜ ਕਿਸੇ ਵਿਚ ਪ੍ਰਵੇਸ਼ ਕਰਨ ਦਾ ਵਿਸ਼ਵਾਸ ਹੈ, ਪਰ ਉਨ੍ਹਾਂ ਦਾ ਆਵਾਗਵਨ ਸਿੱਧਾਂਤ ਹਿੰਦੂ ਧਰਮ ਨਾਲੋਂ ਵੱਖਰਾ ਹੈ। ਉਹ ਆਵਾਗਵਨ ਨੂੰ ਆਮ ਨਹੀਂ ਮੰਨਦੇ ਅਤੇ ਉਨ੍ਹਾਂ ਅਨੁਸਾਰ ਕੋਈ ਕੋਈ ਵਿਛੜੀ ਆਤਮਾ ਹੀ ਮੁੜ ਜਨਮ ਧਾਰਦੀ ਹੈ। ਉਨ੍ਹਾਂ ਲੋਕਾਂ ਅੰਦਰ ਆਪਣੇ ਵੱਡੇ-ਵਡੇਰਿਆਂ ਦੀਆਂ ਕਬਰਾਂ ਉੱਤੇ ਜਾ ਕੇ ਮੱਥਾ ਟੇਕਣ ਜਾਂ ਸ਼ਰਧਾ ਭੇਟ ਕਰਨ ਦੀ ਪਰੰਪਰਾ ਵੀ ਹੈ। ਉਨ੍ਹਾਂ ਵਾਂਗ ਹੀ ਹਿੰਦੂ ਲੋਕ ਭਾਵੇਂ ਕਰਮ ਤੇ ਆਵਾਗਵਨ ਸਿੱਧਾਂਤ ਨੂੰ ਮੰਨਦੇ ਹਨ, ਦੂਜੇ ਪਾਸੇ ਉਹ ਪਿੱਤਰਾਂ ਦੀ ਪੂਜਾ ਵੀ ਕਰਦੇ ਹਨ। ਪੂਜਾ ਕਰਨ ਤੋਂ ਇਲਾਵਾ ਉਹ ਆਪਣੇ ਪਿੱਤਰਾਂ ਨੂੰ ਸ਼ਰਾਧਾਂ ਦੇ ਦਿਨਾਂ ਵਿਚ ਖਾਣ-ਪੀਣ ਦਾ ਸਾਮਾਨ ਵੀ ਭੇਜਦੇ ਹਨ। ਸ਼ਰਾਧਾਂ ਦੇ ਦਿਨਾਂ ਵਿਚ ਜਾਨਵਰਾਂ ਤੇ ਪੰਛੀਆਂ ਨੂੰ ਤੰਗ ਕਰਨ ਤੋਂ ਸੰਕੋਚ ਕੀਤਾ ਜਾਂਦਾ ਹੈ ਕਿਉਂਕਿ ਹਿੰਦੂ ਵਿਸ਼ਵਾਸ ਕਰਦੇ ਹਨ ਕਿ ਪਿੱਤਰਾਂ ਦੀਆਂ ਰੂਹਾਂ ਪੰਛੀਆਂ ਜਾਂ ਜਾਨਵਰਾਂ ਰਾਹੀਂ ਵੀ ਪ੍ਰਗਟ ਹੋ ਜਾਂਦੀਆਂ ਹਨ। ਜਿਥੇ ਹਿੰਦੂ ਧਰਮ ਅੰਦਰ ਕਰਮ ਤੇ ਆਵਾਗਵਨ ਸਿੱਧਾਂਤ ਨੂੰ ਮੰਨਿਆ ਜਾਂਦਾ ਹੈ, ਉਥੇ ਉਨ੍ਹਾਂ ਦਾ ਨਰਕ ਅਤੇ ਸਵਰਗ ਦੀਆਂ ਥਾਵਾਂ ਬਾਰੇ ਵਿਸ਼ਵਾਸ ਹੈ, ਜਿਥੇ ਕਰਮਾਂ ਅਨੁਸਾਰ ਰੂਹਾਂ ਨਿਵਾਸ ਕਰਦੀਆਂ ਹਨ। ਇਸ ਗੁੰਝਲਦਾਰ ਸਿੱਧਾਂਤ ਨੂੰ ਦੇਖਦੇ ਹੋਏ ਕਈ ਹਿੰਦੂ ਵਿਦਵਾਨ ਤੇ ਲੇਖਕ ਆਪਣੀਆਂ ਟਿਪਣੀਆਂ ਕਰਦੇ ਹਨ। ਸਵਾਮੀ ਮੁਨੀ ਨਾਰਾਇਣ ਪ੍ਰਸਾਦ ਆਪਣੀ ਪੁਸਤਕ *ਕਰਮਾ ਐਂਡ ਰੀਕਾਰਨੇਸ਼ਨ* ਦੇ ਪੰਨਾ 9 ਉੱਤੇ ਲਿਖਦੇ ਹਨ: "ਪੁਨਰਜਨਮ ਸਿੱਧਾਂਤ ਵਧੇਰੇ ਇਕ ਧਾਰਮਿਕ ਸਮੱਸਿਆ ਹੈ। ਇਸ ਸਿੱਧਾਂਤ ਦਾ ਆਧਾਰ ਕੋਈ ਦਾਰਸ਼ਨਿਕ ਸੋਚ ਨਹੀਂ, ਸਿਰਫ਼ ਇਕ ਵਿਸ਼ਵਾਸ ਤੌਰ 'ਤੇ ਪ੍ਰਵਾਨ ਕੀਤਾ ਜਾਂਦਾ ਹੈ, ਪੂਰਬੀ ਦੇਸ਼ਾਂ ਦੇ ਧਰਮ

ਅੰਦਰ ਲੋਕਧਾਰਾ ਦੇ ਇਸ ਵਿਸ਼ਵਾਸ ਨੂੰ ਬਤੌਰ ਧਾਰਮਿਕ ਅੰਗ ਮੰਨ ਲਿਆ ਗਿਆ ਹੈ।"

ਇਕ ਹੋਰ ਹਿੰਦੂ ਧਰਮ ਦੇ ਵਿਦਵਾਨ, ਈਸ਼ਵਰਾ ਨੰਦਾ ਆਪਣੀ ਪੁਸਤਕ *Does the Soul Reicarnate* ਦੇ ਪੰਨਾ 44 ਉੱਤੇ ਲਿਖਦੇ ਹਨ: "ਮੌਜੂਦਾ ਰੂਪ 'ਚ ਹਿੰਦੂ ਧਰਮ ਦਾ ਸਿੱਧਾਂਤ ਹੈ ਕਿ ਸਾਡਾ ਵਰਤਮਾਨ ਮਨੁੱਖਾ ਜਨਮ ਸਾਡੇ ਆਪਣੇ ਕਰਮਾਂ ਕਰਕੇ ਪ੍ਰਾਪਤ ਹੋਇਆ ਹੈ।"

ਉਹ ਕਰਮ ਅਸੀਂ ਆਪਣੇ ਪੂਰਬਲੇ ਜਨਮਾਂ ਵਿਚ ਕੀਤੇ ਹਨ। ਇਸ ਸਿੱਧਾਂਤ ਨੂੰ ਮੰਨਣ ਕਾਰਨ ਹਿੰਦੂ, ਉਨ੍ਹਾਂ ਲੋਕਾਂ ਪ੍ਰਤੀ ਜੋ ਦੁਖਦਾਈ ਜੀਵਨ ਭੋਗ ਰਹੇ ਹਨ, ਕੋਈ ਦਰਦ ਜਾਂ ਰਹਿਮ ਨਹੀਂ ਰੱਖਦੇ, ਸਗੋਂ ਨਿਰਦਈ ਤੇ ਕਠੋਰ ਬਣੇ ਰਹਿੰਦੇ ਹਨ ਅਤੇ ਸਮਝਦੇ ਹਨ ਕਿ ਜੋ ਲੋਕ ਦੁਖ ਭੋਗ ਰਹੇ ਹਨ, ਇਹ ਉਨ੍ਹਾਂ ਦੇ ਪੂਰਬਲੇ ਜਨਮ ਵਿਚ ਕੀਤੇ ਕਰਮਾਂ ਕਰਕੇ ਹੈ। ਇੰਜ ਵੀ ਸੋਚ ਲੈਂਦੇ ਹਨ ਕਿ ਉਨ੍ਹਾਂ ਦਾ ਭਲਾ ਕੀਤਾ ਹੀ ਨਹੀਂ ਜਾ ਸਕਦਾ। ਭਾਰਤ ਅੰਦਰ ਬਹੁਤ ਜ਼ਿਆਦਾ ਲੋਕ ਜੀਵਨ ਨਿਰਬਾਹ ਲਈ ਲੋੜੀਂਦੀਆਂ ਸਹੂਲਤਾਂ ਤੋਂ ਵੀ ਵਾਂਝੇ ਹਨ। ਇਸ ਕਰਮ ਸਿੱਧਾਂਤ ਨਾਲ ਵੱਡੇ ਤੇ ਧਨਾਢ ਲੋਕਾਂ ਦੇ ਸਰਬ-ਪੱਖਾਂ ਦੀ ਪੂਰਤੀ ਹੁੰਦੀ ਹੈ। ਉਨ੍ਹਾਂ ਨੂੰ ਦੂਸਰੇ ਲੋਕਾਂ ਦੀ ਭਲਾਈ ਲਈ ਕੋਈ ਚਿੰਤਾ ਨਹੀਂ ਕਿਉਂਕਿ ਗ਼ਰੀਬੀ ਤੇ ਦੁਰਦਸ਼ਾ ਵਿਚ ਰਹਿਣ ਵਾਲੇ ਲੋਕਾਂ ਨੂੰ ਦ੍ਰਿੜ ਕਰਾਇਆ ਜਾਂਦਾ ਹੈ ਕਿ ਉਹ ਆਪ ਹੀ ਆਪਣੇ ਦੁੱਖਾਂ ਦਾ ਕਾਰਨ ਹਨ ਜੋ ਉਨ੍ਹਾਂ ਨੇ ਪੂਰਬਲੇ ਜਨਮ ਵਿਚ ਕਰਮ ਕੀਤੇ ਸਨ। ਪੂਰਬਲੇ ਜਨਮ ਵਿਚ ਕੀਤੇ ਹੋਏ ਕਰਮਾਂ ਦਾ ਫਲ ਵਰਤਮਾਨ ਜੀਵਨ ਵਿਚ ਭੋਗ ਰਹੇ ਹਨ।

ਇਸ ਕਰਮ ਸਿੱਧਾਂਤ ਬਾਰੇ ਇਕ ਖੋਜੀ ਲਿਖਾਰੀ ਸਿਰੀਰਾਮਾ ਇੰਦਰਾ ਦੇਵਾ ਦੇ ਵਿਚਾਰ ਕਿ ਜ਼ਿਆਦਾਤਰ ਧਾਰਮਿਕ ਗ੍ਰੰਥਾਂ ਦੇ ਲਿਖਾਰੀ ਬ੍ਰਾਹਮਣ ਸਨ ਅਤੇ ਇਹ ਸੰਭਵ ਹੈ ਕਿ ਕਰਮ ਸਿੱਧਾਂਤ ਨੂੰ ਉਨ੍ਹਾਂ ਆਪਣੇ ਆਪ ਨੂੰ ਸਮਾਜ ਵਿਚ ਉੱਚਾ ਰੁਤਬਾ ਪ੍ਰਾਪਤ ਕਰਨ ਦੀ ਖ਼ਾਤਰ ਘੜ ਲਿਆ ਹੋਵੇ।

ਅਜੋਕੇ ਸਮੇਂ ਸਿੱਖ ਧਰਮ ਦੇ ਵਿਦਵਾਨਾਂ ਅੰਦਰ ਆਵਾਗਵਨ ਤੇ ਕਰਮ ਸਿੱਧਾਂਤ ਸੰਬੰਧੀ ਵਿਚਾਰ ਚਰਚਾ ਹੋ ਰਹੀ ਹੈ। ਹੁਣ ਤਕ 90 ਫ਼ੀਸਦੀ ਸਿੱਖ ਲਿਖਾਰੀ ਹਿੰਦੂ ਧਰਮ ਵੱਲੋਂ ਸਥਾਪਤ ਸਿੱਧਾਂਤ ਜਿਵੇਂ ਨਰਕ/ਸਵਰਗ, ਜਾਤ-ਪਾਤ ਅਤੇ ਕਰਮ ਸਿੱਧਾਂਤ ਉਪਰੰਤ ਜੁਗ-ਵੰਡ ਜਾਂ 84 ਲੱਖ ਜੂਨਾਂ ਨੂੰ, ਗੁਰਬਾਣੀ ਨੂੰ ਆਧਾਰ ਬਣਾ ਕੇ ਰੱਦ ਕਰਦੇ ਹਨ, ਪਰ ਆਵਾਗਵਨ ਦੇ ਸਿੱਧਾਂਤ ਨੂੰ ਪ੍ਰਵਾਣ ਕਰ ਲੈਂਦੇ ਹਨ। ਇਸ ਬਾਰੇ ਗੁਰਬਾਣੀ ਦੇ ਕੁਝ ਸ਼ਬਦਾਂ ਨੂੰ ਆਧਾਰ ਬਣਾਉਂਦੇ ਹਨ। ਇਸ ਸੰਬੰਧ 'ਚ ਕੋਈ ਜ਼ਿਆਦਾ ਤਰਕ ਪੇਸ਼ ਨਹੀਂ ਕੀਤੇ ਜਾਂਦੇ। ਡਾਕਟਰ ਬਲਦੇਵ ਸਿੰਘ (ਕੈਲੇਫੋਰਨੀਆ) ਜੀ ਨੇ ਕੁਝ ਸਮਾਂ ਪਹਿਲਾਂ ਇਕ ਲੇਖ ਲਿਖ ਕੇ ਸਪੱਸ਼ਟ ਕੀਤਾ ਸੀ ਕਿ ਹਿੰਦੂ ਧਰਮ ਦਾ ਕਰਮ ਸਿੱਧਾਂਤ ਅਤੇ ਆਵਾਗਵਨ ਦਾ ਸਿੱਧਾਂਤ ਇਕ ਦੂਜੇ ਨਾਲ ਜੁੜੇ ਹੋਏ ਹਨ ਅਤੇ ਇਨ੍ਹਾਂ ਨੂੰ ਇਕ ਦੂਜੇ ਨਾਲੋਂ ਵੱਖ ਨਹੀਂ ਕੀਤਾ ਜਾ ਸਕਦਾ। ਸਿੱਖਾਂ ਦੀ ਬਹੁ-ਗਿਣਤੀ ਇਹ ਗੱਲ ਬਹੁਤ ਜ਼ੋਰ-ਸ਼ੋਰ ਨਾਲ ਆਖਦੀ ਹੈ ਕਿ ਗੁਰੂਆਂ ਨੇ ਬੁੱਤ ਪੂਜਾ,

ਪਿੱਤਰ ਪੂਜਾ, ਸ਼ਕਤੀ ਪੂਜਾ ਅਤੇ ਜਾਤ ਪ੍ਰਥਾ ਨੂੰ ਪੂਰੀ ਤਰ੍ਹਾਂ ਰੱਦ ਕਰ ਦਿੱਤਾ। ਹੈਰਾਨੀ ਇਸ ਗੱਲ ਦੀ ਹੈ, ਜੇਕਰ ਗੁਰੂ ਸਾਹਿਬਾ ਨੇ ਜਾਤ ਪ੍ਰਥਾ ਤੇ ਨਰਕ ਸੁਰਗ ਨੂੰ ਰੱਦ ਕਰਦੇ ਹਨ ਤਾਂ ਉਨ੍ਹਾਂ ਦੇ ਕਰਮ ਸਿਧਾਂਤ ਤੇ ਆਵਾਗਵਨ ਨੂੰ ਕਿਉਂ ਪ੍ਰਵਾਨ ਕਰਦੇ ਹਨ ?

ਅਸਲ ਤੱਤ ਇਹੀ ਹੈ ਕਿ ਗੁਰੂਆਂ ਨੇ ਪੁਰਾਤਨ ਸਿੱਧਾਂਤ (ਵਰਣ-ਆਸ਼ਰਮ, ਕਰਮ ਸਿਧਾਂਤ ਤੇ ਆਵਾਗਵਨ) ਨੂੰ ਪ੍ਰਵਾਨ ਨਹੀਂ ਕੀਤਾ। ਗੁਰਬਾਣੀ ਅੰਦਰ ਉਪਰੋਕਤ ਸਿੱਧਾਂਤਾਂ ਦੀ ਚਰਚਾ ਜ਼ਰੂਰ ਕੀਤੀ ਹੈ, ਪਰ ਬਹੁਤ ਵਿਦਵਾਨ ਗੁਰਬਾਣੀ ਅੰਦਰ ਦਿੱਤੇ ਸਿੱਧਾਂਤਾਂ ਦੀ ਵਿਆਖਿਆ ਕਰਨ ਵਿਚ ਭੁਲੇਖਾ ਖਾ ਗਏ ਹਨ। ਕਰਮ ਸਿੱਧਾਂਤ ਅਨੁਸਾਰ ਜੋ ਕੁਝ ਅਸੀਂ ਮੌਜੂਦਾ ਸਮੇਂ ਜੀਵਨ ਜੀਅ ਰਹੇ ਹਾਂ, ਉਹ ਸਾਡੇ ਪੂਰਬਲੇ ਜਨਮਾਂ ਵਿਚ ਕੀਤੇ ਕਰਮਾਂ ਦਾ ਫਲ ਹੈ। ਹੁਣ ਸਵਾਲ ਹੈ ਕਿ ਸਾਡੇ ਗੁਰੂ ਸਾਹਿਬਾਨ ਨੂੰ ਸ਼ਹੀਦ ਕੀਤਾ ਗਿਆ, ਸਾਹਿਬਜ਼ਾਦਿਆਂ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ, ਕੀ ਇਹ ਉਨ੍ਹਾਂ ਦੇ ਪੂਰਬਲੇ ਜਨਮਾਂ ਵਿਚ ਕੀਤੇ ਕਰਮਾਂ ਕਰ ਕੇ ਹੋਇਆ ? ਕੀ ਸੂਬਾ ਸਰਹੰਦ ਜਾਂ ਔਰੰਗਜ਼ੇਬ ਦਾ ਇਨਸਾਫ਼ ਠੀਕ ਸੀ ? ਕੀ ਉਨ੍ਹਾਂ ਨੂੰ ਅਜਿਹਾ ਕਰਨ ਲਈ ਪਰਮਾਤਮਾ ਨੇ ਨਿਯੁਕਤ ਕੀਤਾ ਸੀ ?

1984 ਵਿਚ ਭਾਰਤ ਦੀ ਰਾਜਧਾਨੀ ਦਿੱਲੀ ਅਤੇ ਹੋਰ ਸ਼ਹਿਰਾਂ ਵਿਚ ਸਿੱਖਾਂ ਦਾ ਕਤਲੇਆਮ ਅਤੇ ਸਿੱਖ ਬੀਬੀਆਂ ਦਾ ਬਲਾਤਕਾਰ ਹੋਇਆ। ਕੀ ਇਨ੍ਹਾਂ ਨੇ ਆਪਣੇ ਪੂਰਬਲੇ ਜਨਮ ਵਿਚ ਕੋਈ ਮਾੜੇ ਕਰਮ ਕੀਤੇ ਸਨ ? ਜੇਕਰ ਕਰਮ ਸਿੱਧਾਂਤ ਨੂੰ ਪੂਰਨ ਰੂਪ ਵਿਚ ਮੰਨਣਾ ਹੈ ਤਾਂ ਪੁਲਿਸ, ਕਾਨੂੰਨ ਅਤੇ ਕਚਹਿਰੀਆਂ ਦੀ ਕੀ ਲੋੜ ? ਇਨ੍ਹਾਂ ਸਵਾਲਾਂ ਦਾ ਉੱਤਰ ਕੌਣ ਦੇ ਸਕਦਾ ਹੈ ? ਗੁਰਮਤਿ ਅਜਿਹੇ ਸਾਜ਼ਸ਼ੀ ਘੜੇ ਹੋਏ ਕਰਮ ਸਿਧਾਂਤ ਨੂੰ ਨਹੀਂ ਮੰਨ ਸਕਦੀ। ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਭਗਤ ਨਾਮਦੇਵ ਜੀ ਦਾ ਰਾਗ ਰਾਮਕਲੀ ਵਿਚ ਇਕ ਸ਼ਬਦ ਹੈ :

ਮਾਇ ਨ ਹੋਤੀ ਬਾਪੁ ਨ ਹੋਤਾ ਕਰਮੁ ਨ ਹੋਤੀ ਕਾਇਆ ॥
ਹਮ ਨਹੀ ਹੋਤੇ ਤੁਮ ਨਹੀ ਹੋਤੇ ਕਵਨੁ ਕਹਾਂ ਤੇ ਆਇਆ ॥੧॥
ਰਾਮ ਕੋਇ ਨ ਕਿਸ ਹੀ ਕੇਰਾ ॥
ਜੈਸੇ ਤਰਵਰਿ ਪੰਖਿ ਬਸੇਰਾ ॥੧॥ਰਹਾਉ॥
ਚੰਦੁ ਨ ਹੋਤਾ ਸੂਰੁ ਨ ਹੋਤਾ ਪਾਨੀ ਪਵਨੁ ਮਿਲਾਇਆ ॥
ਸਾਸਤੁ ਨ ਹੋਤਾ ਬੇਦੁ ਨ ਹੋਤਾ ਕਰਮੁ ਕਹਾਂ ਤੇ ਆਇਆ ॥੨॥
ਖੇਚਰ ਭੂਚਰ ਤੁਲਸੀ ਮਾਲਾ ਗੁਰ ਪਰਸਾਦੀ ਪਾਇਆ ॥
ਨਾਮਾ ਪ੍ਰਣਵੈ ਪਰਮ ਤਤੁ ਹੈ ਸਤਿਗੁਰ ਹੋਇ ਲਖਾਇਆ ॥੩॥੩॥

(ਰਾਮਕਲੀ ਨਾਮਦੇਉ ਜੀ, ਪੰਨਾ 973)

ਭਾਵ ਅਰਥ : ਆਪਣੇ ਉਦਾਰ ਵਾਸਤੇ ਕੋਈ ਤਾਂ ਸ਼ਾਸਤਰਾਂ ਦੇ ਦੱਸੇ ਚੰਗੇ ਕਰਮਾਂ ਦੀ ਆਸ ਰੱਖੀ ਬੈਠਾ ਹੈ, ਕੋਈ ਪ੍ਰਾਣਾਯਾਮ ਦੀ ਟੇਕ ਰੱਖਦਾ ਹੈ, ਕਿਸੇ ਨੇ ਤੁਲਸੀ ਮਾਲਾ ਆਦਿਕ ਧਾਰਮਿਕ ਚਿੰਨ੍ਹਾਂ ਦਾ ਆਸਰਾ ਲਿਆ ਹੈ, ਪਰ ਗੁਰੂ ਦੀ ਸ਼ਰਣ ਪਿਆਂ ਸਮਝ ਆਉਂਦੀ ਹੈ ਕਿ ਅਸਲ ਸਹਾਈ ਪ੍ਰਭੂ ਆਪ ਹੈ।

ਰਹਾਉ ਅੰਦਰ ਭਾਵ-ਅਰਥ ਹੋਰ ਸਪੱਸ਼ਟ ਹੁੰਦਾ ਹੈ ਕਿ ਹੇ ਰਾਮ! ਤੈਥੋਂ ਬਿਨਾਂ ਹੋਰ ਕੋਈ ਵੀ ਕਿਸੇ ਦਾ ਸਹਾਈ ਨਹੀਂ ਅਤੇ ਨਾ ਕੋਈ ਕਰਮ ਆਦਿਕ ਇਸ ਜੀਵ ਨੂੰ ਜਨਮ-ਮਰਨ ਵਿਚ ਲਿਆਉਣ ਵਾਲਾ ਹੈ ਤੇ ਨਾ ਕੋਈ ਸ਼ਾਸਤਰ ਵਿਹਿਤ ਕਰਮ ਜਾਂ ਪ੍ਰਾਣਾਯਾਮ ਇਸ ਨੂੰ ਮੁਕਤ ਕਰਨ ਦੇ ਸਮਰੱਥ ਹੈ, ਜਿਵੇਂ ਰੁੱਖਾਂ ਉੱਤੇ ਪੰਛੀਆਂ ਦਾ ਬਸੇਰਾ ਹੁੰਦਾ ਹੈ, ਤਿਵੇਂ ਤੇਰੇ ਭੇਜੇ ਜੀਵ ਇਥੇ ਆਉਂਦੇ ਹਨ ਤੇ ਤੂੰ ਆਪ ਹੀ ਇਨ੍ਹਾਂ ਨੂੰ ਆਪਣੇ ਆਪ ਵਿਚ ਜੋੜਦਾ ਹੈਂ।

ਜੇ ਇਹ ਮੰਨੀਏ ਕਿ ਕਰਮਾਂ ਦੀ ਖੇਡ ਹੈ ਤਾਂ ਜਦੋਂ ਨਾ ਮਾਂ ਸੀ, ਨਾ ਪਿਉ, ਨਾ ਕੋਈ ਮਨੁੱਖਾ ਸਰੀਰ ਸੀ ਤੇ ਨਾ ਉਸ ਦਾ ਕੀਤਾ ਹੋਇਆ ਕਰਮ, ਜਦੋਂ ਕੋਈ ਜੀਵ ਹੀ ਨਹੀਂ ਸਨ, ਤਦੋਂ ਹੇ ਪ੍ਰਭੂ ਤੈਥੋਂ ਬਿਨਾਂ ਹੋਰ ਕਿਸ ਥਾਂ ਤੋਂ ਜੀਵ ਜਨਮ ਲੈ ਸਕਦਾ ਸੀ?

ਜਦੋਂ ਨਾ ਚੰਦ ਸੀ ਨਾ ਸੂਰਜ, ਜਦੋਂ ਪਾਣੀ ਹਵਾ ਆਦਿਕ ਤੱਤ ਵੀ ਅਜੇ ਪੈਦਾ ਨਹੀਂ ਸਨ ਹੋਏ, ਜਦੋਂ ਕੋਈ ਸ਼ਾਸਤਰ ਭੀ ਨਹੀਂ ਸਨ, ਤਦੋਂ ਕਰਮਾਂ ਦੀ ਕੋਈ ਹਸਤੀ ਹੀ ਨਹੀਂ ਸੀ।

ਜਦੋਂ ਪਰਮਾਤਮਾ ਇਕੱਲਾ ਆਪ ਸੀ ਤਾਂ ਨਰਕਾਂ ਤੇ ਸੁਰਗਾਂ ਵਿਚ ਆਉਣ ਵਾਲੇ ਕਿਹੜੇ ਜੀਵ ਸਨ। ਅਸਲ ਪ੍ਰਸ਼ਨ ਹੈ ਕਿ ਜਦੋਂ ਮਨੁੱਖ ਨੇ ਪਹਿਲਾਂ ਜਨਮ ਧਾਰਿਆ ਤਾਂ ਉਹ ਕਿਹੜੇ ਕਰਮ ਕਰ ਕੇ ਆਇਆ ਸੀ?

ਜਬ ਕਛੁ ਨ ਸੀਓ ਤਬ ਕਿਆ ਕਰਤਾ ਕਵਨ ਕਰਮ ਕਰਿ ਆਇਆ॥

(ਸੂਹੀ ਮਹਲਾ ੫, ਪੰਨਾ 748)

ਗੁਰਮਤਿ ਦੀ ਕਸਵੱਟੀ ਅਨੁਸਾਰ ਕਰਮ ਫ਼ਿਲਾਸਫ਼ੀ ਪੂਰੀ ਤਰ੍ਹਾਂ ਰੱਦ ਹੁੰਦੀ ਹੈ ਅਤੇ ਜੇਕਰ ਕਰਮ ਸਿਧਾਂਤ ਦਾ ਆਧਾਰ ਕੋਈ ਨਹੀਂ, ਫਿਰ ਆਵਾਗਵਨ ਸਿੱਧਾਂਤ ਦੀ ਹੋਂਦ ਨਹੀਂ ਰਹੇਗੀ।

ਸਾਨੂੰ ਇਤਿਹਾਸਕ ਤੱਥ ਗਵਾਹੀ ਦਿੰਦੇ ਹਨ ਕਿ ਗੁਰੂ ਨਾਨਕ ਸਾਹਿਬ ਵੱਲੋਂ ਭਾਰਤੀ ਸਮਾਜ ਅੰਦਰ ਹੋ ਰਹੀ ਲੁੱਟ-ਖਸੁੱਟ ਦੇ ਕਾਰਨਾਂ ਨੂੰ ਜਾਣਿਆ ਗਿਆ ਅਤੇ ਸਮਾਜ ਦੇ ਰਾਜਨੀਤਕ ਅਤੇ ਧਾਰਮਿਕ ਆਗੂਆਂ ਨੂੰ ਹੀ ਸਮਾਜ ਦੇ ਉਜਾੜੇ ਲਈ ਜ਼ਿੰਮੇਵਾਰ ਠਹਿਰਾਇਆ। ਜੇ ਗੁਰੂ ਸਾਹਿਬ ਕਰਮ ਸਿੱਧਾਂਤ ਨੂੰ ਮੰਨਦੇ ਤਾਂ ਲੋਕਾਈ ਨੂੰ ਦੋਸ਼ੀ ਮੰਨਦੇ ਕਿ ਉਨ੍ਹਾਂ ਨੇ ਪੂਰਬਲੇ ਜਨਮ ਵਿਚ ਮਾੜੇ ਕਰਮ ਕੀਤੇ ਸਨ, ਜਿਸ ਕਰਕੇ ਉਹ ਹੁਣ ਦੁਖ ਭੋਗ ਰਹੇ ਹਨ। ਉਨ੍ਹਾਂ ਨੇ ਕੋਈ ਐਸਾ ਖ਼ਿਆਲ ਗੁਰਬਾਣੀ ਅੰਦਰ ਪ੍ਰਗਟ ਨਹੀਂ ਕੀਤਾ। ਉਨ੍ਹਾਂ ਨੇ ਲੋਕਾਂ ਨੂੰ ਐਸ਼-ਪ੍ਰਸਤੀ ਵਾਲੇ ਜੀਵਨ ਵਿਚ ਗੁਆਚ ਕੇ ਰੱਬ ਨੂੰ ਭੁੱਲ ਜਾਣ ਨੂੰ ਮਾੜਾ ਜ਼ਰੂਰ ਕਿਹਾ ਹੈ। ਗੁਰੂ ਸਾਹਿਬ ਨੇ ਸਮਾਜ ਅੰਦਰ ਇਨਕਲਾਬ ਲਿਆਉਣ ਲਈ ਪ੍ਰੇਰਿਆ ਅਤੇ ਜਥੇਬੰਦ ਕੀਤਾ। ਜਾਤ-ਪਾਤ ਦੇ ਵਰਣ ਆਸ਼ਰਮ ਨੂੰ ਪੂਰਬਲੇ ਜਨਮਾਂ ਵਿਚ ਕੀਤੇ ਹੋਏ ਕਰਮਾਂ ਦਾ ਫਲ ਨਹੀਂ ਦੱਸਿਆ, ਸਗੋਂ ਜਾਤ-ਪਾਤ ਪ੍ਰਣਾਲੀ ਨੂੰ ਭੰਡਿਆ ਅਤੇ ਪੁਜਾਰੀ ਸ਼੍ਰੇਣੀ ਨੂੰ ਅਜਿਹੀਆਂ ਸਮਾਜਿਕ ਵੰਡੀਆਂ ਲਈ ਦੋਸ਼ੀ ਕਿਹਾ। ਬਾਬਰ ਦੇ ਜ਼ੁਲਮ ਦੀ ਵਿਰੋਧਤਾ ਕੀਤੀ ਤੇ ਉਸ ਦੀ ਫ਼ੌਜ ਨੂੰ 'ਪਾਪ ਕੀ ਜੰਞ' ਆਖਿਆ।

ਜਿਥੋਂ ਤਕ ਆਵਾਗਵਨ ਦਾ ਸਿੱਧਾਂਤ ਹੈ, ਇਹ ਸਿਰਫ਼ ਹਿੰਦੂ ਧਰਮ ਅੰਦਰ ਹੀ ਮਿਲਦਾ ਹੈ। ਇਸ ਸਿੱਧਾਂਤ ਦਾ ਆਧਾਰ ਆਤਮਾ ਦਾ ਅਮਰ ਹੋਣਾ ਹੈ। ਇਹ ਵੀ ਮੰਨਿਆ ਜਾਂਦਾ ਹੈ ਕਿ ਜਦੋਂ ਕੋਈ ਪ੍ਰਾਣੀ ਮਰਦਾ ਹੈ ਤਾਂ ਆਤਮਾ ਉਸ ਦੇ ਸਰੀਰ ਵਿੱਚੋਂ ਨਿਕਲ ਜਾਂਦੀ ਹੈ। ਉਹੀ ਆਤਮਾ ਕਿਸੇ ਹੋਰ ਸਰੀਰ ਵਿਚ ਪ੍ਰਵੇਸ਼ ਕਰਦੀ ਹੈ। ਆਤਮਾ ਦੀ ਅਮਰਤਾ ਬਾਰੇ ਸੰਸਾਰ ਦੇ ਹੋਰ ਧਰਮਾਂ ਅੰਦਰ ਵੀ ਵਿਸ਼ਵਾਸ ਹੈ, ਜਿਵੇਂ ਈਸਾਈ ਮਤ ਅਤੇ ਇਸਲਾਮ। ਉਹ ਸਮਝਦੇ ਹਨ ਕਿ ਰੋਜ਼ੇ ਹਸ਼ਰ ਅਤੇ ਜਜਮੈਂਟ-ਡੇ ਉੱਤੇ ਦਫ਼ਨਾਏ ਗਏ ਮੁਰਦਿਆਂ ਵਿਚ ਰੂਹਾਂ ਪ੍ਰਵੇਸ਼ ਕਰਨਗੀਆਂ। ਵਿਗਿਆਨ ਦੀ ਕਸਵੱਟੀ ਅਨੁਸਾਰ ਅਜਿਹਾ ਸੰਭਵ ਨਹੀਂ ਹੋ ਸਕਦਾ, ਪਰ ਇਹ ਧਾਰਮਿਕ ਵਿਸ਼ਵਾਸ ਹੈ। ਹਜ਼ਾਰਾਂ ਵਰ੍ਹਿਆਂ ਤੋਂ ਈਸਾਈ ਅਤੇ ਮੁਸਲਮਾਨ ਮੁਰਦੇ ਦੱਬ ਰਹੇ ਹਨ ਅਤੇ ਕਈ ਸ਼ਮਸ਼ਾਨਘਾਟਾਂ ਤੇ ਖੇਤੀਬਾੜੀ ਹੁੰਦੀ ਹੋਵੇਗੀ ਅਤੇ ਕਈ ਥਾਈਂ ਰਿਹਾਇਸ਼ੀ ਮਕਾਨ ਵੀ ਉਸਰ ਗਏ ਹੋਣਗੇ ਅਤੇ ਰੂਹਾਂ ਨੇ ਕਿਹੜੇ ਸਰੀਰਾਂ ਵਿਚ ਪ੍ਰਵੇਸ਼ ਕਰਨਾ ਹੈ ?

ਜਿਥੋਂ ਤਕ ਆਤਮਾ ਜਾਂ ਰੂਹ ਦੀ ਪਹਿਚਾਣ ਹੈ, ਇਹ ਵੀ ਵਿਗਿਆਨਕ ਕਸਵੱਟੀ ਅਨੁਸਾਰ ਸੰਭਵ ਨਹੀਂ। ਇਸ ਬਾਰੇ ਵੀ ਜ਼ਿਆਦਾਤਰ ਕਿਆਸ ਅਰਾਈਆਂ ਹਨ। ਗੁਰਬਾਣੀ ਅੰਦਰ ਆਤਮਾ ਨੂੰ ਵੱਖ-ਵੱਖ ਨਾਮ ਦਿੱਤੇ ਗਏ ਹਨ। ਗੁਰੂ ਸਾਹਿਬ ਆਤਮਾ ਨੂੰ ਜੋਤਿ ਨਾਲ ਵੀ ਸੰਬੋਧਨ ਕਰਦੇ ਹਨ :

ਮਨ ਤੂ ਜੋਤਿ ਸਰੂਪ ਹੈ ਆਪਣਾ ਮੂਲ ਪਛਾਣ ॥ *(ਪੰਨਾ 441)*

ਭਾਈ ਕਾਨ੍ਹ ਸਿੰਘ ਜੀ *ਮਹਾਨ ਕੋਸ਼* ਦੇ ਪੰਨਾ 98 ਉੱਤੇ ਲਿਖਦੇ ਹਨ ਕਿ "ਆਤਮਾ, ਜਿਸ ਦੁਆਰਾ ਜਾਣੀਏ, ਗਿਆਨ ਦਾ ਅਧਾਰ ਰੂਪ ਅਥਵਾ ਜਿਸ ਨੂੰ ਗੁਰ ਉਪਦੇਸ਼ ਅਤੇ ਉਤਮ ਗ੍ਰੰਥ ਤੋਂ ਜਾਣੀਏ। ਜੀਵਾਤਮਾ, ਰੂਹ ਇਹ ਪ੍ਰਾਣੀਆਂ ਵਿਚ ਤੱਤਵ ਹੈ ਜੋ ਅਨੇਕਾਂ ਚੇਸ਼ਟਾਂ ਦਾ ਕਾਰਨ ਹੈ, ਮਨੁੱਖਾਂ ਵਿਚ ਇਹ ਉਹ ਹਸਤੀ ਹੈ ਜਿਸ ਤੋਂ ਮੈ-ਮੇਰੀ ਦਾ ਬੋਧ ਹੁੰਦਾ ਹੈ।... ਆਤਮ-ਆਤਮਨ, ਸੰਗਿਆ—ਪਾਰਬ੍ਰਹਮ, ਵਾਹਿਗੁਰੂ, ਕਰਤਾਰ ਭਾਵ ਪਰਮਾਤਮਾ ਦੀ ਹੋਂਦ।

ਕਬੀਰ ਸਾਹਿਬ ਇਸ ਮਨੁੱਖ ਅੰਦਰ ਉਸ ਆਤਮ ਸ਼ਕਤੀ ਬਾਰੇ ਆਖਦੇ ਹਨ :

ਇਆ ਮੰਦਰ ਮਹਿ ਕੌਨ ਬਸਾਈ ॥
ਤਾ ਕਾ ਅੰਤੁ ਨ ਕੋਊ ਪਾਈ ॥ *(ਗੋਂਡ ਕਬੀਰ ਜੀ, ਪੰਨਾ 871)*

ਇਹ ਅਦ੍ਰਿਸ਼ਟ ਸ਼ਕਤੀ ਹੈ ਜੋ ਇਸ ਸਰੀਰ ਮੰਦਰ ਵਿਚ ਵਸਦੀ ਹੈ ਅਤੇ ਇਸ ਦਾ ਅੰਤ ਪਾਉਣਾ ਅਸੰਭਵ ਹੈ। ਇਸਦਾ ਭਾਵ ਇਹੀ ਹੈ ਕਿ ਇਹ ਆਤਮਾ ਇਕ ਸ਼ਕਤੀ ਹੈ, ਜਿਸ ਨੂੰ ਅਨੇਕਾਂ ਨਾਮ ਦਿੱਤੇ ਗਏ ਹਨ। ਗੁਰਮਤਿ ਅੰਦਰ ਇਕ ਗੱਲ ਸਪੱਸ਼ਟ ਕੀਤੀ ਗਈ ਹੈ ਕਿ ਜਦੋਂ ਪ੍ਰਾਣੀ ਦੀ ਮੌਤ ਹੁੰਦੀ ਹੈ ਤਾਂ ਸਾਰੇ ਤੱਤ ਮੁੜ ਕੁਦਰਤੀ ਤੱਤਾਂ ਵਿਚ ਵਾਪਸ ਮਿਲ ਜਾਂਦੇ ਹਨ ਅਤੇ ਇਸ ਪ੍ਰਥਾਇ ਇਕ ਸ਼ਬਦ ਹੈ :

ਪਵਨੈ ਮਹਿ ਪਵਨੁ ਸਮਾਇਆ ॥
ਜੋਤੀ ਮਹਿ ਜੋਤਿ ਰਲਿ ਜਾਇਆ ॥
ਮਾਟੀ ਮਾਟੀ ਹੋਈ ਏਕ ॥
ਰੋਵਨਹਾਰੇ ਕੀ ਕਵਨ ਟੇਕ ॥੧॥

ਕਉਨੁ ਮੂਆ ਰੇ ਕਉਨੁ ਮੂਆ ॥
ਬ੍ਰਹਮ ਗਿਆਨੀ ਮਿਲਿ ਕਰਹੁ ਬੀਚਾਰਾ ਇਹੁ ਤਉ ਚਲਤੁ ਭਇਆ ॥੧॥ਰਹਾਉ॥

(ਰਾਮਕਲੀ ਮਹਲਾ ੫, ਪੰਨਾ 885)

ਜਦੋਂ ਮਨੁੱਖ ਮਰਦਾ ਹੈ ਤਾਂ ਉਸ ਦੇ ਸਰੀਰ ਦੇ ਸਾਰੇ ਤੱਤ, ਕੁਦਰਤੀ ਤੱਤਾਂ ਵਿਚ ਵਾਪਸ ਸਮਾਅ ਜਾਂਦੇ ਹਨ। ਜੀਵ ਆਤਮਾ ਸਰਬ-ਵਿਆਪਕ ਜੋਤਿ ਨਾਲ ਮਿਲ ਜਾਂਦੀ ਹੈ ਅਤੇ ਰੋਣ ਵਾਲਾ ਭੁਲੇਖੇ ਦੇ ਕਾਰਨ ਰੋਂਦਾ ਹੈ। ਰਹਾਉ ਦੀਆਂ ਪੰਗਤੀਆਂ ਵਿਚ ਗੁਰੂ ਸਾਹਿਬ ਨੇ ਦਾਰਸ਼ਨਿਕ ਪ੍ਰਸ਼ਨ ਕੀਤਾ ਹੈ ਕਿ ਦੱਸੋ, ਕਉਨ ਮੂਆ ਹੈ? ਕਿਉਂਕਿ ਉਪਰੋਕਤ ਵਿਆਖਿਆ ਵਿਚ ਸਪੱਸ਼ਟ ਹੈ ਕਿ ਜਦੋਂ ਪ੍ਰਾਣੀ ਮਰਦਾ ਹੈ, ਉਸ ਦੇ ਸਮੂਹ ਤੱਤ ਮੁੜ ਤੱਤਾਂ ਵਿਚ ਮਿਲ ਜਾਂਦੇ ਹਨ ਅਤੇ ਕੋਈ ਜੀਵ ਆਤਮਾ ਦੁਬਾਰਾ ਜਨਮ ਨਹੀਂ ਲੈਂਦੀ।

ਇਸ ਬਾਰੇ ਵਧੇਰੇ ਸਪੱਸ਼ਟਤਾ ਲਈ ਗੁਰੂ ਨਾਨਕ ਸਾਹਿਬ ਜੀ ਦੇ ਬਚਨ ਹਨ:

ਇਕ ਦਝਹਿ ਇਕ ਦਬੀਅਹਿ ਇਕਨਾ ਕੁਤੇ ਖਾਹਿ ॥
ਇਕਿ ਪਾਣੀ ਵਿਚਿ ਉਸਟੀਅਹਿ ਇਕਿ ਭੀ ਫਿਰਿ ਹਸਣਿ ਪਾਹਿ ॥
ਨਾਨਕ ਏਵ ਨ ਜਾਪਈ ਕਿਥੈ ਜਾਇ ਸਮਾਹਿ ॥੨॥

(ਵਾਰ ਸੋਰਠਿ, ਮਹਲਾ ੧, ਪੰਨਾ 648)

ਮੌਤ ਉਪਰੰਤ ਕਈ ਲੋਕ ਆਪਣੇ ਧਾਰਮਿਕ ਵਿਸ਼ਵਾਸ ਜਾਂ ਸਭਿਆਚਾਰਕ ਪਰੰਪਰਾ ਅਨੁਸਾਰ ਮ੍ਰਿਤਕ ਸਰੀਰ ਨੂੰ ਸਾੜ ਦਿੰਦੇ ਹਨ, ਕੁਝ ਦਫ਼ਨਾ ਦਿੰਦੇ ਹਨ, ਕੁਝ ਲੋਕ ਸਰੀਰ ਜਾਨਵਰਾਂ ਦੇ ਖਾਣ ਲਈ ਰੱਖਦੇ ਹਨ, ਕਈ ਮ੍ਰਿਤਕ ਸਰੀਰਾਂ ਨੂੰ ਜਲ-ਪ੍ਰਵਾਹ ਕਰ ਦਿੰਦੇ ਹਨ, ਕੁਝ ਲੋਕ ਮ੍ਰਿਤਕਾਂ ਨੂੰ ਵਿਸ਼ੇਸ਼ ਬਣੇ ਖੂਹਾਂ ਵਿਚ ਲਟਕਾ ਦਿੰਦੇ ਹਨ। ਆਖ਼ਰ ਗੁਰੂ ਸਾਹਿਬ ਆਖਦੇ ਹਨ, ਇਹ ਨਹੀਂ ਪਤਾ ਕਿ ਉਪਰੋਕਤ ਵੱਖ-ਵੱਖ ਕਿਰਿਆਵਾਂ ਜਾਂ ਸੰਸਕਾਰਾਂ ਨੂੰ ਕਰਨ ਉਪਰੰਤ ਆਤਮਾ ਕਿਥੇ ਚਲੇ ਜਾਂਦੀ ਹੈ? ਭਾਵ ਆਤਮਾ ਬਾਰੇ ਕੋਈ ਭੇਤ ਨਹੀਂ ਪਾਇਆ ਜਾ ਸਕਦਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਗਉੜੀ ਗੁਆਰੇਰੀ ਰਾਗ ਵਿਚ ਗੁਰੂ ਅਰਜਨ ਸਾਹਿਬ ਦਾ ਇਕ ਸ਼ਬਦ ਹੈ, ਜਿਸ ਨੂੰ ਆਧਾਰ ਬਣਾ ਕੇ, ਇਹ ਮੰਨਿਆ ਜਾਂਦਾ ਹੈ ਕਿ ਸਿੱਖ ਧਰਮ ਆਵਾਗਵਨ ਨੂੰ ਮੰਨਦਾ ਹੈ:

ਕਈ ਜਨਮ ਭਏ ਕੀਟ ਪਤੰਗਾ ॥
ਕਈ ਜਨਮ ਗਜ ਮੀਨ ਕੁਰੰਗਾ ॥
ਕਈ ਜਨਮ ਪੰਖੀ ਸਰਪ ਹੋਇਓ ॥
ਕਈ ਜਨਮ ਹੈਵਰ ਬ੍ਰਿਖ ਜੋਇਓ ॥੧॥
ਮਿਲੁ ਜਗਦੀਸ ਮਿਲਨ ਕੀ ਬਰੀਆ ॥
ਚਿਰੰਕਾਲ ਇਹ ਦੇਹ ਸੰਜਰੀਆ ॥੧॥ਰਹਾਉ॥
ਕਈ ਜਨਮ ਸੈਲ ਗਿਰਿ ਕਰਿਆ ॥
ਕਈ ਜਨਮ ਗਰਭ ਹਿਰਿ ਖਰਿਆ ॥...

ਜੋ ਕਿਛੁ ਹੋਆ ਸੁ ਤੁਝ ਤੇ ਹੋਗੁ ॥
ਅਵਰੁ ਨ ਦੂਜਾ ਕਰਣੈ ਜੋਗੁ ॥
ਤਾ ਮਿਲੀਐ ਜਾ ਲੈਹਿ ਮਿਲਾਇ ॥
ਕਹੁ ਨਾਨਕ ਹਰਿ ਹਰਿ ਗੁਣ ਗਾਇ ॥੪॥੩॥੭੨॥

(ਗਉੜੀ ਗੁਆਰੇਰੀ ਮਹਲਾ ੫, ਪੰਨਾ 176)

ਰਹਾਉ ਦੀਆਂ ਤੁਕਾਂ ਵਿਚ ਗੁਰੂ ਸਾਹਿਬ ਉਪਦੇਸ਼ ਦੇ ਰਹੇ ਹਨ ਕਿ ਇਹ ਮਨੁੱਖਾ ਜਨਮ ਸੌਖੇ ਨਹੀਂ ਮਿਲਦਾ, ਭਾਵ ਦੇਰੀ ਬਾਅਦ ਨਸੀਬ ਹੁੰਦਾ ਹੈ। ਮਨੁੱਖਾ ਜੀਵਨ ਅਮੋਲ ਹੈ ਅਤੇ ਇਸ ਜੀਵਨ ਦਾ ਲਾਹਾ ਖੱਟੀਏ ਅਤੇ ਪਰਮਾਤਮਾ ਨਾਲ ਅਭੇਦ ਹੋਣ ਦਾ ਸ਼ੁਭ ਮੌਕਾ ਹੈ। ਜਿਥੋਂ ਤਕ ਉਹ ਵੱਖ-ਵੱਖ ਜਨਮਾਂ ਦੀ ਗੱਲ ਕਰਦੇ ਹਨ, ਉਸ ਦਾ ਭਾਵ ਹੈ ਕਿ ਸੰਸਾਰ ਅੰਦਰ ਅਣਗਿਣਤ ਜੂਨੀਆਂ ਹਨ, ਪਰ ਸਭ ਤੋਂ ਉੱਤਮ ਮਨੁੱਖਾ ਜਨਮ ਹੈ। ਕਬੀਰ ਜੀ ਦੇ ਬੋਲ ਹਨ:

ਕਵਨ ਕਾਜ ਸਿਰਜੇ ਜਗ ਭੀਤਰਿ ਜਨਮਿ ਕਵਨ ਫਲੁ ਪਾਇਆ ॥
ਭਵ ਨਿਧਿ ਤਰਨ ਤਾਰਨ ਚਿੰਤਾਮਨਿ ਇਕ ਨਿਮਖ ਨ ਇਹੁ ਮਨੁ ਲਾਇਆ ॥੧॥
ਗੋਬਿੰਦ ਹਮ ਐਸੇ ਅਪਰਾਧੀ ॥
ਜਿਨਿ ਪ੍ਰਭਿ ਜੀਉ ਪਿੰਡੁ ਥਾ ਦੀਆ ਤਿਸ ਕੀ ਭਾਉ ਭਗਤਿ ਨਹੀ ਸਾਧੀ ॥੧॥ਰਹਾਉ॥
ਪਰ ਧਨ ਪਰ ਤਨ ਪਰ ਤੀ ਨਿੰਦਾ ਪਰ ਅਪਬਾਦੁ ਨ ਛੂਟੈ ॥
ਆਵਾ ਗਵਨੁ ਹੋਤੁ ਹੈ ਫੁਨਿ ਫੁਨਿ ਇਹੁ ਪਰਸੰਗੁ ਨ ਤੂਟੈ ॥੨॥

(ਰਾਮਕਲੀ ਕਬੀਰ ਜੀ, ਪੰਨੇ 970-71)

ਸ਼ਬਦ ਦੀਆਂ ਰਹਾਉ ਦੀਆਂ ਤੁਕਾਂ ਅੰਦਰ ਪ੍ਰੇਰਣਾ ਹੈ ਕਿ ਉਸ ਪਰਮਾਤਮਾ ਦੀ ਬੰਦਗੀ ਕਰੀਏ, ਜਿਸ ਨੇ ਇਹ ਸੁੰਦਰ ਕਾਇਆ ਦਿੱਤੀ, ਜੇਕਰ ਅਸੀਂ ਉਸ ਪਰਮਾਤਮਾ ਨੂੰ ਯਾਦ ਨਹੀਂ ਕਰਾਂਗੇ ਤਾਂ ਅਪਰਾਧੀ ਹੋਵਾਂਗੇ। ਜਿਥੋਂ ਤਕ ਆਵਾਗਵਨ ਸੰਬੰਧੀ ਸ਼ਬਦਾਵਲੀ ਦਾ ਪ੍ਰਯੋਗ ਹੈ, ਉਹ ਸਮੇਂ ਅਨੁਸਾਰ ਬਤੌਰ ਸਿੱਖਿਆ ਦੇ ਮਾਧਿਅਮ ਵਜੋਂ ਢੁੱਕਵੀਂ ਸੀ ਕਿਉਂਕਿ ਲੋਕ ਧਾਰਾ ਅੰਦਰ ਵਿਸ਼ਵਾਸ ਸੀ ਕਿ ਜਨਮ-ਮਰਨ ਜਾਂ ਆਵਾਗਵਨ ਹੁੰਦਾ ਹੈ, ਸਾਨੂੰ ਰਹਾਉ ਦੀਆਂ ਪੰਗਤੀਆਂ ਨੂੰ ਆਧਾਰ ਬਣਾ ਕੇ ਨਿਰਣੈ ਕਰਨਾ ਪਵੇਗਾ ਕਿ ਇਨ੍ਹਾਂ ਸ਼ਬਦਾਂ ਦੇ ਭਾਵ-ਅਰਥ ਕਿਵੇਂ ਕਰਨੇ ਹਨ?

ਕਬੀਰ ਜੀ ਦਾ ਇਕ ਰਾਗ ਮਾਰੂ ਵਿਚ ਸ਼ਬਦ ਹੈ, ਜਿਸ ਦੀਆਂ ਰਹਾਉ ਦੀਆਂ ਪੰਗਤੀਆਂ ਹਨ:

ਬਹੁਰਿ ਹਮ ਕਾਹੇ ਆਵਹਿਗੇ ॥
ਆਵਨ ਜਾਨਾ ਹੁਕਮੁ ਤਿਸੈ ਕਾ ਹੁਕਮੈ ਬੁਝਿ ਸਮਾਵਹਿਗੇ ॥

(ਰਾਗੁ ਮਾਰੂ ਕਬੀਰ ਜੀ, ਪੰਨਾ 1103)

ਕਬੀਰ ਜੀ ਆਖਦੇ ਹਨ ਕਿ ਮੈਂ ਜਨਮ ਮਰਨ ਦੇ ਚੱਕਰ ਵਿਚ ਨਹੀਂ ਪਵਾਂਗਾ। ਇਹ ਜਨਮ ਮਰਨ ਦਾ ਗੇੜ ਪ੍ਰਭੂ ਦੀ ਰਜ਼ਾ ਅਨੁਸਾਰ ਹੀ ਹੈ ਤੇ ਮੈਂ ਉਸ ਰਜ਼ਾ ਨੂੰ ਸਮਝ ਕੇ ਲੀਨ ਹੋ ਗਿਆ ਹਾਂ। ਅਖ਼ਰੀਲੀਆਂ ਪੰਗਤੀਆਂ ਅੰਦਰ ਹੋਰ ਸਪੱਸ਼ਟ ਕਰਦੇ ਹਨ:

ਜੀਵਤ ਮਰਹੁ ਮਰਹੁ ਫੁਨਿ ਜੀਵਹੁ, ਪੁਨਰਪਿ ਜਨਮ ਨ ਹੋਈ॥
ਕਹੁ ਕਬੀਰ ਜੋ ਨਾਮਿ ਸਮਾਨੇ ਸੁੰਨ ਰਹਿਆ ਲਿਵ ਸੋਈ॥

(ਰਾਗੁ ਮਾਰੂ ਕਬੀਰ ਜੀ, ਪੰਨਾ 1104)

ਹੇ ਭਾਈ ਗ੍ਰਿਹਸਤ ਵਿਚ ਰਹਿੰਦੇ ਹੋਏ ਹੀ ਵਿਕਾਰਾਂ ਵੱਲੋਂ ਮਰੋ। ਜਦੋਂ ਇਸ ਤਰ੍ਹਾਂ ਮਰੋਗੇ ਤਾਂ ਆਤਮਕ ਜੀਵਨ ਵਾਲੇ ਪਾਸੇ ਜੀਊ ਪਵੋਗੇ। ਫਿਰ ਕਦੀ ਵੀ ਜਨਮ ਮਰਨ ਦਾ ਗੇੜ ਨਹੀਂ ਹੋਵੇਗਾ। ਕਬੀਰ ਆਖ—ਜੋ ਪ੍ਰਭੂ ਦੇ ਨਾਮ ਵਿਚ ਲੀਨ ਹੁੰਦਾ ਹੈ ਉਹ ਅਫੁਰ ਪ੍ਰਭੂ ਵਿਚ ਸੁਰਤਿ ਜੋੜੀ ਰੱਖਦਾ ਹੈ।

ਜਿਵੇਂ ਪਹਿਲਾਂ ਪੰਚਮ ਪਾਤਸ਼ਾਹ ਦੇ ਦੋ ਸ਼ਬਦਾਂ ਅੰਦਰ ਤੇ ਕਬੀਰ ਜੀ ਦੇ ਸ਼ਬਦ ਅੰਦਰ ਮਨੁੱਖ ਨੂੰ ਦ੍ਰਿੜ੍ਹ ਕਰਾਇਆ ਹੈ ਕਿ ਪਰਮਾਤਮਾ ਨੂੰ ਸੱਚੇ ਦਿਲੋਂ ਯਾਦ ਕਰ ਕਿਉਂਕਿ ਮਨੁੱਖਾ ਦੇਹੀ ਅਮੋਲ ਹੈ। ਇਸ ਮਾਰੂ ਰਾਗ ਦੇ ਸ਼ਬਦ ਅੰਦਰ ਕਬੀਰ ਜੀ ਨੇ ਆਵਾਗਵਨ ਦੇ ਪ੍ਰਚੱਲਿਤ ਵਿਸ਼ਵਾਸ ਦੀ ਚਰਚਾ ਕੀਤੀ ਹੈ, ਪਰ ਨਾਲ ਸਪੱਸ਼ਟ ਕਰ ਦਿੱਤਾ ਕਿ ਮੈਂ ਜਨਮ ਮਰਨ ਦੇ ਚੱਕਰ ਵਿਚ ਨਹੀਂ ਪਵਾਂਗਾ ਕਿਉਂਕਿ ਮੈਂ ਪ੍ਰਭੂ ਦੇ ਹੁਕਮ ਵਿਚ ਹਾਂ। ਦੂਸਰਾ ਲੋਕਾਈ ਨੂੰ ਵੀ ਇਹੀ ਸੰਦੇਸ਼ ਦਿੰਦੇ ਹਨ ਕਿ ਜੋ ਪ੍ਰਾਣੀ ਵਿਕਾਰਾਂ ਤੋਂ ਮੁਕਤ ਹੋਵੇਗਾ, ਉਹ ਜਨਮ ਮਰਨ ਤੋਂ ਵੀ ਮੁਕਤ ਹੋ ਜਾਵੇਗਾ।

ਰਾਗ ਪ੍ਰਭਾਤੀ ਵਿਚ ਗੁਰੂ ਨਾਨਕ ਪਾਤਸ਼ਾਹ ਦਾ ਸੰਸਾਰ ਅੰਦਰ ਪ੍ਰਭੂ ਦੀ ਸਿਰਜੀ ਰਚਨਾ ਦਾ ਬਹੁਤ ਸੁੰਦਰ ਅਲੰਕਾਰਾਂ ਨਾਲ ਜ਼ਿਕਰ ਕੀਤਾ ਗਿਆ ਹੈ :

ਆਵਤੁ ਕਿਨੈ ਨ ਰਾਖਿਆ ਜਾਵਤੁ ਕਿਉ ਰਾਖਿਆ ਜਾਇ॥
ਜਿਸ ਤੇ ਹੋਆ ਸੋਈ ਪਰੁ ਜਾਣੈ ਜਾਂ ਉਸ ਹੀ ਮਾਹਿ ਸਮਾਇ॥੧॥
ਤੂਹੈ ਹੈ ਵਾਹੁ ਤੇਰੀ ਰਜਾਇ॥
ਜੋ ਕਿਛੁ ਕਰਹਿ ਸੋਈ ਪਰੁ ਹੋਇਬਾ ਅਵਰੁ ਨ ਕਰਣਾ ਜਾਇ॥੧॥ਰਹਾਉ॥
ਜੈਸੇ ਹਰਹਟ ਕੀ ਮਾਲਾ ਟਿੰਡ ਲਗਤ ਹੈ ਇਕ ਸਖਨੀ ਹੋਰ ਫੇਰ ਭਰੀਅਤ ਹੈ॥
ਤੈਸੋ ਹੀ ਇਹੁ ਖੇਲੁ ਖਸਮ ਕਾ ਜਿਉ ਉਸ ਕੀ ਵਡਿਆਈ॥੨॥
ਸੁਰਤੀ ਕੈ ਮਾਰਗਿ ਚਲਿ ਕੈ ਉਲਟੀ ਨਦਰਿ ਪ੍ਰਗਾਸੀ॥
ਮਨਿ ਵੀਚਾਰਿ ਦੇਖੁ ਬ੍ਰਹਮ ਗਿਆਨੀ ਕਉਨੁ ਗਿਰਹੀ ਕਉਨੁ ਉਦਾਸੀ॥੩॥
ਜਿਸ ਕੀ ਆਸਾ ਤਿਸ ਹੀ ਸਉਪਿ ਕੈ ਏਹੁ ਰਹਿਆ ਨਿਰਬਾਣੁ॥
ਜਿਸ ਤੇ ਹੋਆ ਸੋਈ ਕਰਿ ਮਾਨਿਆ ਨਾਨਕ ਗਿਰਹੀ ਉਦਾਸੀ ਸੋ ਪਰਵਾਣੁ॥੪॥੮॥

(ਪ੍ਰਭਾਤੀ ਮਹਲਾ ੧, ਪੰਨਾ 1329)

ਰਹਾਉ ਦੀਆਂ ਪੰਗਤੀਆਂ ਅੰਦਰ ਸ਼ਬਦ ਦਾ ਸਮੁੱਚਾ ਭਾਵ ਹੈ, ਗੁਰੂ ਸਾਹਿਬ ਆਖ ਰਹੇ ਹਨ—ਹੇ ਪ੍ਰਭੂ ! ਤੂੰ ਆਪ ਹੀ ਹੈਂ ਅਤੇ ਤੂੰ ਆਪਣੀ ਰਜ਼ਾ ਅਨੁਸਾਰ ਸ੍ਰਿਸ਼ਟੀ ਸਾਜੀ ਹੈ। ਤੇਰੀ ਰਜ਼ਾ ਵੀ ਅਸਚਰਜ ਹੈ ਅਤੇ ਜੀਵਾਂ ਦੀ ਸਮਝ ਤੋਂ ਪਰ੍ਹੇ ਹੈ। ਹੇ ਪ੍ਰਭੂ ! ਜੋ ਕੁਝ ਤੂੰ ਕਰਦਾ ਹੈਂ, ਜ਼ਰੂਰ ਉਹੀ ਕੁਝ ਵਾਪਰਦਾ ਹੈ, ਤੇਰੀ ਰਜ਼ਾ ਦੇ ਉਲਟ ਕਿਸੇ ਜੀਵ ਪਾਸੋਂ ਕੁਝ ਨਹੀਂ ਕੀਤਾ ਜਾ ਸਕਦਾ।

ਗੁਰੂ ਸਾਹਿਬ ਨੇ ਸੰਸਾਰ ਅੰਦਰ ਜਗਤ ਰਚਨਾ ਨੂੰ ਖੂਹ ਦੀਆਂ ਟਿੰਡਾਂ ਦਾ ਦ੍ਰਿਸ਼ਟਾਂਤ ਦੇ ਕੇ ਚਿਤਰਿਆ ਹੈ ਕਿ ਜਿਵੇਂ ਖੂਹ ਦੀਆਂ ਟਿੰਡਾਂ ਭਰਦੀਆਂ ਹਨ, ਫਿਰ

ਖ਼ਾਲੀ ਹੋ ਜਾਂਦੀਆਂ ਹਨ, ਫਿਰ ਭਰ ਜਾਂਦੀਆਂ ਹਨ। ਉਸ ਤਰ੍ਹਾਂ ਸੰਸਾਰ ਅੰਦਰ ਲੋਕ ਜੰਮਦੇ ਹਨ, ਮਰਦੇ ਹਨ ਅਤੇ ਪਰਮਾਤਮਾ ਦੀ ਰਜ਼ਾ ਨਾਲ ਜਗਤ ਤਮਾਸ਼ਾ ਹੋ ਰਿਹਾ ਹੈ। ਕਈ ਲੋਕ ਇਸ ਦ੍ਰਿਸ਼ਟਾਂਤ ਨੂੰ ਆਵਾਗਵਨ ਦੇ ਸਿੱਧਾਂਤ ਲਈ ਵਰਤਿਆ ਸਮਝ ਲੈਂਦੇ ਹਨ ਜੋ ਕਿ ਹੈ ਨਹੀਂ।

ਜਿਵੇਂ ਪਹਿਲਾਂ ਪੰਚਮ ਪਾਤਿਸ਼ਾਹ ਜੀ ਦੇ ਰਾਗ ਗਉੜੀ ਵਿਚ ਲਿਖੇ ਸ਼ਬਦ ਅੰਦਰ ਵੱਖ-ਵੱਖ ਜੂਨੀਆਂ ਦੀ ਚਰਚਾ ਕਰਦੇ ਹਨ ਅਤੇ ਰਹਾਉ ਦੀਆਂ ਤੁਕਾਂ ਵਿਚ ਮੁੱਖ ਸੰਦੇਸ਼ ਮਨੁੱਖ ਲਈ ਹੈ ਕਿ ਇਹ ਮਾਨਸ ਜਨਮ ਅਮੋਲਕ ਹੈ ਤੇ ਸ਼ੁਭ ਕਰਮਾਂ ਕਰਕੇ ਜੀਵਨ ਸਫਲ ਹੋ ਸਕਦਾ ਹੈ, ਪਰਮਾਤਮਾ ਨਾਲ ਅਭੇਦ ਹੋਣ ਦਾ ਮੌਕਾ ਹੈ। ਜੇਕਰ ਅਸੀਂ ਹਿੰਦੂ ਧਰਮ ਦੇ ਕਰਮ ਸਿੱਧਾਂਤ ਜਾਂ ਆਵਾਗਵਨ ਨੂੰ ਮੰਨੀਏ ਤਾਂ ਸ਼ੁਭ ਕਰਮ ਕਰਨ ਦੀ ਪ੍ਰੇਰਨਾ ਦੀ ਕੋਈ ਲੋੜ ਨਹੀਂ, ਕਿਉਂਕਿ ਸਾਡੇ ਪੂਰਬਲੇ ਜਨਮਾਂ ਵਿਚ ਕੀਤੇ ਕਰਮਾਂ ਦਾ ਫਲ ਵਰਤਮਾਨ ਵਿਚ ਭੋਗ ਹੀ ਲੈਣੇ ਹਨ। ਗੁਰਮਤਿ ਵਿਚ ਮਨੁੱਖ ਨੂੰ ਸਚਿਆਰ ਬਣਨ ਲਈ ਵਾਰ ਵਾਰ ਪ੍ਰੇਰਨਾ ਕੀਤੀ ਗਈ ਹੈ ਅਤੇ ਜੋ ਮਨੁੱਖ ਗੁਰੂ ਦੇ ਉਪਦੇਸ਼ ਅਨੁਸਾਰ ਜੀਵਨ-ਜਾਚ ਨਹੀਂ ਅਪਨਾਉਂਦੇ, ਉਹ ਇਸ ਜੀਵਨ ਵਿਚ ਹੀ ਮਾੜੀਆਂ ਜੂਨਾਂ ਭੋਗ ਰਹੇ ਹਨ। ਜਿਵੇਂ ਕਬੀਰ ਜੀ ਮਾਰੂ ਰਾਗ ਅੰਦਰ ਆਖ ਰਹੇ ਹਨ:

ਸਾਧਸੰਗਤਿ ਕਬਹੂ ਨਹੀ ਕੀਨੀ ਰਚਿਓ ਧੰਧੈ ਝੂਠ ॥
ਸੁਆਨ ਸੂਕਰ ਬਾਇਸ ਜਿਵੈ ਭਟਕਤੁ ਚਾਲਿਓ ਊਠਿ ॥੧॥

(ਮਾਰੂ ਕਬੀਰ ਜੀ, ਪੰਨਾ 1105)

ਅਸੀਂ ਗ਼ਲਤ ਕੰਮਾਂ 'ਚ ਉਰਝ ਕੇ ਕੁੱਤੇ, ਸੂਰ ਤੇ ਕਾਂ ਦੀਆਂ ਜੂਨਾਂ ਭੋਗ ਕੇ ਭਟਕਦੇ ਹੋਏ ਇਥੋਂ ਚਲੇ ਜਾਣਾ ਹੈ, ਜੇਕਰ ਗੁਰ-ਉਪਦੇਸ਼ ਤੋਂ ਹੀਣੇ ਹਾਂ।

ਪੰਚਮ ਪਾਤਸ਼ਾਹ ਬਹੁਤ ਸੁੰਦਰ ਬਚਨ ਫ਼ੁਰਮਾ ਰਹੇ ਹਨ:

ਗੁਰ ਮੰਤ੍ਰ ਹੀਣਸ੍ਯ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ ॥
ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ ॥੩੩॥

(ਸਲੋਕ ਸਹਸਕ੍ਰਿਤੀ ਮਹਲਾ ੫, ਪੰਨਾ 1356)

ਇਥੇ ਵੀ ਕਬੀਰ ਜੀ ਦੇ ਬਚਨਾਂ ਨਾਲ ਮਿਲਦੇ-ਜੁਲਦੇ ਵਿਚਾਰ ਹਨ ਕਿ ਗੁਰ-ਉਪਦੇਸ਼ਾਂ ਤੋਂ ਸੱਖਣਾ ਵਿਅਕਤੀ ਦਾ ਜੀਵਨ ਕੁੱਤੇ, ਸੂਰ, ਖੋਤੇ, ਕਾਂ ਅਤੇ ਸੱਪਾਂ ਬਰਾਬਰ ਹੀ ਸਮਝੋ। ਹੋਰ ਬਚਨ ਹਨ:

ਜੋ ਨ ਸੁਨਹਿ ਜਸੁ ਪਰਮਾਨੰਦਾ ॥
ਪਸੁ ਪੰਖੀ ਤ੍ਰਿਗਦ ਜੋਨਿ ਤੇ ਮੰਦਾ ॥੩॥ *(ਗਉੜੀ ਮਹਲਾ ੫, ਪੰਨਾ 188)*

ਭਾਵ ਰੱਬੀ ਉਪਦੇਸ਼ਾਂ ਤੋਂ ਹੀਣਾ ਵਿਅਕਤੀ ਤਾਂ ਪਸ਼ੂ-ਪੰਛੀ ਤੇ ਟੇਢੇ ਚੱਲਣ ਵਾਲੇ ਜੂਨੀਆਂ ਤੋਂ ਵੀ ਭੈੜਾ ਹੈ।

ਸਾਨੂੰ ਗੁਰ-ਉਪਦੇਸ਼ਾਂ ਦੁਆਰਾ ਦ੍ਰਿੜ੍ਹ ਕਰਾਇਆ ਜਾਂਦਾ ਹੈ ਕਿ:

ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ ॥
ਸਤਿਗੁਰੂ ਕਾ ਉਪਦੇਸੁ ਸੁਣਿ ਤੂ ਹੋਵੈ ਤੇਰੈ ਨਾਲੇ ॥
ਕਹੈ ਨਾਨਕੁ ਮਨ ਪਿਆਰੇ ਤੂ ਸਦਾ ਸਚੁ ਸਮਾਲੇ ॥੧੧॥

(ਰਾਮਕਲੀ ਮ: ੩ ਅਨੰਦੁ, ਪੰਨਾ 918)

ਆਸਾ ਰਾਗ ਦੇ ਇਕ ਹੋਰ ਸ਼ਬਦ ਅੰਦਰ ਗੁਰੂ ਅਰਜਨ ਸਾਹਿਬ ਫ਼ੁਰਮਾ ਰਹੇ ਹਨ ਕਿ :

ਭਈ ਪਰਾਪਤਿ ਮਾਨੁਖ ਦੇਹੁਰੀਆ ॥
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥
ਅਵਰਿ ਕਾਜ ਤੇਰੈ ਕਿਤੈ ਨ ਕਾਮ ॥
ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥੧॥ *(ਆਸਾ ਮਹਲਾ ੫, ਪੰਨਾ 12)*

ਭਾਵ ਮਨੁੱਖਾ ਜੀਵਨ ਅੰਦਰ ਪ੍ਰਭੂ-ਮਿਲਾਪ ਲਈ ਸ਼ੁਭ ਮੌਕਾ ਹੈ ਅਤੇ ਜੇਕਰ ਹਰ ਮਨੁੱਖ ਸ਼ੁਭ ਕਰਮ ਕਰਨ ਲਈ ਜਤਨਸ਼ੀਲ ਹੋਵੇ ਤਾਂ ਜੀਵਨ-ਮੁਕਤ ਹੋਣਾ ਵੀ ਸੰਭਵ ਹੈ।

ਗੁਰਬਾਨੀ ਅੰਦਰ ਚਾਰ ਜੁੱਗਾਂ ਦੀ ਚਰਚਾ ਹੈ, ਗੁਰੂ ਸਾਹਿਬ ਨੇ ਜੁੱਗਾਂ ਦੀ ਵਿਆਖਿਆ ਕਰ ਕੇ ਸਪੱਸ਼ਟ ਕਰ ਦਿੱਤਾ ਕਿ ਉਹ ਪੁਰਾਤਨ ਜੁੱਗ ਵੰਡ ਨੂੰ ਨਹੀਂ ਮੰਨਦੇ। 84 ਲੱਖ ਜੂਨਾਂ ਅਤੇ ਹਿੰਦੂ ਮਿਥਿਹਾਸ ਦੀਆਂ ਕਹਾਣੀਆਂ ਅੰਦਰ ਅਨੇਕਾਂ ਰਿਸ਼ੀਆਂ, ਦੇਵਤਿਆਂ ਜਾਂ ਰਾਜਕੁਮਾਰਾਂ ਦੇ ਦ੍ਰਿਸ਼ਟਾਂਤ ਮਿਲਦੇ ਹਨ। ਇਸ ਤੋਂ ਅਸੀਂ ਇਹ ਭਾਵ ਨਹੀਂ ਲੈ ਸਕਦੇ ਕਿ ਗੁਰਮਤਿ 84 ਲੱਖ ਜੂਨੀਆਂ ਜਾਂ ਮਿਥਿਹਾਸਕ ਕਹਾਣੀਆਂ ਅਤੇ ਉਨ੍ਹਾਂ ਦੇ ਪਾਤਰਾਂ ਨੂੰ ਸੱਚ ਮੰਨਦੀ ਹੈ। ਭਗਤਾਂ ਨੇ ਵੀ ਹਿੰਦੂ ਧਰਮ ਦੀਆਂ ਅਨੇਕਾਂ ਮਿਥਿਹਾਸਕ ਕਹਾਣੀਆਂ ਨੂੰ ਵਿਅੰਗਮਈ ਤਰੀਕੇ ਨਾਲ ਰੱਦ ਕਰ ਦਿੱਤਾ ਹੈ। ਗੁਰੂ ਸਾਹਿਬਾਨ ਨੇ ਮਿਥਿਹਾਸਕ ਪਾਤਰਾਂ ਨੂੰ ਬਤੌਰ ਅਲੰਕਾਰ ਵਰਤਿਆ ਹੈ ਅਤੇ ਉਸ ਸਮੇਂ ਲੋਕਾਈ, ਇਨ੍ਹਾਂ ਪੁਰਾਤਨ ਕਹਾਣੀਆਂ ਨੂੰ ਪੂਰੀ ਤਰ੍ਹਾਂ ਸਮਝਦੇ ਸਨ ਅਤੇ ਉਨ੍ਹਾਂ ਨੂੰ ਉਪਦੇਸ਼ ਕਰਨ ਲਈ ਉਹੋ ਜਿਹੀ ਬੋਲੀ ਨੂੰ ਬਤੌਰ ਮਾਧਿਅਮ ਵਰਤਣਾ ਜ਼ਰੂਰੀ ਸੀ।

ਇਸ ਤਰ੍ਹਾਂ ਹੀ ਆਵਾਗਵਨ, ਜਨਮ ਮਰਨ ਬਾਰੇ ਲੋਕਾਂ ਅੰਦਰ ਪ੍ਰਚੱਲਿਤ ਵਿਸ਼ਵਾਸ ਨੂੰ ਗੁਰੂ ਸਾਹਿਬਾਨ ਨੇ ਬਾਣੀ ਵਿਚ ਪ੍ਰਯੋਗ ਕੀਤਾ ਹੈ। ਸਾਨੂੰ ਗੁਰਮਤਿ ਸਿਧਾਂਤਾਂ ਦੀ ਵਿਲੱਖਣਤਾ ਅਤੇ ਪ੍ਰਭੂ-ਸੱਤਾ ਬਾਰੇ ਗੌਰਵਤਾ ਹੋਣੀ ਚਾਹੀਦੀ ਹੈ। ਇਸ ਪ੍ਰਤੀ ਕੋਈ ਦੋ ਰਾਵਾਂ ਨਹੀਂ ਕਿ ਗੁਰੂ ਸਾਹਿਬਾਨ ਅਤੇ ਭਗਤਾਂ ਨੇ ਲੋਕਾਂ ਦੇ ਵਿਸ਼ਵਾਸ ਅਤੇ ਲੋਕਧਾਰਾ ਦੀ ਪ੍ਰਚੱਲਿਤ ਸ਼ਬਦਾਵਲੀ ਦੀ ਖੁੱਲ੍ਹ ਕੇ ਵਰਤੋਂ ਕੀਤੀ ਹੈ, ਪਰ ਇਹ ਸਿਰਫ਼ ਲੋਕਾਈ ਨੂੰ ਉਪਦੇਸ਼ ਕਰਨ ਲਈ ਸੀ। ਜਿਵੇਂ ਨਰਕ/ਸੁਰਗ, ਦੋਜ਼ਖ/ਬਹਿਸ਼ਤ, ਪੁਨਰ ਜਨਮ, ਆਵਾਗਵਨ, ਚਿਤਰ ਗੁਪਤ, ਧਰਮਰਾਜ, ਅਜ਼ਰਾਈਲ, ਸਚਖੰਡ, ਬੈਕੁੰਠ, ਤੀਰਥ, ਜਮਦੂਤ, ਆਤਮਾ, ਰੂਹ ਆਦਿ, ਪਰ ਇਨ੍ਹਾਂ ਦੇ ਭਾਵ-ਅਰਥ ਗੁਰਮਤਿ ਦੇ ਪ੍ਰਸੰਗ ਵਿਚ ਵੱਖਰੇ ਹਨ। ਗੁਰਮਤਿ ਦੀਆਂ ਪੁਸਤਕਾਂ ਅੰਦਰ ਵਿਦਵਾਨਾਂ ਵੱਲੋਂ ਪ੍ਰਵਾਨ ਕੀਤਾ ਜਾਂਦਾ ਹੈ ਕਿ "ਭਿਸ਼ਤ-ਦੋਜ਼ਖ, ਨਰਕ/ਸੁਰਗ ਜਿਥੇ ਜਾ ਕੇ ਜੀਵ

ਆਪਣੇ ਕਰਮਾਂ ਦਾ ਫਲ ਭੋਗਣਗੇ ਅਰਥਾਤ ਸੁਰਗਾਂ ਵਿਚ ਅਨੰਦ ਲੈਣਗੇ ਤੇ ਨਰਕਾਂ ਵਿਚ ਕੋਹਲੂ ਰਾਹੀਂ ਪੀੜੇ ਜਾਣਗੇ, ਅਜਿਹੀਆਂ ਮੌਜਾਂ ਜਾਂ ਦੁੱਖਾਂ ਦੀਆਂ ਥਾਵਾਂ ਗੁਰਮਤਿ ਅਨੁਸਾਰ ਕੋਈ ਨਹੀਂ ਹਨ।" (*ਸਿੱਖ ਧਰਮ ਫ਼ਿਲਾਸਫ਼ੀ*, ਭਾਗ ਪੰਜਵਾਂ, ਪੰਨਾ 25, ਸਿੱਖ ਮਿਸ਼ਨਰੀ ਕਾਲਜ, ਲੁਧਿਆਣਾ)

ਜਦੋਂ ਆਵਾਗਵਨ ਦੇ ਵਿਸ਼ੇ ਸੰਬੰਧੀ ਚਰਚਾ ਹੁੰਦੀ ਹੈ ਤਾਂ ਜ਼ਿਆਦਾਤਰ ਵਿਦਵਾਨ ਆਖਦੇ ਹਨ ਕਿ ਸਿੱਖ ਧਰਮ ਆਵਾਗਵਨ ਦੇ ਸਿੱਧਾਂਤ ਨੂੰ ਮੰਨਦਾ ਹੈ, ਭਾਵੇਂ ਵਿਸਥਾਰ ਵਿਚ ਹੁਣ ਤਕ ਵਿਦਵਾਨਾਂ ਨੇ ਤਰਕ ਨਹੀਂ ਕੀਤਾ। ਦੂਜੇ ਪਾਸੇ ਗੁਰਮਤਿ ਦੇ ਫ਼ੈਸਲੇ ਸੰਬੰਧੀ ਗੌਰਵ ਵੀ ਕਰਦੇ ਹਨ:

ਪੰਡਿਤ ਮੁਲਾਂ ਜੋ ਲਿਖਿ ਦੀਆ ॥
ਛਾਡਿ ਚਲੇ ਹਮ ਕਛੂ ਨ ਲੀਆ ॥੩॥ (*ਭੈਰਉ ਕਬੀਰ ਜੀ, ਪੰਨਾ 1159*)

ਪਹਿਲਾਂ ਇਸ ਸੰਬੰਧ ਵਿਚ ਉਲੇਖ ਹੋ ਚੁੱਕਾ ਹੈ ਕਿ ਆਵਾਗਵਨ ਦੇ ਸਿੱਧਾਂਤ ਨੂੰ ਪ੍ਰਵਾਨ ਕਰਨ ਲਈ ਸਾਨੂੰ ਹਿੰਦੂ ਧਰਮ ਦੇ ਕਰਮ ਸਿੱਧਾਂਤ ਨੂੰ ਪੂਰਨ ਰੂਪ ਵਿਚ ਪ੍ਰਵਾਨ ਕਰਨਾ ਪਵੇਗਾ। ਕਰਮ ਸਿੱਧਾਂਤ ਅਤੇ ਆਵਾਗਵਨ ਇਕ ਦੂਜੇ ਨਾਲੋਂ ਵੱਖ ਨਹੀਂ ਕੀਤੇ ਜਾ ਸਕਦੇ। ਦੂਸਰਾ, ਸਾਨੂੰ ਆਤਮਾ ਜਾਂ ਜੋਤਿ (ਹੰਸ) ਸੰਬੰਧੀ ਪੂਰੀ ਤਰ੍ਹਾਂ ਸਪੱਸ਼ਟ ਹੋਣਾ ਚਾਹੀਦਾ ਹੈ ਕਿ ਇਹ ਅਦ੍ਰਿਸ਼ਟ ਸ਼ਕਤੀ ਕੀ ਹੈ? ਕਿਉਂਕਿ ਆਤਮਾ ਹੀ ਗਵਣ ਕਰਦੀ ਹੈ। ਸਰੀਰ ਇਥੇ ਹੀ ਸੜ ਜਾਂਦਾ ਹੈ ਭਾਵੇਂ ਕੋਈ ਤਰੀਕਾ ਅਪਨਾਇਆ ਜਾਵੇ। ਗੁਰੂ ਨਾਨਕ ਸਾਹਿਬ ਆਪਣਾ ਫ਼ੈਸਲਾ ਦਿੰਦੇ ਹਨ ਕਿ ਮੈਨੂੰ ਨਹੀਂ ਪਤਾ ਕਿ ਪ੍ਰਾਣੀ ਦੇ ਅੰਤਮ ਸਸਕਾਰ ਤੋਂ ਬਾਅਦ ਆਤਮਾ ਕਿਥੇ ਚਲੀ ਜਾਂਦੀ ਹੈ? ਭਗਤ ਕਬੀਰ ਜੀ ਆਖਦੇ ਹਨ ਕਿ ਇਸ ਸ਼ਕਤੀ ਜਾਂ ਆਤਮਾ ਦਾ ਕੋਈ ਅੰਤ ਨਹੀਂ ਪਾ ਸਕਦਾ। ਸਾਡੇ ਲਈ ਗੁਰਮਤਿ ਦਾ ਮਾਰਗ ਬਹੁਤ ਸੁਖੈਨ ਹੈ, ਜਿਸ ਨੇ ਸਦੀਆਂ ਪੁਰਾਣੇ ਸੰਸਕਾਰਾਂ, ਵਹਿਮਾਂ, ਭਰਮਾਂ ਦੀਆਂ ਬੇੜੀਆਂ ਕੱਟ ਕੇ ਸਾਨੂੰ ਮੁਕਤੀ ਦਾ ਰਾਹ ਦੱਸ ਦਿੱਤਾ। ਇਹ ਸਾਡੇ ਉੱਤੇ ਨਿਰਭਰ ਕਰਦਾ ਹੈ ਕਿ ਅਸੀਂ ਸਨਾਤਨੀ ਸੋਚ ਤੋਂ ਖਹਿੜਾ ਛੁਡਾਉਣਾ ਹੈ ਜਾਂ ਨਹੀਂ:

ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪਰਗਾਸੁ ॥
ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦਿ ਖਲਾਸੁ ॥੧॥
ਆਵਣ ਜਾਣੁ ਰਹਿਓ ॥
ਤਪਤ ਕੜਾਹਾ ਬੁਝਿ ਗਇਆ ਗੁਰਿ ਸੀਤਲ ਨਾਮੁ ਦੀਓ ॥੧॥ਰਹਾਉ॥
(*ਮਾਰੂ ਮਹਲਾ ੫, ਪੰਨਾ 1002*)

ਇਸੁ ਮਨ ਕਉ ਨਹੀ ਆਵਨ ਜਾਨਾ ॥
ਜਿਸ ਕਾ ਭਰਮੁ ਗਇਆ ਤਿਨਿ ਸਾਚੁ ਪਛਾਨਾ ॥੬॥
(*ਗਉੜੀ ਗੁਆਰੇਰੀ ਕਬੀਰ ਜੀ, ਪੰਨਾ 330*)

ਓਇ ਹਰਿ ਕੇ ਸੰਤ ਨ ਆਖੀਅਹਿ

ਅਜੋਕੇ ਸਮੇਂ ਅਖ਼ਬਾਰਾਂ ਵਿਚ (ਸੰਤ ?) ਜਾਂ ਬਾਬਿਆਂ ਦੀਆਂ ਕਰਤੂਤਾਂ ਪੜ੍ਹ ਕੇ ਲੋਕ ਹੈਰਾਨ ਹਨ ਅਤੇ ਅਨੇਕਾਂ ਸ਼ਰਧਾਲੂ ਪਰੇਸ਼ਾਨ ਵੀ ਹੁੰਦੇ ਹੋਣਗੇ ਕਿ ਇੰਜ ਕਿਉਂ ਹੋ ਰਿਹਾ ਹੈ ? 6 ਜੂਨ, 2007 ਦੇ *ਦੇਸ਼ ਸੇਵਕ* ਅਖ਼ਬਾਰ ਵਿਚ ਛਪਿਆ ਸੀ ਕਿ ਪੰਜਾਬ ਵਿਚ ਛੋਟੇ ਅਤੇ ਵੱਡੇ ਡੇਰਿਆਂ ਦੀ ਗਿਣਤੀ ਅੱਠ ਹਜ਼ਾਰ ਤੋਂ ਵਧੀਕ ਹੈ। ਉਸ ਅਖ਼ਬਾਰ ਨੇ ਇਹ ਵੀ ਲਿਖਿਆ ਸੀ ਕਿ ਪੰਜਾਬ ਦੇ ਗ਼ੈਰ-ਜੱਟ ਲੋਕ ਜ਼ਿਆਦਾਤਰ ਰਾਧਾ ਸੁਆਮੀ, ਸੱਚਾ ਸੌਦਾ, ਦਿਵਿਆ ਜਯੋਤੀ, (ਨਕਲੀ) ਨਿਰੰਕਾਰੀ ਅਤੇ ਭਨਿਆਰੇ ਵਾਲਿਆਂ ਦੇ ਡੇਰੇ ਵਿਚ ਜਾਂਦੇ ਹਨ। ਜਿਥੋਂ ਤੀਕ ਡੇਰਾ ਸੱਚਾ ਸੌਦਾ ਬਾਰੇ ਹੈ, ਇਸ ਡੇਰੇ ਦੇ 70 ਫ਼ੀਸਦੀ ਸ਼ਰਧਾਲੂ ਦਲਿਤ ਪਰਿਵਾਰਾਂ ਨਾਲ ਸੰਬੰਧ ਰੱਖਦੇ ਹਨ। ਦੂਜੇ ਪਾਸੇ ਸਿੱਖੀ ਸਰੂਪ ਵਾਲੇ ਬਾਬਿਆਂ ਦੇ ਡੇਰੇ ਹਨ, ਜੋ ਦਾਅਵਾ ਕਰਦੇ ਹਨ ਕਿ ਉਨ੍ਹਾਂ ਵੱਲੋਂ ਹਜ਼ਾਰਾਂ ਜਾਂ ਲੱਖਾਂ ਪ੍ਰੇਮੀਆਂ ਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾਇਆ ਜਾ ਰਿਹਾ ਹੈ। ਹੁਣ ਤਾਂ ਇਨ੍ਹਾਂ ਬਾਬਿਆਂ ਨੇ ਵਿਦੇਸ਼ਾਂ ਵਿਚ ਵੀ ਵੱਡੇ ਵੱਡੇ ਡੇਰੇ ਸਥਾਪਿਤ ਕਰ ਲਏ ਹਨ, ਜਿਨ੍ਹਾਂ ਦੀ ਕੀਮਤ ਬੇ-ਹਿਸਾਬੀ ਹੈ। ਵਿਸ਼ੇਸ਼ ਕਰਕੇ ਨਾਨਕਸਰ ਡੇਰੇ ਦੇ ਬੜੂੰਦੀ ਵਾਲੇ ਬਾਬੇ ਨੇ ਬੜੂੰਦੀ ਵਾਲੇ ਨੇ, ਵਿਦੇਸ਼ਾਂ 'ਚ ਕਈ ਆਪਣੇ ਨਿੱਜੀ ਕੇਂਦਰ ਖੋਲ੍ਹ ਲਏ ਹਨ। ਅਮਰੀਕਾ ਵਿਚ ਬਾਬਾ ਦਲਜੀਤ ਸਿੰਘ ਸ਼ਿਕਾਗੋ ਵਾਲੇ ਨੇ ਆਪਣਾ ਡੇਰਾ ਸਥਾਪਿਤ ਕਰ ਲਿਆ ਅਤੇ ਭਿੰਡਰਾਂਵਾਲੇ (ਮਹਿਤਾ ਚੌਂਕ) ਭਾਈ ਰਾਮ ਸਿੰਘ ਹੋਰਾਂ ਵੀ ਕੈਲੀਫ਼ੋਰਨੀਆ ਵਿਚ ਆਪਣਾ ਕੇਂਦਰ ਸਥਾਪਿਤ ਕਰ ਲਿਆ ਹੈ।

ਕੁਝ ਸਮੇਂ ਤੋਂ ਕਈ ਸਿੱਖ ਬਾਬਿਆਂ ਦੇ ਇਖ਼ਲਾਕ ਸੰਬੰਧੀ ਖ਼ੂਬ ਚਰਚਾ ਭਖੀ ਹੋਈ ਹੈ ਅਤੇ ਬਾਬਿਆਂ ਵੱਲੋਂ ਆਪਣੇ ਉੱਪਰ ਲੱਗੇ ਦੋਸ਼ਾਂ ਵਿਰੁੱਧ ਵਿਸ਼ੇਸ਼ ਇਸ਼ਤਿਹਾਰ ਦਿੱਤੇ ਜਾ ਰਹੇ ਹਨ। ਉਹ ਆਪਣੇ ਵੱਲੋਂ ਸਪੱਸ਼ਟੀਕਰਨ ਦੇਣ ਦਾ ਜਤਨ ਕਰ ਰਹੇ ਹਨ। ਸਿੱਖ ਪੰਥ ਅੰਦਰ ਦੁਖਾਂਤ ਹੈ ਕਿ ਡੇਰੇਦਾਰਾਂ ਦੀ ਗਿਣਤੀ ਵੱਧ ਜਾਣ ਨਾਲ ਖ਼ਾਲਸਾ ਪੰਥ ਦੀ ਅਧੋਗਤੀ ਹੋ ਰਹੀ ਹੈ। ਭਾਵੇਂ ਬਾਬੇ ਦਾਅਵਾ ਕਰਦੇ ਹਨ ਕਿ ਉਹ ਹਜ਼ਾਰਾਂ, ਲੱਖਾਂ ਪ੍ਰਾਣੀਆਂ ਨੂੰ ਅੰਮ੍ਰਿਤ ਛਕਾ ਰਹੇ ਹਨ, ਪਰ ਅਸਲ ਤਸਵੀਰ ਇਹ ਹੈ ਕਿ ਪੰਜਾਬ ਵਿਚ ਕੋਈ ਵਿਰਲਾ ਹੀ ਸਿੱਖੀ ਸਰੂਪ 'ਚ ਦਿੱਸ ਰਿਹਾ ਹੈ। ਗੁਰੂ ਸਾਹਿਬਾਨ ਨੇ ਲੋਕਾਈ ਨੂੰ ਪੁਜਾਰੀ ਸ਼੍ਰੇਣੀ ਵੱਲੋਂ ਹੋ ਰਹੀ ਲੁੱਟ-ਖਸੁੱਟ ਵਿਰੁੱਧ ਗੁਰਮਤਿ ਗਿਆਨ ਨਾਲ ਲੈਸ ਕਰਨ ਦਾ ਜਤਨ ਕੀਤਾ ਸੀ। ਜੋ ਰਾਜੇ ਜ਼ੁਲਮ ਕਰਦੇ ਸਨ ਅਤੇ ਜੋ ਉਨ੍ਹਾਂ ਦੇ ਮੁਕੱਦਮ ਅੱਤਿਆਚਾਰ ਕਰਦੇ ਸਨ, ਉਨ੍ਹਾਂ ਨੂੰ ਸ਼ਰ੍ਹੇਆਮ ਭੰਡਿਆ। ਧਰਮ ਦੇ ਮਖੌਟੇ

ਪਾ ਕੇ ਕਰਮ-ਕਾਂਡਾਂ ਦਾ ਪ੍ਰਚਾਰ ਕਰਨ ਵਾਲਿਆਂ ਨਾਲ ਗੋਸ਼ਟੀਆਂ ਕੀਤੀਆਂ ਅਤੇ ਧਰਮ ਦੇ ਅਸਲ ਮਾਰਗ ਨੂੰ ਪ੍ਰਚਾਰਿਆ।

ਕੋਈ ਸ਼ੱਕ ਨਹੀਂ ਕਿ ਅਜੋਕੇ ਸਮੇਂ ਬਹੁਤ ਬਾਬੇ ਜਾਂ ਡੇਰੇਦਾਰ ਪੁਰਾਣੇ ਰਿਆਸਤੀ ਰਾਜਿਆਂ ਮਹਾਰਾਜਿਆਂ ਵਾਂਗੂੰ ਮੌਜ-ਪ੍ਰਸਤੀ ਜਾਂ ਐਸ਼-ਪ੍ਰਸਤੀ ਦਾ ਜੀਵਨ ਜੀਅ ਰਹੇ ਹਨ। ਇਨ੍ਹਾਂ ਦਾ ਸੰਬੰਧ ਸਰਕਾਰ ਦੇ ਵੱਡੇ ਵਜ਼ੀਰਾਂ ਅਤੇ ਅਹੁਦੇਦਾਰਾਂ ਨਾਲ ਹੈ, ਜਿਸ ਕਰਕੇ ਇਹ ਛੇਤੀ ਕਾਨੂੰਨ ਦੇ ਘੇਰੇ ਵਿਚ ਨਹੀਂ ਆਉਂਦੇ। ਅਖ਼ਬਾਰਾਂ ਵਿਚ ਖ਼ਬਰਾਂ ਛਪਦੀਆਂ ਹਨ ਕਿ ਬਾਬਿਆਂ ਵੱਲੋਂ ਪੱਤਰਕਾਰਾਂ ਦੇ ਕਤਲ ਹੋਏ, ਜਿਨ੍ਹਾਂ ਨੇ ਇਨ੍ਹਾਂ ਦੇ ਕੁਕਰਮਾਂ ਨੂੰ ਜੱਗ-ਜ਼ਾਹਰ ਕਰਨ ਦਾ ਜਤਨ ਕੀਤਾ। ਡੇਰਿਆਂ ਵਿਚ ਕਤਲ ਤੇ ਬਲਾਤਕਾਰੀ ਦੀਆਂ ਘਟਨਾਵਾਂ ਸੁਣਦੇ ਹਾਂ, ਪਰ ਪੁਲਿਸ ਤੇ ਕਾਨੂੰਨ ਵੀ ਬਾਬਿਆਂ ਨੂੰ ਦੋਸ਼ੀ ਸਾਬਤ ਕਰਨ 'ਚ ਅਸਫਲ ਹਨ। ਕਈ ਸਾਲਾਂ ਤੋਂ ਬੜੂੰਦੀ ਅਤੇ ਪਿਹੋਵੇ ਵਾਲੇ ਬਾਬੇ ਵਿਰੁੱਧ ਬਲਾਤਕਾਰੀ ਅਤੇ ਜ਼ੁਲਮ ਕਰਨ ਦੇ ਦੋਸ਼ ਲੱਗੇ, ਪਰ ਇਨ੍ਹਾਂ ਦਾ ਵਾਲ ਭੀ ਵਿੰਗਾ ਨਹੀਂ ਹੋਇਆ। ਇਸ ਦੇ ਉਲਟ ਦੋਸ਼ ਲਗਾਉਣ ਵਾਲੇ ਅੱਖਾਂ ਤੋਂ ਅੰਨ੍ਹੇ ਕਰ ਦਿੱਤੇ ਜਾਂ ਪੁਲਿਸ ਤਸ਼ੱਦਦ ਸਹਿੰਦੇ ਰਹੇ। ਹੁਣ (ਮਈ 2012 ਦਾ ਮਹੀਨਾ) ਢੱਡਰੀਆਂ ਵਾਲੇ ਬਾਬੇ ਵਿਰੁੱਧ ਦੋਸ਼ ਲੱਗ ਰਹੇ ਹਨ। ਇਕ ਢੋਲਕੀ ਵਜਾਉਣ ਵਾਲੇ ਸੇਵਾਦਾਰ ਨੂੰ ਬਾਬੇ 'ਤੇ ਦੋਸ਼ ਲਗਾਉਣ ਕਾਰਨ, ਸਰੀਰ ਤੇ ਪੁਲਿਸ ਤਸ਼ੱਦਦ ਹੰਢਾਉਣਾ ਪਿਆ। ਉਸ ਦਾ ਬਚਾਓ, ਹਾਈਕੋਰਟ ਵਿਚ ਰਿੱਟ ਕਰਕੇ ਸੰਭਵ ਹੋਇਆ। ਥੋੜੇ ਸਮੇਂ ਬਾਅਦ ਇਕ ਬੀਬੀ ਨੇ ਬਾਬੇ ਦਾ ਨਾਮ ਲੈ ਕੇ ਜ਼ਹਿਰ ਖਾ ਕੇ ਆਪਣੀ ਜੀਵਨ ਲੀਲ੍ਹਾ ਖ਼ਤਮ ਕਰ ਲਈ। ਬਾਬੇ ਨੇ ਪੁਲਿਸ ਨਾਲ ਮਿਲ ਕੇ ਉਸ ਦੇ ਨਿੱਜੀ ਫ਼ੋਨ ਤੋਂ ਸਾਰੀ ਜਾਣਕਾਰੀ ਮਿਟਾ ਦਿੱਤੀ, ਤਾਂ ਜੋ ਬਾਬੇ ਬਾਰੇ ਕੋਈ ਹੋਰ ਭੇਤ ਨਾ ਬਾਹਰ ਨਿਕਲ ਸਕੇ। ਪਰ ਸਚਾਈ ਨੂੰ ਲੰਬੇ ਸਮੇਂ ਲਈ ਛੁਪਾਇਆ ਨਹੀਂ ਜਾ ਸਕਦਾ।

ਮੇਰਾ ਖ਼ਿਆਲ ਹੈ, ਸ਼ਾਇਦ ਪੰਜਾਬੀਆਂ ਦੇ ਸੱਭਿਆਚਾਰ ਦਾ ਅਟੁੱਟ ਅੰਗ ਹੀ ਬਣ ਗਿਆ ਹੈ ਕਿ ਸਾਧਾਂ ਜਾਂ ਬਾਬਿਆਂ ਪ੍ਰਤੀ ਅਥਾਹ ਸ਼ਰਧਾ ਦਿਖਾਈ ਜਾਵੇ, ਜੋ ਜਾਰੀ ਹੈ। ਕਈ ਵਾਰ ਤਾਂ ਇਹ ਵੀ ਸੁਣਦੇ ਹਾਂ ਕਿ ਬਹੁਤ ਪਰਿਵਾਰਾਂ ਨੇ ਆਪਣੇ ਆਪਣੇ ਬਾਬੇ ਧਾਰਨ ਕੀਤੇ ਹੋਏ ਹਨ ਅਤੇ ਜੇਕਰ ਪਰਿਵਾਰ ਨੇ ਕੋਈ ਕਾਰਜ ਆਰੰਭ ਕਰਨਾ ਹੋਵੇ ਤਾਂ ਬਾਬਿਆਂ ਤੋਂ ਸਲਾਹ ਲਈ ਜਾਂਦੀ ਹੈ ਜਾਂ ਅਰਦਾਸ ਹੀ ਉਨ੍ਹਾਂ ਪਾਸੋਂ ਕਰਵਾਈ ਜਾਂਦੀ ਹੈ। ਬਾਬੇ ਵੀ ਉਨ੍ਹਾਂ ਪਰਿਵਾਰਾਂ ਨਾਲ ਨੇੜਤਾ ਰੱਖਦੇ ਹਨ, ਜੋ ਆਰਥਕ ਤੌਰ 'ਤੇ ਸੌਖੇ ਹਨ। ਇਕ ਦੋ ਮਹੀਨੇ ਪਹਿਲਾਂ ਮੇਰਾ ਇਕ ਰਿਸ਼ਤੇਦਾਰ ਮਿਲਿਆ। ਉਸ ਨੇ ਪੰਥ ਦੇ ਪ੍ਰਸਿੱਧ ਕਥਾਕਾਰ ਪ੍ਰੋ. ਸਰਵਜੀਤ ਸਿੰਘ ਧੂੰਦਾ ਦੀ ਪਹਿਲਾਂ ਸਿਫ਼ਤ ਕੀਤੀ ਅਤੇ ਪਿੱਛੋਂ ਇਹ ਆਖ ਦਿੱਤਾ ਕਿ ਉਸ ਨੂੰ ਉਸ ਸਮੇਂ ਦੁਖ ਲੱਗਾ, ਜਦੋਂ ਕਥਾਕਾਰ (ਧੂੰਦਾ) ਨੇ ਸਾਰੇ ਸੰਤਾਂ ਦੇ ਨਾਲ ਰਾੜੇ ਵਾਲਿਆਂ ਸੰਤਾਂ ਦੀ ਵੀ ਨਿੰਦਾ ਕਰ ਦਿੱਤੀ। ਉਸ ਨੇ ਰਾੜੇ ਵਾਲਿਆਂ ਦੀ ਪ੍ਰਸ਼ੰਸਾ ਇਸ ਗੱਲ 'ਤੇ ਕੀਤੀ ਕਿ ਉਨ੍ਹਾਂ ਵੱਲੋਂ ਅਰਦਾਸ ਕਰਨ 'ਤੇ ਕਿਸੇ ਪਰਿਵਾਰ 'ਚ ਬੇਟੇ ਨੇ ਜਨਮ ਲਿਆ ਸੀ। ਹੈਰਾਨੀ ਇਸ ਗੱਲ ਦੀ ਹੈ ਕਿ

ਜੇਕਰ ਅਜਿਹੇ ਅੰਧ-ਵਿਸ਼ਵਾਸ ਪੜ੍ਹੇ ਲਿਖੇ ਲੋਕਾਂ ਦੇ ਹਨ, ਤਾਂ ਫਿਰ ਜੋ ਲੋਕ ਅਨਪੜ੍ਹ ਹਨ, ਉਨ੍ਹਾਂ ਅੰਦਰ ਕਿਉਂ ਨਾ ਬਾਬਿਆਂ ਪ੍ਰਤੀ ਸ਼ਰਧਾ ਹੋਵੇ ?

ਤਕਰੀਬਨ ਹਰ ਇਕ ਬਾਬੇ ਦੀ ਪ੍ਰਸਿੱਧੀ ਪਿੱਛੇ ਕੋਈ-ਨ-ਕੋਈ ਕਰਾਮਾਤ ਜੁੜੀ ਹੁੰਦੀ ਹੈ ਅਤੇ ਪਰ ਅਜਿਹੀਆਂ ਸਭ ਕਥਾਵਾਂ ਮਨਘੜਤ ਹੁੰਦੀਆਂ ਹਨ।

ਪਿੱਛੇ ਜਿਹੇ ਕਿਸੇ ਵਿਦਵਾਨ ਦਾ ਲੇਖ ਸੀ, ਜਿਸ ਵਿਚ ਉਸ ਨੇ ਖੋਜ ਮੁਤਾਬਿਕ ਪ੍ਰਗਟਾਇਆ ਕਿ ਜ਼ਿਆਦਾਤਰ ਸੰਤ-ਬਾਬਿਆਂ ਦੀ ਕਾਢ ਅੰਗਰੇਜ਼ਾਂ ਦੁਆਰਾ ਹੋਈ। ਉਨ੍ਹਾਂ ਨੇ ਜਾਣ-ਬੁਝ ਕੇ ਬਾਬਿਆਂ ਨੂੰ ਪ੍ਰਸਿੱਧ ਕੀਤਾ। ਉਨ੍ਹਾਂ ਵੱਲੋਂ ਕਈ ਵਾਰ ਗ਼ੈਰ-ਹਾਜ਼ਰ ਬਾਬਿਆਂ ਦੀ ਹਾਜ਼ਰੀ ਲਗਾਈ ਜਾਂਦੀ ਸੀ ਅਤੇ ਲੋਕਾਂ ਅੰਦਰ ਇਹ ਗੱਲ ਪ੍ਰਚਾਰੀ ਗਈ ਕਿ ਪਰਮਾਤਮਾ ਨੇ ਕਰਾਮਾਤ ਦਿਖਾ ਦਿੱਤੀ ਅਤੇ ਬਾਬਿਆਂ ਦੀ ਰੱਖਿਆ ਕੀਤੀ। ਫਿਰ ਕੀ ਸੀ, ਲੋਕਾਈ ਨੇ ਇਨ੍ਹਾਂ ਬਾਬਿਆਂ ਨੂੰ (ਰੱਬ ਨੂੰ ਵਿਸਾਰ ਕੇ) ਪੂਜਣਾ ਸ਼ੁਰੂ ਕਰ ਦਿੱਤਾ। ਇਸ ਨਾਲ ਗੁਰੂ ਪੰਥ ਦੇ ਈਮਾਨਦਾਰ ਨੇਤਾਵਾਂ ਦੀ ਪੁੱਛ-ਗਿੱਛ ਘੱਟ ਗਈ ਅਤੇ ਪੰਥਕ ਫ਼ੈਸਲਿਆਂ ਵਿਚ ਬਾਬਿਆਂ ਦੀ ਭੂਮਿਕਾ ਹਾਵੀ ਹੋ ਗਈ। ਅਜੋਕੇ ਸਮੇਂ ਭੀ ਸਰਕਾਰਾਂ ਨੇ ਅੰਗਰੇਜ਼ਾਂ ਵਾਲੀ ਸਾਜ਼ਸ਼ੀ ਨੀਤੀ ਨੂੰ ਅਪਨਾਇਆ ਹੋਇਆ ਹੈ। ਗੁਰੂ ਖ਼ਾਲਸਾ ਪੰਥ ਦੀ ਸ਼ਕਤੀ ਨੂੰ ਘਟਾਉਣ ਲਈ ਅਨੇਕਾਂ ਬਾਬੇ ਪੈਦਾ ਕਰ ਦਿੱਤੇ। ਨਕਲੀ ਨਿਰੰਕਾਰੀ, ਰਾਧਾ ਸੁਆਮੀ ਅਤੇ ਭਨਿਆਰੇ ਵਰਗੇ ਸਰਕਾਰ ਦੀ ਸਰਪ੍ਰਸਤੀ ਸਦਕਾ ਬੇਝਿਜਕ ਹੋ ਕੇ ਗੁਰਬਾਣੀ ਨੂੰ ਤੋੜ-ਮਰੋੜ ਕੇ ਲੋਕਾਈ ਨੂੰ ਗੁੰਮਰਾਹ ਕਰਦੇ ਹਨ। ਹਿੰਦੂਆਂ ਦੀ ਜਥੇਬੰਦੀ ਆਰ.ਐਸ.ਐਸ. ਵੱਲੋਂ ਸਿੱਖਾਂ ਅੰਦਰ ਘੁਸਪੈਠ ਕੀਤੀ ਜਾ ਰਹੀ ਹੈ ਅਤੇ ਉਨ੍ਹਾਂ ਨੇ ਪੰਜਾਬ ਦੇ ਡੇਰੇਦਾਰਾਂ ਅਤੇ ਬਾਬਿਆਂ ਨਾਲ ਗੁਪਤ ਤੌਰ 'ਤੇ ਸਾਂਝ ਬਣਾ ਲਈ ਹੈ। ਦੂਜੇ ਪਾਸੇ ਬਾਬੇ ਪਹਿਲਾਂ ਹੀ ਕਰਮ-ਕਾਂਡਾਂ ਨੂੰ ਫੈਲਾਉਣ ਦਾ ਕੰਮ ਕਰਦੇ ਸਨ, ਜਦੋਂ ਸਰਕਾਰ ਜਾਂ ਏਜੰਸੀਆਂ ਵੱਲੋਂ ਸਮਰਥਨ ਮਿਲੇ ਤਾਂ ਇਹ ਖੁੱਲ੍ਹ ਕੇ ਗੁਰਬਾਣੀ ਦੀ ਥਾਂ *ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ* ਵਰਗੀਆਂ ਪੁਸਤਕਾਂ ਦੀ ਕਥਾ ਕਰਨ ਨੂੰ ਤਰਜੀਹ ਦਿੰਦੇ ਹਨ। ਆਰ.ਐਸ.ਐਸ ਵੱਲੋਂ ਨਾਨਕਸ਼ਾਹੀ ਕੈਲੰਡਰ ਨੂੰ ਲਾਗੂ ਕਰਨ ਤੋਂ ਰੋਕਣਾ ਅਤੇ ਡੇਰੇਦਾਰਾਂ ਪਾਸੋਂ ਹੀ ਕੈਲੰਡਰ ਦਾ ਵਿਰੋਧ ਕਰਾਉਣਾ। ਵਿਦੇਸ਼ਾਂ ਦੇ ਗੁਰਦੁਆਰਿਆਂ ਵਿਚ ਵੀ ਕਰਮ-ਕਾਂਡਾਂ ਦਾ ਪ੍ਰਚਾਰ ਕਰਨ ਲਈ ਵਿਦਵਾਨ ਕਥਾਕਾਰਾਂ ਦੀ ਥਾਂ, ਡੇਰੇਦਾਰਾਂ ਵੱਲੋਂ ਸਿਖਾਏ ਪ੍ਰਚਾਰਕ ਆਉਣ ਦਾ ਮੁਖ ਕਾਰਨ ਇਹੀ ਹੈ ਕਿ ਆਰ.ਐਸ.ਐਸ. ਵੱਲੋਂ ਪੂਰੀ ਤਰ੍ਹਾਂ ਘੁਸਪੈਠ ਕੀਤੀ ਜਾ ਰਹੀ ਹੈ। ਕਾਫ਼ੀ ਅਖ਼ਬਾਰ, ਬਾਬਿਆਂ ਵੱਲੋਂ ਕੀਤੀਆਂ ਬਦਫੈਲੀਆਂ ਜਾਂ ਬਲਾਤਕਾਰ ਵਰਗੇ ਕੁਕਰਮ ਕਰਨ ਵਾਲੀਆਂ ਖ਼ਬਰਾਂ ਹੀ ਨਹੀਂ ਛਾਪਦੇ। ਇਥੋਂ ਭਲੀ ਪ੍ਰਕਾਰ ਸਪੱਸ਼ਟ ਹੁੰਦਾ ਹੈ ਕਿ ਬਾਬਿਆਂ ਜਾਂ ਡੇਰੇਦਾਰਾਂ ਵੱਲੋਂ ਖ਼ਾਲਸਾ ਪੰਥ ਦੀ ਵਿਲੱਖਣਤਾ ਵਿਰੁੱਧ ਸਾਜ਼ਸ਼ੀ ਹਮਲੇ ਸ਼ਰ੍ਹੇਆਮ ਹੋ ਰਹੇ ਹਨ।

ਇਹ ਕਾਰਨ ਸੀ ਕਿ ਸੂਰਬੀਰ ਜੋਧੇ ਭਾਈ ਬਲਵੰਤ ਸਿੰਘ ਜੀ ਰਾਜੋਆਣਾ ਨੇ ਸੰਤ ਸਮਾਜ ਦੇ ਬਾਬਿਆਂ ਨਾਲ ਮੁਲਾਕਾਤ ਕਰਨ ਤੋਂ ਸਾਫ਼ ਇਨਕਾਰ ਕਰ ਦਿੱਤਾ ਸੀ। ਉਸ ਨੂੰ ਪਤਾ ਸੀ ਕਿ ਬਾਬੇ, ਖ਼ਾਲਸਾ ਪੰਥ ਦੇ ਹਿੱਤਾਂ ਲਈ ਨਹੀਂ, ਸਗੋਂ ਜ਼ਾਲਮ ਸਰਕਾਰਾਂ ਦੇ ਗੁਪਤ ਏਜੰਡੇ ਲਾਗੂ ਕਰਨ ਵਿਚ ਤੱਤਪਰ ਹਨ। ਯਾਦ ਕਰੀਏ ਕਿ

ਕਿਵੇਂ 1984 ਈ: ਵਿਚ ਘੱਲੂਘਾਰਾ ਵਾਪਰਿਆ। ਪੰਜਾਬ ਅਤੇ ਦਿੱਲੀ ਅਥਵਾ ਭਾਰਤ ਦੇ ਹੋਰ ਸ਼ਹਿਰਾਂ ਵਿਚ ਸਿੱਖਾਂ ਨੂੰ ਜ਼ਿੰਦਾ ਜਲਾਇਆ। ਅੱਜ 25 ਸਾਲ ਬੀਤ ਚੁੱਕੇ, ਕਿਸੇ ਇਕ ਦੋਸ਼ੀ ਨੂੰ ਸਜ਼ਾ ਨਹੀਂ ਦਿੱਤੀ। ਗੁਜਰਾਤ ਵਿਚ ਸਾਲ 2002 ਵਿਚ ਮੁਸਲਮਾਨਾਂ ਦਾ ਕਤਲੇਆਮ ਹੋਇਆ, ਪਰ ਇਹ ਭੇਖੀ ਬਾਬਿਆਂ ਜਾਂ ਡੇਰੇਦਾਰਾਂ ਨੇ ਕਿਸੇ ਲਈ 'ਹਾਅ' ਦਾ ਨਾਅਰਾ ਵੀ ਨਾ ਮਾਰਿਆ। ਜ਼ੁਲਮ ਵਿਰੁੱਧ ਬੋਲਣਾ ਤਾਂ ਦੂਰ ਦੀ ਗੱਲ ਸੀ। ਗੁਰੂ ਨਾਨਕ ਦੇ ਧਰਮ ਦੇ ਮਾਰਗ ਉੱਤੇ ਚੱਲਣ ਵਾਲਾ, ਜ਼ੁਲਮ ਦੇਖ ਕੇ ਅੱਖਾਂ ਨਹੀਂ ਮੀਟਦਾ ਜਾਂ ਚੁੱਪ ਨਹੀਂ ਵੱਟਦਾ, ਸਗੋਂ ਨਿਧੜਕ ਹੋ ਕੇ ਜ਼ੁਲਮ ਅਤੇ ਜ਼ਾਲਮ ਵਿਰੁੱਧ ਆਵਾਜ਼ ਬੁਲੰਦ ਕਰੇਗਾ। ਇਨ੍ਹਾਂ ਬਾਬਿਆਂ ਬਾਰੇ ਤਾਂ ਭਾਈ ਬਲਵੰਤ ਸਿੰਘ ਜੀ ਰਾਜੋਆਣਾ ਨੇ ਕਿਹਾ ਸੀ ਕਿ ਇਹ ਬਾਬੇ ਕਥਾਵਾਂ ਤਾਂ ਬਹੁਤ ਰੌਚਕ ਬਣਾ ਕੇ ਸੁਣਾਉਂਦੇ ਹਨ, ਪਰ ਕੁਰਬਾਨੀ ਕਰਨ ਤੋਂ ਸਦਾ ਹੀ ਡਰਦੇ ਹਨ ਕਿਉਂਕਿ ਇਹ ਐਸ਼-ਪ੍ਰਸਤੀ ਵਾਲਾ ਜੀਵਨ ਜਿਉਂਦੇ ਹਨ। ਜੋ ਲੋਕ ਥੋੜ੍ਹੀ ਵੀ ਸੂਝ ਰੱਖਦੇ ਹਨ ਤਾਂ ਉਹ ਖ਼ੁਦ ਇੰਟਰਨੈੱਟ ਉੱਤੇ ਜਾ ਕੇ ਇਨ੍ਹਾਂ ਬਾਬਿਆਂ ਬਾਰੇ ਚੰਗੀ ਤਰ੍ਹਾਂ ਜਾਣ ਸਕਦੇ ਹਨ ਕਿ ਇਨ੍ਹਾਂ ਦਾ ਆਰ.ਐਸ.ਐਸ. ਦੇ ਨੇਤਾਵਾਂ ਨਾਲ ਪੂਰੀ ਤਰ੍ਹਾਂ ਮੇਲ-ਮਿਲਾਪ ਹੈ।

ਮੋਗੇ ਦੇ ਆਸ-ਪਾਸ ਇਕ ਪਿੰਡ ਲੋਪੋ ਹੈ। ਇਸ ਪਿੰਡ ਬਾਰੇ ਇਕ ਗੱਲ ਪ੍ਰਚੱਲਿਤ ਕੀਤੀ ਗਈ ਜਾਂ ਫੈਲਾਈ ਗਈ ਕਿ ਇਸ ਪਿੰਡ ਨੂੰ ਗੁਰੂ ਸਾਹਿਬਾਨ ਦਾ ਵਰ ਹੋਇਆ ਹੈ ਕਿ ਇਸ ਪਿੰਡ ਵਿਚ ਪੰਜ ਸੰਤ ਹੋਇਆ ਕਰਨਗੇ, ਪਰ ਇਕ ਪਰਗਟ ਰਹੇਗਾ ਤੇ ਚਾਰ ਗੁਪਤ ਰਹਿਣਗੇ। ਜੋ ਗੁਪਤ ਰਹਿਣਗੇ, ਉਹ ਕੀ ਭੂਮਿਕਾ ਨਿਭਾਉਣਗੇ, ਕਿਸੇ ਨੂੰ ਕੁਝ ਨਹੀਂ ਪਤਾ। ਉਨ੍ਹਾਂ ਪੰਜਾਂ ਸਾਧਾਂ ਵਿੱਚੋਂ ਇਕ ਸਾਧ ਕਲੀਨ ਸ਼ੇਵਨ ਸੀ, ਉਸ ਨੇ ਕਈ ਦਹਾਕੇ ਚੰਮ ਦੀਆਂ ਚਲਾਈਆਂ। ਕੁੜੀਆਂ ਦੇ ਦੋ ਕਾਲਜ ਖੋਲ੍ਹੇ ਅਤੇ ਉਸ ਦੇ ਇਖ਼ਲਾਕ ਸੰਬੰਧੀ ਕਹਾਣੀਆਂ ਜੱਗ-ਜ਼ਾਹਰ ਹਨ। ਗੁਰੂ-ਕਾਲ ਜਾਂ ਉਸ ਤੋਂ ਪਿੱਛੋਂ ਸੰਤ ਜਾਂ ਬਾਬਾ ਪ੍ਰੰਪਰਾ ਕੋਈ ਨਹੀਂ ਸੀ। ਸ਼ਾਇਦ ਇਕ ਵਿਦਵਾਨ ਨੇ ਇਹ ਵੀ ਲਿਖਿਆ ਹੈ ਕਿ 1906 ਤੋਂ ਪਹਿਲਾਂ ਸਿੱਖ ਸਮਾਜ ਅੰਦਰ ਕੋਈ ਸੰਤ ਨਹੀਂ ਸੀ। ਜੇਕਰ ਅਸੀਂ ਗੁਰਬਾਣੀ ਨੂੰ ਸਮਝ ਕੇ ਪੜ੍ਹਾਂਗੇ ਤਾਂ ਕਿਸੇ ਡੇਰੇਦਾਰ ਜਾਂ ਬਾਬੇ ਦੇ ਸ਼ਰਧਾਲੂ ਨਹੀਂ ਬਣਾਂਗੇ। ਸਾਡੀ ਕੌਮ ਦਾ ਜੋ ਨੁਕਸਾਨ ਕਾਰ-ਸੇਵਾ ਵਾਲੇ ਬਾਬਿਆਂ ਨੇ ਕਰ ਦਿੱਤਾ, ਉਹ ਘਾਟਾ ਕਦੀ ਪੂਰਾ ਨਹੀਂ ਹੋਣਾ। ਇਥੋਂ ਪਤਾ ਲੱਗਦਾ ਹੈ ਕਿ ਇਹ ਬਾਬੇ ਸਿੱਖ ਵਿਰੋਧੀ ਏਜੰਸੀਆਂ ਦੇ ਕੰਟਰੋਲ ਵਿਚ ਹਨ। ਸਾਡੀਆਂ ਇਤਿਹਾਸਕ ਯਾਦਗਾਰੀ ਇਮਾਰਤਾਂ ਨੂੰ ਇਨ੍ਹਾਂ ਕਾਰ-ਸੇਵਾ ਵਾਲੇ ਬਾਬਿਆਂ ਨੇ ਢਾਹ ਦਿੱਤਾ ਪਰ ਇਸ ਦੇ ਉਲਟ ਮਹੱਤਵਪੂਰਨ ਇਮਾਰਤਾਂ, ਜਿਵੇਂ ਦੀਵਾਨ ਟੋਡਰਮਲ ਦੀ ਹਵੇਲੀ, ਬਾਬਾ ਬੰਦਾ ਸਿੰਘ ਬਹਾਦਰ ਨਾਲ ਸੰਬੰਧਿਤ ਕਿਲ੍ਹੇ ਆਦਿ ਦੀ ਇਨ੍ਹਾਂ ਬਾਬਿਆਂ ਨੇ ਸਾਰ ਨਹੀਂ ਲਈ। ਕਾਰ-ਸੇਵਾ ਦੇ ਨਾਂ ਹੇਠ ਇਨ੍ਹਾਂ ਨੇ ਕਰੋੜਾਂ ਰੁਪਿਆ ਕਮਾਇਆ। ਕਈ ਲੇਖਕ ਹਾਲਾਂ ਵੀ ਤਾਰੀਫ਼ ਕਰਦੇ ਹਨ ਕਿ ਇਨ੍ਹਾਂ ਬਾਬਿਆਂ ਨੇ ਇਮਾਰਤਾਂ ਬਣਾਈਆਂ।

ਜੇ ਭਲਾ, ਠੀਕ ਤਰ੍ਹਾਂ ਮੁਲਾਂਕਣ ਕਰੀਏ ਤਾਂ ਪਤਾ ਲੱਗਦਾ ਹੈ ਕਿ ਸਿੰਘ ਸਭਾ

ਲਹਿਰ ਸਮੇਂ, ਖ਼ਾਲਸਾ ਕਾਲਜ, ਅੰਮ੍ਰਿਤਸਰ ਅਤੇ ਹੋਰ ਸਕੂਲਾਂ ਦੀ ਸਥਾਪਨਾ ਸਮੇਂ ਇਨ੍ਹਾਂ ਬਾਬਿਆਂ ਦੀ ਕੋਈ ਭੂਮਿਕਾ ਨਹੀਂ ਸੀ। ਜਿਵੇਂ 1892 ਵਿਚ ਫ਼ਿਰੋਜ਼ਪੁਰ ਵਿਖੇ ਕੁੜੀਆਂ ਦਾ ਪਹਿਲਾ ਸਕੂਲ ਸਥਾਪਤ ਕਰਨ ਵਾਲੇ ਭਾਈ ਤਖ਼ਤ ਸਿੰਘ ਤੇ ਖ਼ਾਲਸਾ ਕਾਲਜ ਦੀ ਸਥਾਪਨਾ ਗਿਆਨੀ ਦਿੱਤ ਸਿੰਘ ਤੇ ਪ੍ਰੋਫ਼ੈਸਰ ਗੁਰਮੁਖ ਸਿੰਘ ਜੀ ਵਰਗੇ ਮਹਾਨ ਵਿਦਵਾਨ ਯੋਧਿਆਂ ਨੇ ਕੀਤੀ।

ਮੈਂ ਇਕ ਸੱਚੀ ਕਹਾਣੀ ਦੱਸਣ ਲੱਗਾ ਹਾਂ। ਰਿਸ਼ਤੇਦਾਰਾਂ ਪਾਸੋਂ ਮੁਆਫ਼ੀ ਚਾਹੁੰਦਾ ਹਾਂ। ਮੇਰਾ ਇਕ ਰਿਸ਼ਤੇਦਾਰ 1970 ਦੇ ਆਸ-ਪਾਸ ਅਮਰੀਕਾ ਤੋਂ ਬਹੁਤ ਵੱਡ-ਅਕਾਰੀ ਇੰਪਾਲਾ ਕਾਰ (ਏਅਰ ਕੰਡੀਸ਼ਡ) ਪੰਜਾਬ ਲੈ ਗਏ। ਉਨ੍ਹਾਂ ਨੇ ਕਈ ਸਾਲ ਕਾਰ ਰੱਖੀ। ਆਖ਼ਰ ਉਨ੍ਹਾਂ ਨੇ ਵੇਚਣ ਲਈ ਲਗਾ ਦਿੱਤੀ। ਇਕ ਪਾਰਟੀ ਖ਼ਰੀਦਣ ਲਈ ਆਈ ਅਤੇ ਉਨ੍ਹਾਂ ਵੱਲੋਂ ਵੱਧ ਕੀਮਤ ਦੇਣ ਲਈ ਪੇਸ਼ਕਸ਼ ਹੋਈ। ਉਸ ਦੇ ਨਾਲ ਇਕ ਸ਼ਰਤ ਸੀ ਕਿ ਉਹ ਇਹ ਭੇਤ ਬਾਹਰ ਨਹੀਂ ਦੱਸਣਗੇ। ਉਸ ਗੱਲ ਨੂੰ ਵਾਪਰਿਆਂ 30 ਸਾਲ ਹੋ ਗਏ। ਉਨ੍ਹਾਂ ਨੇ ਕਾਰ ਦੀ ਵੱਧ ਕੀਮਤ ਦਿੱਤੀ ਤੇ ਉਨ੍ਹਾਂ ਵੱਲੋਂ ਡੇਰੇ ਦੇ ਬਾਬੇ ਦੇ ਸਭ ਸ਼ਰਧਾਲੂਆਂ ਅੰਦਰ ਗੱਲ ਫੈਲਾਈ ਗਈ ਕਿ ਬਾਬਾ ਜੀ ਦੇ ਇਕ ਸੇਵਕ ਵੱਲੋਂ ਕਾਰ ਭੇਟਾ ਕੀਤੀ ਗਈ। ਇਸ ਨਾਲ ਉਸ ਬਾਬੇ ਦੀ ਮਹਿਮਾ ਹੋਰ ਵੱਧ ਗਈ। ਤਕਰੀਬਨ ਸਾਰੇ ਪ੍ਰਸਿੱਧ ਬਾਬਿਆਂ ਦੀ ਪ੍ਰਸਿੱਧੀ ਏਜੰਟਾਂ ਦੁਆਰਾ ਫੈਲਾਈ ਜਾਂਦੀ ਹੈ। ਗੁਰੂ ਅਰਜਨ ਸਾਹਿਬ ਦਾ ਇਕ ਵਾਕ ਹੈ:

ਹਉ ਬਲਿਹਾਰੀ ਸੰਤਨ ਤੇਰੇ ਜਿਨਿ ਕਾਮੁ ਕ੍ਰੋਧੁ ਲੋਭੁ ਪੀਠਾ ਜੀਉ ॥੩॥

(ਮਾਝ ਮਹਲਾ ੫, ਪੰਨਾ 108)

ਜਦੋਂ ਬਾਬਿਆਂ ਵੱਲੋਂ ਕੁਕਰਮ ਕਰਨ ਦੀਆਂ ਕਹਾਣੀਆਂ ਸੁਣਦੇ ਹਾਂ ਤਾਂ ਸਪੱਸ਼ਟ ਹੁੰਦਾ ਹੈ ਕਿ ਜਿਹੜੇ ਸੰਤਾਂ ਦੀ ਗੱਲ ਗੁਰੂ ਸਾਹਿਬ ਕਰਦੇ ਹਨ, ਉਸ ਪਦ ਦੇ ਮਾਲਕ ਗੁਰੂ ਸਾਹਿਬ ਆਪ ਹੀ ਸਨ ਕਿਉਂਕਿ ਕਈ ਥਾਈਂ ਗੁਰਬਾਣੀ ਅੰਦਰ ਪ੍ਰਮਾਣ ਮਿਲਦਾ ਹਨ ਕਿ ਸੰਤ ਅਤੇ ਪਰਮਾਤਮਾ 'ਚ ਏਕਤਾ ਦਾ ਭਾਵ ਹੈ:

ਹਰਿ ਕਾ ਸੰਤੁ ਹਰਿ ਕੀ ਹਰਿ ਮੂਰਤਿ ਜਿਸੁ ਹਿਰਦੈ ਹਰਿ ਨਾਮੁ ਮੁਰਾਰਿ ॥

(ਭੈਰਉ ਮਹਲਾ ੪ ਘਰੁ ੨, ਪੰਨਾ 1134)

ਸੋ ਬੇਨਤੀ ਹੈ ਕਿ ਅਸੀਂ ਗੁਰਬਾਣੀ ਆਪ ਪੜ੍ਹੀਏ, ਸਮਝੀਏ ਅਤੇ ਸਾਨੂੰ ਇਨ੍ਹਾਂ ਭੇਖੀ ਬਾਬਿਆਂ ਪਾਸੋਂ ਕੁੱਝ ਨਹੀਂ ਪ੍ਰਾਪਤ ਹੋਣਾ। ਜੇ ਸੱਚੀਂ ਪੁੱਛੋਂ, ਇਨ੍ਹਾਂ ਬਾਬਿਆਂ ਨੂੰ ਸ਼ੁੱਧ ਗੁਰਬਾਣੀ ਦਾ ਪਾਠ ਵੀ ਨਹੀਂ ਕਰਨਾ ਆਉਂਦਾ। ਜੇ ਕੋਈ ਸਿੱਖ, ਸੱਚਾ ਸੁੱਚਾ ਜੀਵਨ ਬਤੀਤ ਕਰਦਾ ਹੈ, ਧਰਮ ਦੀ ਕਿਰਤ ਕਰਦਾ ਹੈ ਤੇ ਲੋੜਵੰਦਾਂ ਦੀ ਸਹਾਇਤਾ ਲਈ ਤੱਤਪਰ ਹੈ, ਉਹ ਸੱਚਾ ਸੁੱਚਾ ਸੰਤ ਹੈ। ਜੋ ਬਾਬਾ ਮਹਿੰਗੀਆਂ ਕਾਰਾਂ ਰੱਖੇ, ਜ਼ੁਲਮ ਦੇ ਖ਼ਿਲਾਫ਼ ਨਾ ਬੋਲੇ, ਮਨੁੱਖੀ ਅਧਿਕਾਰਾਂ ਲਈ ਸੰਘਰਸ਼ ਕਰਨ ਲਈ ਨਹੀਂ ਤੁਰਦਾ, ਤਾਂ ਸਮਝੋ ਉਹ ਆਰ.ਐਸ.ਐਸ. ਦਾ ਏਜੰਟ ਹੈ, ਗੁਰੂ ਨਾਨਕ ਦਾ ਸਿੱਖ ਨਹੀਂ ਹੋ ਸਕਦਾ। ਗੁਰੂ ਸਾਹਿਬ ਜੀ ਦੀ ਕਹੀ ਗੱਲ ਪੱਲੇ ਬੰਨੀਏ:

ਗੁਰੁ ਪੀਰੁ ਸਦਾਏ, ਮੰਗਣ ਜਾਇ ॥
ਤਾ ਕੈ ਮੂਲਿ ਨ ਲਗੀਐ ਪਾਇ ॥ *(ਵਾਰ ਸਾਰੰਗ ਮਹਲਾ ੧, ਪੰਨਾ 1245)*

ਭਾਵ ਜੋ ਧਰਮ ਦੀ ਕਿਰਤ ਨਹੀਂ ਕਰਦਾ, ਉਹ ਵਧੀਆ ਇਨਸਾਨ ਨਹੀਂ ਹੈ। ਗੁਰਬਾਣੀ ਦੀਆਂ ਇਨ੍ਹਾਂ ਤੁਕਾਂ ਨੂੰ ਰੱਟ ਲਈਏ ਅਤੇ ਸਮਝਏ ਕਿ ਜੋ ਲੋਕ ਭੇਖ ਬਣਾ ਕੇ ਡੇਰੇਦਾਰ ਬਣੇ ਬੈਠੇ ਹਨ, ਉਹ ਕੌਮ ਦਾ ਕੁਝ ਨਹੀਂ ਸਵਾਰ ਸਕਦੇ। ਸਗੋਂ ਕਰਮ-ਕਾਂਡਾਂ ਦਾ ਪ੍ਰਚਾਰ ਕਰ ਕੇ ਕੌਮ ਨੂੰ ਗੁਰਬਾਣੀ ਦੇ ਸਿਧਾਂਤ ਤੋਂ ਲਾਂਭੇ ਲਿਜਾ ਰਹੇ ਹਨ:

ਗਲੀ ਜਿਨ੍ਹਾ ਜਪਮਾਲੀਆ ਲੋਟੇ ਹਥਿ ਨਿਬਗ ॥
ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗ ॥੧॥

(ਆਸਾ ਕਬੀਰ ਜੀ, ਪੰਨਾ 476)

ਕੀ ਜੂਨਾਂ ਚੌਰਾਸੀ ਲੱਖ ਹਨ ਜਾਂ ਘੱਟ ਵੱਧ ?

ਗੁਰਬਾਣੀ ਅੰਦਰ ਗੁਰੂ ਸਾਹਿਬਾਨ ਨੇ ਅਨੇਕਾਂ ਹੀ ਥਾਈਂ ਅਜਿਹੀ ਸ਼ਬਦਾਵਲੀ ਦਾ ਪ੍ਰਯੋਗ ਕੀਤਾ ਹੈ, ਜਿਨ੍ਹਾਂ ਦਾ ਮੁੱਖ ਸਰੋਤ ਹਿੰਦੂ ਮਤ ਦੇ ਧਾਰਮਿਕ ਗ੍ਰੰਥ ਹਨ, ਪਰ ਇਨ੍ਹਾਂ ਦਾ ਪ੍ਰਯੋਗ ਵੱਖਰੇ ਅਰਥਾਂ ਵਿਚ ਹੋਇਆ ਹੈ। ਉਦਾਹਰਣ ਦੇ ਤੌਰ 'ਤੇ ਕੁਝ ਕੁ ਸ਼ਬਦ, ਜਿਵੇਂ ਪਾਰਸ, ਪਾਰਜਾਤ, ਅੰਮ੍ਰਿਤ, ਨਰਕ-ਸੁਰਗ, ਪਾਪ-ਪੁੰਨ, ਯੁਗ ਵੰਡ, ਚੌਰਾਸੀ ਲੱਖ ਜੂਨੀਆਂ ਆਦਿ। ਪਰ ਕਈ ਵਾਰ ਜਦੋਂ ਕਥਾਕਾਰਾਂ ਨੂੰ ਕਥਾ ਕਰਦੇ ਸੁਣਦੇ ਹਾਂ, ਤਾਂ ਇੰਜ ਪ੍ਰਤੀਤ ਹੁੰਦਾ ਹੈ ਕਿ ਅਸੀਂ ਗੁਰਮਤਿ ਨੂੰ ਵੇਦਾਂਤ ਦੇ ਰੰਗ ਵਿਚ ਰੰਗ ਕੇ, ਪੁਰਾਤਨ ਹਿੰਦੂ ਮਿਥਿਹਾਸਕ ਦੇਵੀ ਦੇਵਤਿਆਂ ਦੀ ਪ੍ਰਸੰਸਾ ਕਰ ਕੇ, ਆਪਣੇ ਆਪ ਨੂੰ ਸਿੱਖ ਧਰਮ ਦੇ ਪ੍ਰਚਾਰਕ ਹੋਣ ਦਾ ਗੌਰਵ ਵੀ ਕਰਦੇ ਹਾਂ। ਜਦ ਕਿ ਗੁਰਮਤਿ ਦੀ ਵਿਆਖਿਆ ਲਈ ਕਿਸੇ ਹੋਰ ਅਨਮਤਿ ਦੀਆਂ ਕਹਾਣੀਆਂ ਨੂੰ ਆਧਾਰ ਬਣਾਉਣ ਦੀ ਉੱਕਾ ਹੀ ਲੋੜ ਨਹੀਂ।

ਜੇਕਰ ਕੋਈ ਇਕ-ਅੱਧ ਵਿਦਵਾਨ ਜਤਨ ਕਰਦਾ ਹੈ ਅਤੇ ਗੁਰਮਤਿ ਨੂੰ ਵੇਦਾਂਤ ਦੇ ਪ੍ਰਭਾਵ ਤੋਂ ਮੁਕਤ ਰੱਖਦਾ ਹੋਇਆ ਪ੍ਰਚਾਰ ਕਰਦਾ ਹੈ ਤਾਂ ਅਸੀਂ ਉਸ ਉੱਤੇ ਅਗਿਆਨਤਾ-ਵੱਸ ਹੋ ਕੇ ਅਜਿਹੇ ਅਰੋਪ ਲਗਾਉਂਦੇ ਹਾਂ, ਜਿਨ੍ਹਾਂ ਦਾ ਗੁਰਮਤਿ ਨਾਲ ਕੋਈ ਸੰਬੰਧ ਜੁੜਦਾ ਹੀ ਨਹੀਂ। ਅਸੀਂ ਆਖਣਾ ਸ਼ੁਰੂ ਕਰ ਦਿੰਦੇ ਹਾਂ ਕਿ ਇਹ ਵਿਦਵਾਨ ਚੌਰਾਸੀ ਲੱਖ ਜੂਨਾਂ, ਨਰਕ-ਸੁਰਗ, ਅੰਮ੍ਰਿਤ, ਯੁਗ ਵੰਡ ਨੂੰ ਨਹੀਂ ਮੰਨਦਾ, ਗੁਰਬਾਣੀ ਵਿਚ ਤਾਂ ਇਨ੍ਹਾਂ ਨੂੰ ਮੰਨਿਆ ਗਿਆ ਹੈ। ਸਾਡੇ ਲੋਕਾਂ ਅੰਦਰ ਪਹਿਲਾਂ ਹੀ ਗੁਰਮਤਿ ਪੜ੍ਹਨ ਜਾਂ ਗੁਰਮਤਿ ਸਿੱਖਣ ਲਈ ਚਾਉ ਤੇ ਉਤਸ਼ਾਹ ਘੱਟ ਹੈ, ਤਾਹੀਓਂ ਅਜਿਹੇ ਸ਼ੋਸ਼ੇ ਛੇਤੀ ਹੀ ਪ੍ਰਚੱਲਿਤ ਹੋ ਜਾਂਦੇ ਹਨ। ਇਥੋਂ ਤਕ ਕਿ ਕਈ ਵੱਡੇ-ਵੱਡੇ ਗੁਰਦੁਆਰਿਆਂ ਦੇ ਪ੍ਰਬੰਧਕਾਂ ਨੇ ਕੌਮ ਦੇ ਮਹਾਨ ਵਿਦਵਾਨਾਂ ਦੇ ਬੋਲਣ 'ਤੇ ਲਿਖਤੀ ਰੋਕਾਂ ਲਾਈਆਂ ਹੋਈਆਂ ਹਨ। ਇਨ੍ਹਾਂ ਗੱਲਾਂ ਨੂੰ ਦੇਖ, ਸ਼ੱਕ ਦੀ ਕੋਈ ਗੁੰਜਾਇਸ਼ ਬਾਕੀ ਨਹੀਂ ਰਹਿੰਦੀ ਕਿ ਪੰਥ-ਵਿਰੋਧੀ ਧਿਰਾਂ ਜਾਂ ਸਰਕਾਰਾਂ ਕਿਵੇਂ ਗੁਰਦੁਆਰਿਆਂ ਅੰਦਰ ਆਪਣਾ ਕੰਟਰੋਲ ਰੱਖਦੀਆਂ ਹਨ।

ਇਸ ਲੇਖ ਵਿਚ 84 ਲੱਖ ਜੂਨਾਂ ਜਾਂ ਜੂਨੀਆਂ ਦੇ ਸੰਬੰਧ ਵਿਚ ਚਰਚਾ ਕਰਾਂਗੇ। ਦੇਖਣਾ ਹੈ ਕਿ ਇਨ੍ਹਾਂ ਜੂਨਾਂ ਦੀ ਗਿਣਤੀ ਕਦੋਂ ਤੇ ਕਿਸ ਨੇ ਕੀਤੀ ? ਇਨ੍ਹਾਂ ਜੂਨਾਂ ਦੀ ਗਿਣਤੀ ਕਰਨ ਲਈ ਕਿਹੜੀ ਵਿਗਿਆਨਕ ਵਿਧੀ ਅਪਣਾਈ ਗਈ ? ਇਹ ਵੀ ਜਾਣਨਾ ਜ਼ਰੂਰੀ ਹੈ ਕਿ ਗੁਰਬਾਣੀ ਇਸ ਬਾਰੇ ਕੀ ਗਿਆਨ ਦਿੰਦੀ ਹੈ ?

ਭਾਈ ਕਾਨ੍ਹ ਸਿੰਘ ਜੀ ਨਾਭਾ ਅਨੁਸਾਰ ਹਿੰਦੂ ਮਤ ਦੇ ਪ੍ਰਾਚੀਨ ਵਿਦਵਾਨਾਂ

ਨੇ ਜੀਵਾਂ ਦੀਆਂ ਕੁਲ ਜਾਤੀਆਂ 84 ਲੱਖ ਮੰਨੀਆਂ ਹਨ, ਜਿਨ੍ਹਾਂ ਵਿਚ 9 ਲੱਖ ਜਲਵਾਸੀ, 10 ਲੱਖ ਪੌਣ ਵਿਚ ਉੱਡਣ ਵਾਲੇ ਪੰਛੀ, 20 ਲੱਖ ਦਰੱਖ਼ਤ ਆਦਿ, 11 ਲੱਖ ਪੇਟ ਭਾਰ ਚੱਲਣ ਵਾਲੇ, 30 ਲੱਖ ਚੌਪਾਏ ਭਾਵ ਜੋ ਚਾਰ ਲੱਤਾਂ 'ਤੇ ਤੁਰਦੇ ਹਨ ਅਤੇ 4 ਲੱਖ ਮਨੁੱਖ ਤੇ ਬਾਂਦਰ ਹਨ।

ਜੈਨ ਮਤ ਅਨੁਸਾਰ ਚੌਰਾਸੀ ਲੱਖ ਜੂਨੀਆਂ ਦੀ ਵੰਡ ਹਿੰਦੂ ਮਤ ਤੋਂ ਭਿੰਨ ਹੈ। ਉਨ੍ਹਾਂ 7 ਲੱਖ ਧਰਤੀ 'ਤੇ, 7 ਲੱਖ ਹਵਾ ਵਿਚ, 7 ਲੱਖ ਅਗਨ ਵਿਚ, 10 ਲੱਖ ਕੰਦ-ਮੂਲ, 14 ਲੱਖ ਝਾੜੀਆਂ ਤੇ ਬਿਰਛ, 2 ਲੱਖ ਦੋ ਇੰਦਰੀਆਂ ਵਾਲੇ, 2 ਲੱਖ ਤਿੰਨ ਇੰਦਰੀਆਂ ਵਾਲੇ, 2 ਲੱਖ ਚਾਰ ਇੰਦਰੀਆਂ ਵਾਲੇ, 4 ਲੱਖ ਦੇਵਤਾ ਲੋਕ, 4 ਲੱਖ ਨਰਕ ਦੇ ਜੀਵ, 14 ਲੱਖ ਮਨੁੱਖ ਜਾਤੀ ਦੇ, 4 ਲੱਖ ਚੌਪਾਏ ਆਦਿ ਮਿਥ ਲਏ।

ਹਿੰਦੂਆਂ ਦੇ ਕਈ ਗ੍ਰੰਥਾਂ ਅਨੁਸਾਰ 42 ਲੱਖ ਜਲ ਅਤੇ 42 ਲੱਖ ਖ਼ੁਸ਼ਕ ਇਲਾਕੇ ਵਿਚ ਜੂਨੀਆਂ ਰਹਿੰਦੀਆਂ ਹਨ। ਇਸ ਬਾਰੇ ਕਿਸ ਵਿਦਵਾਨ ਨੇ, ਕਿਹੜੇ ਸਮੇਂ ਅਤੇ ਕਿਵੇਂ ਹਿਸਾਬ ਲਗਾਏ ਕਿ ਸੰਸਾਰ ਦੀਆਂ ਕੁਲ ਜੂਨਾਂ ਚੌਰਾਸੀ ਲੱਖ ਹਨ, ਕੋਈ ਨਹੀਂ ਦੱਸ ਸਕਦਾ। ਇਸ ਲਈ ਹੈਰਾਨੀ ਦੀ ਗੱਲ ਹੈ ਕਿ ਹਿੰਦੂ ਸ਼ਾਸਤਰਾਂ ਦੇ ਲਿਖਾਰੀਆਂ ਨੇ ਕਿਸ ਖੋਜ ਦੇ ਅੰਕੜੇ ਇਕੱਠੇ ਕਰ ਲਏ ਅਤੇ ਪੁਰਾਤਨ ਕਾਲ 'ਚ ਜੂਨੀਆਂ ਬਾਰੇ ਅੰਕੜੇ ਇਕੱਠੇ ਕਰਨ ਲਈ ਕਿਹੜਾ ਢੰਗ ਅਪਣਾਇਆ ?

ਜਿਥੋਂ ਤਕ ਜੂਨਾਂ ਜਾਂ ਜੂਨੀਆਂ ਦੀ ਗਿਣਤੀ ਕਰਨ ਸੰਬੰਧੀ ਹੈ, ਸਭ ਤੋਂ ਪਹਿਲਾਂ 1750 ਈ: ਵਿਚ ਜਤਨ ਹੋਇਆ। ਉਸ ਸਮੇਂ 12 ਲੱਖ ਜੂਨੀਆਂ ਗਿਣੀਆਂ ਗਈਆਂ। ਕੈਮੀਲਾ ਮੋਰਾ ਅਤੇ ਉਸ ਦੇ ਸਾਥੀਆਂ ਨੇ ਜੂਨੀਆਂ ਦੀ ਗਿਣਤੀ 87 ਲੱਖ ਦੱਸੀ ਅਤੇ ਇਨ੍ਹਾਂ ਵਿੱਚੋਂ 22 ਲੱਖ ਸਮੁੰਦਰ ਵਿਚ ਹਨ। ਪਰ ਸਾਇੰਸਦਾਨ ਇਸ ਸੂਚੀ ਨੂੰ ਅਧੂਰੀ ਮੰਨਦੇ ਹਨ। ਜੇਕਰ ਠੀਕ ਗਿਣਤੀ ਕੀਤੀ ਜਾਵੇ ਤਾਂ ਜਾਨਵਰਾਂ ਦੀਆਂ 77 ਲੱਖ ਕਿਸਮਾਂ ਦੀ ਪਛਾਣ ਹੋ ਸਕਦੀ ਹੈ ? 2 ਲੱਖ 98 ਹਜ਼ਾਰ ਕਿਸਮਾਂ ਦੇ ਪੌਦੇ ਹਨ ਤੇ 6 ਲੱਖ 11 ਹਜ਼ਾਰ ਪਾਣੀ ਵਿਚ ਉੱਗਦੀ ਉੱਲੀ ਜਾਂ ਕਾਈ ਵਿਚ ਰਹਿਣ ਵਾਲੇ ਜੀਵ ਹਨ। (7 ਸਤੰਬਰ, 2011, ਪੰਨਾ 6, *ਸਪੋਕਸਮੈਨ*)

ਅਜੋਕੇ ਕਾਲ 'ਚ ਵਿਗਿਆਨੀ ਆਪਣੀ ਖੋਜ 'ਕਰਾਸ ਬਰੀਡਿੰਗ' ਨਾਲ ਨਵੀਆਂ ਫ਼ਸਲਾਂ ਜਾਂ ਪੌਦਿਆਂ ਦੀ ਹੋਂਦ ਬਣਾ ਦਿੰਦੇ ਹਨ। 'ਕਰਾਸ ਬਰੀਡਿੰਗ' ਨਾਲ ਨਵੇਂ ਕਿਸਮ ਦੇ ਪਸ਼ੂਆਂ ਦੀ ਹੋਂਦ ਬਣੀ। ਦੂਜੇ ਪਾਸੇ ਕਾਫ਼ੀ ਬਨਸਪਤੀ ਦੇ ਪੌਦੇ ਜਾਂ ਬੂਟੀਆਂ ਅਲੋਪ ਹੋ ਰਹੀਆਂ ਹਨ ਅਤੇ ਕਈ ਕਿਸਮ ਦੇ ਜਾਨਵਰ ਵੀ ਅਲੋਪ ਹੋ ਚੁੱਕੇ ਹਨ ਜਾਂ ਅਲੋਪ ਹੋਣ ਦੇ ਨੇੜੇ ਹਨ, ਭਾਵੇਂ ਵਿਗਿਆਨੀ ਜਤਨ ਕਰ ਰਹੇ ਹਨ ਕਿ ਇਨ੍ਹਾਂ ਜਾਨਵਰਾਂ ਦੀ ਹੋਂਦ ਨੂੰ ਅਲੋਪ ਹੋਣ ਤੋਂ ਬਚਾਇਆ ਜਾਵੇ। ਹਜ਼ਾਰਾਂ ਕੀਟਾਣੂ ਜਾਂ ਜੀਵ ਅਜਿਹੇ ਹਨ, ਜਿਨ੍ਹਾਂ ਨੂੰ ਖੁਰਦਬੀਨ ਦੀ ਸਹਾਇਤਾ ਨਾਲ ਹੀ ਦੇਖਿਆ ਜਾ ਸਕਦਾ ਹੈ। ਇਸ ਕਰਕੇ ਸਮੂਹ ਸੰਸਾਰ ਦੀਆਂ ਜੂਨੀਆਂ ਦੀ ਠੀਕ ਗਿਣਤੀ ਸੰਭਵ ਨਹੀਂ ਹੋ ਸਕਦੀ। ਭਾਵੇਂ ਵਿਗਿਆਨੀਆਂ ਨੇ ਅਣਗਿਣਤ ਖੋਜਾਂ ਦੁਆਰਾ ਦੁਨੀਆਂ ਨੂੰ ਹੈਰਾਨ ਕਰ ਦਿੱਤਾ ਹੈ ਪਰ ਜੂਨੀਆਂ ਦੀ ਗਿਣਤੀ ਕਰਨ ਸੰਬੰਧੀ ਕਿਸੇ ਠੋਸ ਨਤੀਜੇ ਨਹੀਂ ਕੱਢੇ ਜਾ ਸਕਦੇ।

ਜੇਕਰ ਗੁਰੂ ਸਾਹਿਬ ਨੇ ਲੋਕਾਈ ਦੇ ਮਨਾਂ ਵਿਚ ਗੁਰਮਤਿ ਦੇ ਪ੍ਰਚਾਰ ਸਮੇਂ ਪੁਰਾਤਨ ਹਿੰਦੂ ਧਰਮ ਦੀਆਂ ਮਿਥਿਹਾਸਕ ਗੱਲਾਂ ਨੂੰ ਵਰਤ ਲਿਆ ਤਾਂ ਉਸ ਦੀ ਵਿਆਖਿਆ ਵੇਦਾਂਤੀ ਬਣ ਕੇ ਨਹੀਂ ਕਰਨੀ, ਸਗੋਂ ਗੁਰਮਤਿ ਦੀ ਗੱਲ ਸਪੱਸ਼ਟ ਕਰਨ ਲਈ ਜਤਨ ਕਰਨਾ ਹੈ। ਜਿਵੇਂ ਮਾਰੂ ਸੋਲਹੇ ਦੀ ਬਾਣੀ ਅੰਦਰ ਪੰਚਮ ਪਾਤਿਸ਼ਾਹ ਫ਼ੁਰਮਾ ਰਹੇ ਹਨ:

ਲਖ ਚਉਰਾਸੀਹ ਜੋਨਿ ਸਬਾਈ ॥
ਮਾਣਸ ਕਉ ਪ੍ਰਭਿ ਦੀਈ ਵਡਿਆਈ ॥ *(ਮਾਰੂ ਸੋਲਹੇ ਮਹਲਾ ੫, ਪੰਨਾ 1075)*

ਸੰਸਾਰ ਦੇ ਅੰਦਰ ਅਨੇਕਾਂ ਜੂਨੀਆਂ ਅੰਦਰ ਮਨੁੱਖ ਨੂੰ ਵਾਹਿਗੁਰੂ ਨੇ ਸਭ ਤੋਂ ਉੱਚ ਪਦਵੀ ਦਿੱਤੀ ਹੈ, ਭਾਵ ਮਨੁੱਖ ਸਾਰੀਆਂ ਜੂਨੀਆਂ ਦਾ ਸਰਦਾਰ ਹੈ। ਇਥੇ ਚੌਰਾਸੀ ਲੱਖ ਦੀ ਗਿਣਤੀ ਦੇ ਚੱਕਰ ਵਿਚ ਨਹੀਂ ਪੈਣਾ, ਜੋ ਗੁਰੂ ਸਾਹਿਬ ਦ੍ਰਿੜ੍ਹ ਕਰਾਉਣਾ ਚਾਹੁੰਦੇ ਹਨ, ਸਾਡਾ ਮੰਤਵ ਉਸ ਨੂੰ ਸਮਝਣ ਦਾ ਹੈ।

ਹੋਰ ਦੇਖੋ:

ਆਪਿ ਉਪਾਏ ਧੰਧੈ ਲਾਏ ॥
ਲਖ ਚਉਰਾਸੀ ਰਿਜਕੁ ਆਪਿ ਅਪੜਾਏ ॥ *(ਮਾਝ ਮਹਲਾ ੩, ਪੰਨਾ 112)*

ਵਾਹਿਗੁਰੂ ਆਪ ਹੀ ਜੀਵਾਂ ਨੂੰ ਪੈਦਾ ਕਰਦਾ ਹੈ ਤੇ ਸਾਰਿਆਂ ਨੂੰ ਰਿਜ਼ਕ ਵੀ ਆਪ ਹੀ ਦਿੰਦਾ ਹੈ ਜਾਂ ਪਹੁੰਚਾਉਂਦਾ ਹੈ:

ਸਾਧਸੰਗ ਕੈ ਨਾਹੀ ਨੇਰਿ ॥
ਲਖ ਚਉਰਾਸੀਹ ਭ੍ਰਮਤਾ ਫੇਰਿ ॥੩॥ *(ਗਉੜੀ ਗੁਆਰੇਰੀ ਮਹਲਾ ੫, ਪੰਨਾ 180)*

ਜੋ ਮਨੁੱਖ ਸਾਧ-ਸੰਗਤ ਵਿਚ ਨਹੀਂ ਜਾਂਦਾ, ਜੋ ਪਰਮਾਤਮਾ ਦਾ ਨਾਮ ਨਹੀਂ ਲੈਂਦਾ, ਉਹ ਜੂਨੀਆਂ ਵਿਚ ਭਟਕਦਾ ਹੈ, ਇਥੇ ਗੁਰੂ ਸਾਹਿਬ ਦਾ ਮੰਤਵ ਇਹੀ ਹੈ ਕਿ ਵਾਹਿਗੁਰੂ ਦੇ ਨਾਮ ਦੀ ਮਹਿਮਾ ਉੱਚੀ ਹੈ ਤੇ ਮਨੁੱਖਾ ਜਨਮ ਦਾ ਲਾਹਾ ਪ੍ਰਭੂ ਦੀ ਉਸਤਤ ਕਰਕੇ ਹੀ ਹੈ। ਭਗਤ ਨਾਮਦੇਵ ਜੀ ਇਸ ਪ੍ਰਚੱਲਿਤ ਵਿਸ਼ਵਾਸ ਬਾਰੇ ਵੀ ਇਸ਼ਾਰਾ ਕਰਦੇ ਹਨ ਕਿ 42 ਲੱਖ ਜੂਨੀਆਂ ਪਾਨੀ ਅੰਦਰ ਹਨ, 42 ਲੱਖ ਧਰਤੀ 'ਤੇ:

ਆਨੀਲੇ ਕੁੰਭ ਭਰਾਈਲੇ ਊਦਕ ਠਾਕੁਰ ਕਉ ਇਸਨਾਨੁ ਕਰਉ ॥
ਬਇਆਲੀਸ ਲਖ ਜੀ ਜਲ ਮਹਿ ਹੋਤੇ ਬੀਠਲੁ ਭੈਲਾ ਕਾਇ ਕਰਉ ॥੧॥
(ਆਸਾ ਨਾਮਦੇਉ ਜੀ, ਪੰਨਾ 485)

ਆਖਦੇ ਹਨ ਕਿ ਘੜਾ ਪਾਨੀ ਦਾ ਭਰ ਕੇ ਠਾਕੁਰ ਨੂੰ ਇਸ਼ਨਾਨ ਤਾਂ ਕਰਾਵਾਂ, ਪਰ ਮੈਂ ਸੁਣਿਆ ਕਿ 42 ਲੱਖ ਜੀਵ ਪਾਨੀ ਵਿਚ ਰਹਿੰਦੇ ਹਨ ਤਾਂ ਪਾਨੀ ਸੁੱਚਾ ਕਿਵੇਂ ਰਹਿ ਗਿਆ? ਇਥੇ ਭਗਤ ਨਾਮਦੇਵ ਜੀ ਵਿਅੰਗਮਈ ਤਰੀਕੇ ਨਾਲ ਆਖਦੇ ਹਨ। ਸਮੁੱਚਾ ਭਾਵ ਤਾਂ ਇਹੀ ਹੈ ਕਿ ਪਰਮਾਤਮਾ ਸਰਵ-ਵਿਆਪਕ ਹੈ ਅਤੇ ਮੂਰਤੀ ਪੂਜਾ ਹੋ ਨਹੀਂ ਸਕਦੀ। ਗੁਰੂ ਜੀ ਨੇ ਜਿਥੇ ਚੌਰਾਸੀ ਲੱਖ ਪ੍ਰਚੱਲਿਤ ਸ਼ਬਦਾਵਲੀ ਦਾ ਪ੍ਰਯੋਗ ਕੀਤਾ, ਉਥੇ 'ਕੋਟ', 'ਅਨੇਕ ਜਨਮ' ਆਦਿ ਸ਼ਬਦਾਂ ਦੀ ਵੀ ਵਰਤੋਂ ਕੀਤੀ

ਹੈ। ਜਿਸ ਭਾਵਨਾ ਵਿਚ ਚੌਰਾਸੀ ਲੱਖ ਕਿਹਾ, ਉਸੇ ਹੀ ਅਰਥਾਂ ਵਿਚ ਕੋਟ ਜਨਮ ਜਾਂ ਅਨੇਕਾਂ ਜਨਮ ਵੀ ਆਖਿਆ :

ਕੋਟਿ ਜਨਮ ਭ੍ਰਮਤੌ ਬਹੁ ਭਾਂਤੀ ਥਿਤਿ ਨਹੀ ਕਤਹੂ ਪਾਈ॥
ਪੂਰਾ ਸਤਿਗੁਰੁ ਸਹਜਿ ਨ ਭੇਟਿਆ ਸਾਕਤੁ ਆਵੈ ਜਾਈ॥੧॥

(ਸਾਰਗ ਮਹਲਾ ੫, ਪੰਨਾ 1224)

ਕੋਟਿ ਜਨਮ ਭ੍ਰਮੰਤ ਜੋਨੀ ਤੇ ਨਾਮ ਸਿਮਰਤ ਤਾਰੇ॥
ਨਾਨਕ ਦਰਸ ਪਿਆਸ ਹਰਿ ਜੀਉ ਆਪਿ ਲੇਹੁ ਸਮਾਰੇ॥੨॥

(ਮਲਾਰ ਮਹਲਾ ੫, ਪੰਨਾ 1278)

ਕੋਟਿ ਜਨਮ ਜੋਨਿ ਭ੍ਰਮਿਓ ਹਾਰਿ ਪਰਿਓ ਦੁਆਰਿ॥੧॥

(ਕਾਨੜਾ ਮਹਲਾ ੫, ਪੰਨਾ 1307)

ਉਪਰੋਕਤ ਗੁਰਬਾਣੀ ਦੀਆਂ ਪੰਗਤੀਆਂ ਅੰਦਰ ਕੋਟ ਜਨਮ ਦੇ ਉਹੀ ਅਰਥ ਹਨ ਜੋ ਚੌਰਾਸੀ ਲੱਖ ਜੂਨੀ ਜਾਂ ਜਨਮ ਦੇ ਹਨ। ਜੇ ਅਸੀਂ ਅੱਖਰੀ ਅਰਥਾਂ ਵਿਚ ਜਾਵਾਂਗੇ ਤਾਂ ਸਹਿਜੇ ਹੀ ਚਕਰਾ ਜਾਵਾਂਗੇ ਕਿ ਚੌਰਾਸੀ ਲੱਖ ਦੀ ਗਿਣਤੀ ਕਰੋੜ ਦੀ ਗਿਣਤੀ ਨਾਲੋਂ ਬਹੁਤ ਭਿੰਨ ਹੈ।

ਗੁਰੂ ਅਰਜਨ ਦੇਵ ਜੀ ਗਉੜੀ ਸੁਖਮਨੀ ਅੰਦਰ ਫ਼ੁਰਮਾ ਰਹੇ ਹਨ :

ਅਨਿਕ ਜੋਨਿ ਜਨਮੈ ਮਰਿ ਜਾਮ॥
ਨਾਮੁ ਜਪਤ ਪਾਵੈ ਬਿਸ੍ਰਾਮ॥ *(ਗਉੜੀ ਸੁਖਮਨੀ ਮਹਲਾ ੫, ਪੰਨਾ 264)*

ਇਥੇ ਚੌਰਾਸੀ ਅਤੇ ਕੋਟ (ਕਰੋੜ) ਦੀ ਥਾਂ ਅਨੇਕ ਜਨਮ ਕਹਿ ਰਹੇ ਹਨ। ਗੁਰਬਾਣੀ ਦੇ ਸੰਦੇਸ਼ ਦੀ ਭਾਵਨਾ ਨੂੰ ਸਮਝਣਾ ਅਤੇ ਉਸ ਅਨੁਸਾਰ ਜੀਵਨ ਢਾਲਣਾ ਹੀ ਮਹੱਤਤਾ ਰੱਖਦਾ ਹੈ, ਨਾ ਕਿ ਸਨਾਤਨੀ ਧਰਮ ਦੀ ਸ਼ਬਦਾਵਲੀ ਨੂੰ ਸਨਾਤਨੀ ਭਾਵਨਾ ਅੰਦਰ ਮੰਨ ਕੇ ਗੁਰਮਤਿ ਦੀ ਸੂਝ ਤੋਂ ਲਾਂਭੇ ਰਹਿਣਾ ਹੈ। ਗੁਰਬਾਣੀ ਅੰਦਰ ਕਈ ਥਾਂ ਅਸੰਖ ਸ਼ਬਦ ਦਾ ਪ੍ਰਯੋਗ ਹੈ ਅਤੇ ਕਿਸੇ ਕਿਸੇ ਸ਼ਬਦ ਵਿਚ ਉਸੇ ਹੀ ਅਰਥਾਂ ਵਿਚ 'ਕੇਤੇ', 'ਕੇਤਿਆ' ਸ਼ਬਦ ਵੀ ਵਰਤੇ ਮਿਲਦੇ ਹਨ।

ਇਥੇ ਹੋਰ ਗੁਰਬਾਣੀ ਦੀਆਂ ਪੰਗਤੀਆਂ ਦੀ ਉਦਾਹਰਣ ਨਾਲ 84 ਲੱਖ ਜਾਂ ਕਰੋੜ ਦੀ ਗਿਣਤੀ ਦੇ ਅਰਥਾਂ ਬਾਰੇ ਸਪੱਸ਼ਟ ਹੋਵੇਗਾ :

ਇਸੁ ਕਾਇਆ ਅੰਦਰਿ ਵਸਤੁ ਅਸੰਖਾ॥ *(ਮਾਝ ਮਹਲਾ ੩, ਪੰਨਾ 110)*

ਇਸੁ ਕਾਇਆ ਅੰਦਰਿ ਬਹੁਤੁ ਪਸਾਰਾ॥ *(ਮਾਝ ਮਹਲਾ ੩, ਪੰਨਾ 112)*

ਕਾਇਆ ਅੰਦਰਿ ਬ੍ਰਹਮਾ ਬਿਸਨੁ ਮਹੇਸਾ ਸਭ ਓਪਤਿ ਜਿਤੁ ਸੰਸਾਰਾ॥

(ਸੂਹੀ ਮਹਲਾ ੩, ਪੰਨਾ 754)

ਕੀ ਇਥੇ ਅਰਥ ਕਰਾਂਗੇ ਕਿ ਇਸ ਸਰੀਰ ਦੇ ਅੰਦਰ ਅਸੰਖ ਹੀ ਚੀਜ਼ਾਂ ਹਨ। ਸਰੀਰ ਅੰਦਰ ਬ੍ਰਹਮਾ, ਸ਼ਿਵ ਤੇ ਵਿਸ਼ਨੂੰ ਰਹਿ ਰਹੇ ਹਨ ? ਗੁਰੂ ਸਾਹਿਬ ਦਾ ਮੰਤਵ ਇਹੀ ਹੈ ਕਿ ਸਰੀਰ ਅੰਦਰ ਰਤਨ ਪਦਾਰਥ ਹਨ ਅਤੇ ਸਾਨੂੰ ਆਪਣੇ ਅੰਦਰੋਂ ਹੀ

ਵਾਹਿਗੁਰੂ ਦਾ ਨਾਮ ਪ੍ਰਾਪਤ ਹੋ ਸਕਦਾ ਹੈ ਅਤੇ ਸਾਨੂੰ ਹੋਰ ਦੇਵੀ ਦੇਵਤਿਆਂ ਦੀ ਪੂਜਾ ਦੀ ਲੋੜ ਨਹੀਂ।

ਜਿਵੇਂ ਪਹਿਲਾਂ ਉਲੇਖ ਕੀਤਾ ਹੈ ਕਿ ਗੁਰੂ ਸਾਹਿਬ ਨੇ ਕੁਦਰਤ ਦੀ ਬੇਅੰਤਤਾ ਨੂੰ ਕਈ ਰੂਪਾਂ ਵਿਚ ਵਰਣਨ ਕੀਤਾ ਹੈ, ਜਿਵੇਂ ਜਪੁਜੀ ਸਾਹਿਬ ਅੰਦਰ ਵੇਦਾਂ ਤੇ ਕਤੇਬਾਂ ਦੇ ਵਿਸ਼ਵਾਸ ਦੀ ਚਰਚਾ ਕੀਤੀ ਹੈ ਕਿ ਕੋਈ ਆਖਦਾ ਹੈ ਕਿ 18 ਹਜ਼ਾਰ ਧਰਤੀਆਂ ਹਨ ਜਾਂ ਲੱਖਾਂ ਹੀ ਪਤਾਲ ਹਨ, ਗੁਰੂ ਸਾਹਿਬ ਆਪਣਾ ਫ਼ੈਸਲਾ ਦਿੰਦੇ ਹਨ ਕਿ ਵਾਹਿਗੁਰੂ ਦੀ ਕਾਇਨਾਤ ਦਾ ਲੇਖਾ-ਜੋਖਾ ਸੰਭਵ ਨਹੀਂ। ਪਹਿਲਾਂ ਅਸੀਂ ਚੌਰਾਸੀ ਲੱਖ ਜੂਨਾਂ ਦੀ ਗੱਲ ਕੀਤੀ ਹੈ, ਗੁਰੂ ਸਾਹਿਬ ਇਕ ਥਾਈਂ ਕਰੋੜਾਂ ਜੂਨਾਂ ਦੀ ਗੱਲ ਵੀ ਕਰਦੇ ਹਨ:

ਕਈ ਕੋਟਿ ਖਾਣੀ ਅਰੁ ਖੰਡ॥
ਕਈ ਕੋਟਿ ਅਕਾਸ ਬ੍ਰਹਮੰਡ॥ *(ਗਉੜੀ ਸੁਖਮਨੀ ਮਹਲਾ ੫, ਪੰਨਾ 276)*

ਮੌਜੂਦਾ ਸਮੇਂ ਵਿਗਿਆਨੀਆਂ ਦਾ ਅੰਦਾਜ਼ਾ ਹੀ ਹੈ ਕਿ ਧਰਤੀ ਉੱਤੇ ਜੂਨੀਆਂ ਦੀ ਗਿਣਤੀ 14 ਕਰੋੜ ਤੋਂ 2000 ਕਰੋੜ ਤਕ ਹੋ ਸਕਦੀ ਹੈ। ਗੁਰੂ ਸਾਹਿਬ ਨੇ ਕਦੀ ਵੀ ਕਿਸੇ ਗਿਣਤੀ 'ਤੇ ਮੋਹਰ ਨਹੀਂ ਲਗਾਈ, ਸਗੋਂ ਉਨ੍ਹਾਂ ਨੇ ਅਨੇਕਾਂ ਸਨਾਤਨੀ ਸ਼ਬਦਾਵਲੀ ਦਾ ਪ੍ਰਯੋਗ ਕਰ ਕੇ, ਉਨ੍ਹਾਂ ਦੀ ਗੁਰਮਤਿ ਸਿੱਧਾਂਤ ਦੇ ਸੰਦਰਭ ਵਿਚ ਨਵੀਂ ਵਿਆਖਿਆ ਪੇਸ਼ ਕੀਤੀ ਹੈ। ਗੁਰਮਤਿ ਦੇ ਧਾਰਨੀ ਕਦਾਚਿਤ ਭੀ ਸਨਾਤਨੀ ਧਰਮ ਦੇ ਵਿਸ਼ਵਾਸੀ ਨਹੀਂ ਹੋ ਸਕਦੇ।

ਸਿੱਖਾਂ ਅੰਦਰ ਹੋਰ ਵਹਿਮਾਂ ਵਾਂਗ ਇਕ ਵਹਿਮ ਇਹ ਵੀ ਹੈ ਕਿ ਜੇ ਕੋਈ ਸ਼ਰਧਾਲੂ ਗੋਇੰਦਵਾਲ ਸਾਹਿਬ ਬਾਉਲੀ ਵਿਖੇ ਹਰ ਪੌੜੀ 'ਤੇ ਇਕ ਜਪੁ ਜੀ ਸਾਹਿਬ ਦਾ ਪਾਠ ਕਰੇ ਤਾਂ ਉਸ ਦੀ ਮੁਕਤੀ ਹੋ ਸਕਦੀ ਹੈ, ਇਹ ਕਿਸ ਨੇ ਕਾਢ ਕੱਢੀ ਜਾਂ ਪ੍ਰਚੱਲਿਤ ਕੀਤਾ ਕਿ ਬਾਉਲੀ ਸਾਹਿਬ ਦੀਆਂ ਚੌਰਾਸੀ ਪੌੜੀਆਂ ਹਨ ? ਦੂਸਰਾ, ਇਕ ਕਥਾਕਾਰ ਕਥਾ ਕਰਦੇ ਆਖਦੇ ਸਨ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸ੍ਰੀ ਦਰਬਾਰ ਸਾਹਿਬ ਚੌਰਾਸੀ ਕਦਮ ਹਨ। ਉਸ ਨੇ ਸਪੱਸ਼ਟ ਨਹੀਂ ਕੀਤਾ ਕਿ ਚੌਰਾਸੀ ਕਦਮ ਬੀਬੀ ਦੇ, ਬੱਚੇ ਦੇ, ਸਿਆਣੇ ਦੇ, ਲੰਬੇ ਕੱਦ ਜਾਂ ਛੋਟੇ ਕੱਦ ਵਾਲੇ ਦੇ ਹਨ। ਹੈਰਾਨੀ ਦੀ ਗੱਲ ਹੈ ਤੇ ਸਮਝ ਨਹੀਂ ਆਉਂਦੀ ਕਿ ਇਹ 'ਚੌਰਾਸੀ' ਸਿੱਖਾਂ ਨੂੰ ਕਿਵੇਂ ਚੰਬੜ ਗਈ। ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਸਾਹਿਬ ਵਿਖੇ ਪਾਣੀ ਦੀ ਸਹੂਲਤ ਲਈ ਅਤੇ ਜਾਤ-ਪਾਤ ਦੀ ਭਿੱਟ ਦੂਰ ਕਰਨ ਲਈ ਸਰਬ-ਸਾਂਝਾ ਭਾਵ ਸਾਰੇ ਲੋਕਾਂ ਨੂੰ ਪਾਣੀ ਵਰਤਣ ਦੀ ਖੁੱਲ੍ਹ ਦਿੱਤੀ। ਜਾਤ-ਪਾਤ ਦੀ ਭਿੱਟ ਦੂਰ ਕਰਨ ਲਈ ਗੁਰੂ ਰਾਮਦਾਸ ਜੀ ਨੇ ਅੰਮ੍ਰਿਤਸਰ ਸਰੋਵਰ ਬਣਾਇਆ। ਅਸੀਂ ਬਿਪਰਨ ਪ੍ਰਭਾਵ ਕਬੂਲ ਕਰ ਕੇ ਕਰਮ-ਕਾਂਡੀ ਬਣ ਰਹੇ ਹਾਂ।

ਜੇ ਅਸੀਂ ਚੌਰਾਸੀ ਜਾਂ ਗਿਣਤੀ-ਮਿਣਤੀ ਦੇ ਚੱਕਰਾਂ ਵਿਚ ਪਵਾਂਗੇ ਤਾਂ ਗੁਰਮਤਿ ਦੇ ਮੁਖ ਮੰਤਵ ਤੋਂ ਥਿੜਕ ਕੇ ਕੁਰਾਹੇ ਪੈ ਜਾਵਾਂਗੇ। ਗੁਰਮਤਿ ਵਿਚ ਅਜਿਹੀਆਂ ਮੰਤਰ ਜੁਗਤੀਆਂ ਜਾਂ ਇਸ਼ਨਾਨ ਕਰਨ ਜਾਂ ਵਿਸ਼ੇਸ਼ ਪਾਠ ਕਰਨ ਨਾਲ ਮੁਕਤੀ ਦਾ ਕੋਈ ਵਿਧਾਨ ਨਹੀਂ ਹੈ। ਸਾਡੇ ਲਈ:

ਤਜਿ ਅਭਿਮਾਨ ਮੋਹ ਮਾਇਆ ਫੁਨਿ ਭਜਨ ਰਾਮ ਚਿਤੁ ਲਾਵਉ ॥
ਨਾਨਕ ਕਹਤ ਮੁਕਤਿ ਪੰਥ ਇਹੁ ਗੁਰਮੁਖਿ ਹੋਇ ਤੁਮ ਪਾਵਉ ॥੨॥੫॥

(ਗਉੜੀ ਮਹਲਾ ੯, ਪੰਨਾ 219)

ਸਾਡਾ ਭਲਾ ਤਦ ਹੀ ਸੰਭਵ ਹੈ ਜੇਕਰ ਅਸੀਂ ਉਨ੍ਹਾਂ ਇਤਿਹਾਸਕ ਰਚਨਾਵਾਂ ਜਾਂ ਗ੍ਰੰਥਾਂ ਦੀ ਕਥਾ ਕਰਨੀ ਬੰਦ ਕਰ ਦੇਈਏ, ਜੋ ਸਾਨੂੰ ਕਰਮ-ਕਾਂਡ ਕਰਨ ਲਈ ਪ੍ਰੇਰਦੀਆਂ ਹਨ। ਭਾਵੇਂ *ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ* ਹੋਵੇ ਜਾਂ *ਗੁਰਬਿਲਾਸ ਪਾਤਿਸ਼ਾਹੀ ਛੇਵੀਂ* ਜਾਂ *ਗੁਰ ਬਿਲਾਸ ਪਾ: ੧੦* ਆਦਿ। ਗੁਰਦੁਆਰੇ ਅੰਦਰ ਕੀਰਤਨ ਅਤੇ ਗੁਰਬਾਣੀ ਦੀ ਕਥਾ ਹੀ ਕੀਤੀ ਜਾਣੀ ਚਾਹੀਦੀ ਹੈ।

ਸਾਨੂੰ ਸਿੱਖ-ਵਿਰੋਧੀ ਏਜੰਸੀਆਂ ਜਾਂ ਤਾਕਤਾਂ ਵੱਲੋਂ ਰਚੀਆਂ ਜਾ ਰਹੀਆਂ ਸਾਜ਼ਸ਼ਾਂ ਤੋਂ ਪੂਰੀ ਤਰ੍ਹਾਂ ਸੁਚੇਤ ਹੋਣਾ ਪਵੇਗਾ। ਸਿੱਖ ਵਿਰੋਧੀ ਏਜੰਸੀਆਂ ਦਾ ਜਤਨ ਹੈ ਕਿ ਸਿੱਖ ਕੌਮ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲੋਂ ਦੂਰੀ ਹੋ ਜਾਵੇ ਅਤੇ ਸਿੱਖ ਵੀ ਉਨ੍ਹਾਂ ਵਾਂਗ ਬੁੱਤ-ਪੂਜਾ ਕਰਨੀ ਸ਼ੁਰੂ ਕਰ ਦੇਣ।

ਸਿਖ ਧਰਮ 'ਚ ਮੁਕਤੀ ਦਾ ਸੰਕਲਪ

ਗੁਰੂ ਗ੍ਰੰਥ ਵਿਸ਼ਵਕੋਸ਼ ਅੰਦਰ ਮੁਕਤੀ ਬਾਰੇ ਪਰਿਭਾਸ਼ਾ ਹੈ ਕਿ 'ਮੁਕਤਿ' ਸ਼ਬਦ ਦਾ ਅਰਥ ਹੈ—ਛੁਟਕਾਰਾ, ਖ਼ਲਾਸੀ, ਰਿਹਾਈ। ਅਧਿਆਤਮਿਕ ਦ੍ਰਿਸ਼ਟੀ ਤੋਂ ਭਾਵ ਹੈ ਮਾਇਆ ਦੇ ਪ੍ਰਭਾਵ ਜਾਂ ਬੰਧਨਾਂ ਤੋਂ ਖ਼ਲਾਸੀ ਜਾਂ ਦੁੱਖਾਂ-ਕਲੇਸ਼ਾਂ ਦਾ ਅੰਤ। (ਪੰਨਾ 387, ਭਾਗ ਦੂਜਾ) ਸਿਖ ਧਰਮ ਦੀ ਸਥਾਪਨਾ ਤੋਂ ਪਹਿਲਾਂ ਮੁਕਤੀ ਬਾਰੇ ਵੱਖ-ਵੱਖ ਖ਼ਿਆਲ ਪ੍ਰਚੱਲਿਤ ਸਨ ਅਤੇ ਮੁਕਤੀ ਦੀਆਂ ਅਨੇਕਾਂ ਭਾਂਤ ਦੀ ਚਰਚਾ ਆਮ ਸੀ। ਪੁਜਾਰੀ ਸ਼੍ਰੇਣੀ ਵੱਲੋਂ ਮਨੁੱਖ ਨੂੰ ਮੁਕਤੀ ਪ੍ਰਾਪਤੀ ਲਈ ਬਹੁਤ ਕਰਮ-ਕਾਂਡਾਂ ਵਿਚ ਉਲਝਾਇਆ ਹੋਇਆ ਸੀ। ਹਿੰਦੂ ਧਰਮ ਗ੍ਰੰਥਾਂ ਨੇ ਮਨੁੱਖ ਜਾਤੀ ਦੀਆਂ ਵੰਡੀਆਂ ਪਾ ਦਿੱਤੀਆਂ ਅਤੇ ਕਰਮ ਸਿਧਾਂਤ ਅਤੇ ਆਵਾਗਵਨ ਤੋਂ ਉਪਰੰਤ ਨਰਕ-ਸੁਰਗ ਦੀਆਂ ਥਾਵਾਂ ਨੂੰ ਵੀ ਕਲਪ ਲਿਆ। ਪੁਜਾਰੀ ਸ਼੍ਰੇਣੀ ਨੇ ਆਪਣੀ ਲੁੱਟ-ਖਸੁੱਟ ਲਈ ਬੇਅੰਤ ਕਰਮ-ਕਾਂਡ ਸਿਰਜ ਲਏ ਅਤੇ ਮਨੁੱਖ ਨੂੰ ਮੁਕਤੀ ਦੀ ਪ੍ਰਾਪਤੀ ਲਈ ਪੁਜਾਰੀ ਸ਼੍ਰੇਣੀ ਉੱਤੇ ਨਿਰਭਰ ਹੋ ਕੇ ਜੀਣਾ ਪਿਆ। ਕਈ ਵਾਰੀ ਤਾਂ ਮਨ ਦਹਿਲ ਜਾਂਦਾ ਹੈ, ਜਦੋਂ ਪੜ੍ਹਦੇ-ਸੁਣਦੇ ਹਾਂ ਕਿ ਮਨੁੱਖ ਨੂੰ ਆਪਣਾ ਸਰੀਰ ਆਰੇ ਨਾਲ ਚਿਰਾਉਣ ਲਈ ਉਤਸ਼ਾਹਤ ਕੀਤਾ ਜਾਂਦਾ ਸੀ, ਤਾਂ ਜੋ ਉਹ ਮਰਨ ਉਪਰੰਤ ਮੁਕਤੀ ਪ੍ਰਾਪਤ ਕਰ ਕੇ ਸੁਰਗਵਾਸੀ ਬਣ ਜਾਏ।

ਇਸ ਤੋਂ ਉਪਰੰਤ ਵੱਖ-ਵੱਖ ਸ਼ਕਤੀਆਂ ਵਾਲੇ ਦੇਵਤੇ ਸਿਰਜ ਲਏ ਅਥਵਾ ਕੁਦਰਤੀ ਸ਼ਕਤੀਆਂ ਦੀ ਪੂਜਾ ਕੀਤੀ ਜਾਣ ਲੱਗ ਪਈ। ਦੇਵਤਿਆਂ ਨੂੰ ਪ੍ਰਸੰਨ ਕਰਨ ਲਈ ਅਨੇਕਾਂ ਉਪਾਸ਼ਨਾ ਵਿਧੀਆਂ ਪ੍ਰਚੱਲਿਤ ਹੋ ਗਈਆਂ। ਇਹ ਸਭ ਕਰਮ-ਕਾਂਡ ਉਪਨਿਸ਼ਦਾਂ ਅੰਦਰ ਮਿਲਦੇ ਹਨ ਅਤੇ ਇਨ੍ਹਾਂ ਕਰਮ-ਕਾਂਡਾਂ ਨੂੰ ਕਰਨ ਦੀ ਵਿਧੀ ਪੁਜਾਰੀ ਵੱਲੋਂ ਨਿਰਧਾਰਤ ਕੀਤੀ ਜਾਂਦੀ ਸੀ।

ਸਿਖ ਧਰਮ ਦੀ ਸਥਾਪਨਾ ਨਾਲ ਭਾਰਤੀ ਸਮਾਜ ਦੇ ਅੰਦਰ ਨਵੇਂ ਇਨਕਲਾਬੀ ਪਰਿਵਰਤਨ ਆਏ। ਸਿਖ ਗੁਰੂਆਂ ਨੇ ਲੋਕਾਈ ਦੀ ਮਾਨਸਿਕਤਾ ਨੂੰ ਉੱਚਾ ਚੁੱਕਣ ਲਈ ਸੰਘਰਸ਼ ਅਰੰਭਿਆ ਅਤੇ ਸਮਾਜ ਅੰਦਰ ਅਗਿਆਨਤਾ ਕਾਰਨ ਹੋ ਰਹੀ ਲੁੱਟ-ਖਸੁੱਟ ਵਿਰੁੱਧ ਆਵਾਜ਼ ਬੁਲੰਦ ਕੀਤੀ। ਉਨ੍ਹਾਂ ਨਿਧੜਕ ਹੋ ਕੇ ਪੁਜਾਰੀ ਸ਼੍ਰੇਣੀ, ਕਾਜ਼ੀਆਂ ਅਤੇ ਜੋਗੀਆਂ ਵੱਲੋਂ ਫੈਲਾਏ ਵਹਿਮ ਅਤੇ ਭਰਮ ਦੇ ਵਿਰੁੱਧ ਲਹਿਰ ਚਲਾ ਦਿੱਤੀ। ਸਮਾਜ ਅੰਦਰ ਊਚ-ਨੀਚ ਅਤੇ ਜਾਤ-ਪਾਤ ਨੂੰ ਮੂਲੋਂ ਹੀ ਰੱਦ ਕਰ ਦਿੱਤਾ। ਇਸਤਰੀ ਜਾਤੀ ਨੂੰ ਬਰਾਬਰ ਦਾ ਦਰਜਾ ਦਿੱਤਾ। ਉਨ੍ਹਾਂ ਨੇ ਰੱਬੀ ਏਕਤਾ ਦਾ ਨਾਅਰਾ ਲਗਾਇਆ ਅਤੇ ਦੇਵੀ-ਦੇਵਤਿਆਂ ਦੀ ਪੂਜਾ ਨੂੰ ਪ੍ਰਵਾਨ ਨਹੀਂ ਕੀਤਾ। ਪੁਜਾਰੀ ਸ਼੍ਰੇਣੀ ਵੱਲੋਂ

ਸਥਾਪਤ ਭਰਮ-ਜਾਲ, ਜਿਵੇਂ ਨਰਕ-ਸੁਰਗ, ਕਰਮ-ਸਿਧਾਂਤ, ਮੁਕਤੀ ਪ੍ਰਾਪਤੀ ਲਈ ਕਰਮ-ਕਾਂਡ ਕਰਨ ਨੂੰ ਤੋੜਨ ਦਾ ਜਤਨ ਕੀਤਾ। ਉਨ੍ਹਾਂ ਨੇ ਸਪੱਸ਼ਟ ਕਰ ਦਿੱਤਾ ਕਿ ਅਕਾਲ ਪੁਰਖ ਦੀ ਨਾ ਕੋਈ ਮੂਰਤ ਅਤੇ ਨਾ ਹੀ ਬੁੱਤ ਕਲਪਿਆ ਜਾ ਸਕਦਾ ਹੈ ਕਿਉਂਕਿ ਉਸ ਦੀ ਹੋਂਦ ਘਟਿ ਘਟਿ ਅੰਦਰ ਬਿਰਾਜਮਾਨ ਹੈ। ਉਹ ਅਦ੍ਰਿਸ਼ਟ ਸ਼ਕਤੀ ਹੈ।

ਸਿੱਖ ਧਰਮ ਅੰਦਰ ਮੁਕਤੀ ਦਾ ਵਿਲੱਖਣ ਸੰਕਲਪ ਹੈ, ਜਿਸ ਨੂੰ ਜੀਵਨ-ਮੁਕਤੀ ਆਖਿਆ ਜਾਂਦਾ ਹੈ। ਇਸ ਮੁਕਤੀ ਦੀ ਪਰਿਭਾਸ਼ਾ ਬਾਰੇ ਭਾਈ ਕਾਨ੍ਹ ਸਿੰਘ ਜੀ ਨਾਭਾ ਲਿਖਦੇ ਹਨ : "ਭ੍ਰਮ ਮੂਲਕ ਰਸਮਾਂ ਅਤੇ ਅਗਿਆਨ ਕਲਪਤਿ ਬੰਧਨਾਂ ਤੋਂ ਛੁਟਕਾਰੇ ਦਾ ਨਾਉ ਮੁਕਤਿ ਹੈ।" (*ਗੁਰਮਤਿ ਮਾਰਤੰਡ*, ਪੰਨਾ 776) ਭਾਰਤੀ ਧਰਮਾਂ ਅਨੁਸਾਰ ਚਾਰ-ਪਦਾਰਥ, ਜਿਵੇਂ ਧਰਮ, ਅਰਥ, ਕਾਮ ਤੇ ਮੋਖ ਦੀ ਪ੍ਰਾਪਤੀ ਮਨੁੱਖ ਦਾ ਪਰਮ-ਨਿਸ਼ਾਨਾ ਹੈ। *ਨਿਆਇ ਦਰਸ਼ਨ* ਅਨੁਸਾਰ ਜਦੋਂ ਆਤਮਾ ਆਪਣੇ ਆਪ ਨੂੰ ਪੂਰਨ ਰੂਪ ਵਿਚ ਸਭ ਪ੍ਰਕਾਰ ਦੇ ਨੌਂ ਗੁਣਾਂ ਤੋਂ ਛੁਟਕਾਰਾ ਪਾ ਲਵੇ ਤਾਂ ਮੁਕਤੀ ਸੰਭਵ ਹੈ, ਪਰ ਇਹ ਮੁਕਤੀ ਮੌਤ ਤੋਂ ਪਹਿਲਾਂ ਨਹੀਂ ਮਿਲ ਸਕਦੀ। ਭਾਰਤੀ ਧਰਮਾਂ ਦੀ ਪਰੰਪਰਾ ਵਿਚ ਕਰਮਾਂ ਨੂੰ ਜੀਵ ਦੇ ਬੰਧਨ ਦੱਸਿਆ ਗਿਆ ਹੈ ਅਤੇ ਕਰਮਾਂ ਅਨੁਸਾਰ ਹੀ ਉਸ ਨੂੰ ਨਰਕ, ਸੁਰਗ ਅਤੇ ਆਵਾਗਵਨ ਅਨੁਸਾਰ ਵਾਰ-ਵਾਰ ਜਨਮ ਲੈਣਾ ਪੈਂਦਾ ਹੈ। ਵਾਸਤਵ ਵਿਚ ਸਿੱਖ ਧਰਮ ਤੋਂ ਬਿਨਾਂ ਕਿਸੇ ਨੇ ਵੀ 'ਜੀਵਨ-ਮੁਕਤੀ' ਦੇ ਸੰਕਲਪ ਨੂੰ ਨਹੀਂ ਸਵੀਕਾਰਿਆ।

ਅਜੋਕੇ ਸਮੇਂ ਵੀ ਵਹਿਮ-ਭਰਮ ਅਧੀਨ ਲੋਕ ਸਮਝਦੇ ਹਨ ਕਿ ਕਿਸੇ ਤੀਰਥ ਜਾਂ ਅਸਥਾਨ 'ਤੇ ਸਰੀਰ ਛੱਡਣ ਜਾਂ ਮਰਨ ਉਪਰੰਤ ਸਸਕਾਰ ਕਰਨ ਨਾਲ ਵਿਅਕਤੀ ਮੁਕਤਿ ਹੋ ਸਕਦਾ ਹੈ। ਪਰ ਜਦੋਂ ਦੂਰਦਰਸ਼ਨ ਟੀ.ਵੀ. ਅਤੇ ਵਿਦੇਸ਼ੀ ਚੈਨਲਾਂ 'ਤੇ ਹਰਿਦੁਆਰ ਤੀਰਥ ਬਾਰੇ ਡਾਕੂਮੈਂਟਰੀ ਦਿਖਾਈ ਜਾਂਦੀ ਹੈ ਤਾਂ ਹੈਰਾਨ ਹੋ ਜਾਈਦਾ ਹੈ ਕਿ ਕਿਵੇਂ ਅਗਿਆਨਤਾ-ਵੱਸ ਲੋਕ ਆਪਣੇ ਮ੍ਰਿਤਕ ਪ੍ਰਾਣੀਆਂ ਦਾ ਵਿਸ਼ੇਸ਼ ਤੌਰ 'ਤੇ ਉਥੇ ਜਾ ਕੇ ਸਸਕਾਰ ਕਰਦੇ ਹਨ ਜਾਂ ਮਰਨ-ਕਿਨਾਰੇ ਵਿਅਕਤੀ ਉਥੇ ਚਲੇ ਜਾਂਦੇ ਹਨ ਅਤੇ ਸੋਚਦੇ ਹਨ ਕਿ ਉਥੇ ਸਰੀਰ ਤਿਆਗਣ ਨਾਲ ਮੁਕਤੀ ਮਿਲ ਜਾਏਗੀ। ਗੁਰਬਾਣੀ ਅੰਦਰ ਉਪਰੋਕਤ ਸੋਚ ਜਾਂ ਮਰਨ ਉਪਰੰਤ ਮੁਕਤੀ ਭਾਵ 'ਮਰਨ ਮੁਕਤਿ' ਦਾ ਪੂਰੀ ਤਰ੍ਹਾਂ ਖੰਡਨ ਕੀਤਾ ਗਿਆ ਹੈ। ਭਗਤ ਨਾਮਦੇਵ ਜੀ ਦੇ ਬਚਨ ਹਨ :

ਮੂਏ ਹੂਏ ਜਉ ਮੁਕਤਿ ਦੇਹੁਗੇ ਮੁਕਤਿ ਨ ਜਾਨੈ ਕੋਇਲਾ॥

(ਮਲਾਰ ਨਾਮਦੇਵ ਜੀ, ਪੰਨਾ 1292)

ਹੇ ਪ੍ਰਭੂ ! ਜੇ ਮਰਨ ਪਿੱਛੋਂ ਮੁਕਤੀ ਦੇਵੋਗੇ ਤਾਂ ਉਹੋ ਜਿਹੀ ਮੁਕਤੀ ਦਾ ਕੀ ਫ਼ਾਇਦਾ ? ਅਜਿਹੀ ਮੁਕਤੀ ਬਾਰੇ ਕੌਣ ਜਾਣੇਗਾ ?

ਪੁਜਾਰੀ ਸ਼੍ਰੇਣੀ ਨੇ ਸੁਆਰਥ ਅਤੇ ਲਾਲਚ ਅਧੀਨ ਹਰਿਦੁਆਰ ਜਾਂ ਬਨਾਰਸ ਸਬੰਧੀ ਪ੍ਰਚਾਰ ਕੀਤਾ ਕਿ ਇਥੇ ਮਰਨ ਵਾਲਿਆਂ ਨੂੰ ਮੁਕਤੀ ਅਤੇ ਹਾੜੰਬੇ ਦੀ ਧਰਤੀ ਉੱਤੇ ਮਰਨ ਵਾਲੇ ਖੋਤੇ ਦੀ ਜੂਨ ਵਿਚ ਪੈਂਦੇ ਹਨ। ਇਸ ਸੋਚ ਵਿਰੁੱਧ ਭਗਤ ਕਬੀਰ ਜੀ ਨੇ ਐਲਾਨ ਕੀਤਾ ਸੀ ਕਿ :

ਮਨਹੁ ਕਠੋਰੁ ਮਰੈ ਬਾਨਾਰਸਿ ਨਰਕੁ ਨ ਬਾਂਚਿਆ ਜਾਈ॥
ਹਰਿ ਕਾ ਸੰਤੁ ਮਰੈ ਹਾੜੰਬੈ ਤ ਸਗਲੀ ਸੈਨ ਤਰਾਈ॥੩॥

(ਆਸਾ ਕਬੀਰ ਜੀ, ਪੰਨਾ 484)

ਜੇ ਕੋਈ ਪਾਪੀ ਬੰਦਾ ਬਨਾਰਸ 'ਚ ਮਰੇ, ਉਸ ਦੀ ਮੁਕਤੀ ਨਹੀਂ ਹੋ ਸਕਦੀ, ਪਰ ਕੋਈ ਗੁਰਮੁਖ, ਸਰਾਪੀ ਧਰਤੀ ਹਾੜੰਬੇ ਵਿਖੇ ਵੀ ਮਰ ਜਾਏ ਤਾਂ ਉਹ ਆਪ ਵੀ ਮੁਕਤ ਹੈ ਤੇ ਦੂਜਿਆਂ ਨੂੰ ਵੀ ਤਾਰ ਦਿੰਦਾ ਹੈ। ਇਸ ਸ਼ਬਦ ਦਾ ਭਾਵ-ਅਰਥ ਇਹੀ ਹੈ ਕਿ:

ਪੂਜਹੁ ਰਾਮੁ ਏਕੁ ਹੀ ਦੇਵਾ॥
ਸਾਚਾ ਨਾਵਣੁ ਗੁਰ ਕੀ ਸੇਵਾ॥ *(ਆਸਾ ਕਬੀਰ ਜੀ, ਪੰਨਾ 484)*

ਪਰਮਾਤਮਾ ਤੋਂ ਬਿਨਾਂ ਕਿਸੇ ਤੀਰਥ 'ਤੇ ਇਸ਼ਨਾਨ ਜਾਂ ਉਥੇ ਜਾਣ ਨਾਲ ਮੁਕਤੀ ਨਹੀਂ ਹੋ ਸਕਦੀ ਅਤੇ ਅਸਲ ਤੀਰਥ ਰੱਬੀ ਗੁਣਾਂ ਨੂੰ ਧਾਰਨ ਕਰਨਾ ਹੈ। ਇਹੋ ਜਿਹੇ ਗੁਰਮਤਿ ਵਿਰੋਧੀ ਸੰਕਲਪ ਸਿੱਖਾਂ ਅੰਦਰ ਵੀ ਦੇਖੇ ਜਾ ਸਕਦੇ ਹਨ। ਉਹ ਆਪਣੇ ਮ੍ਰਿਤਕ ਪ੍ਰਾਣੀਆਂ ਦੇ ਅਸਤ ਦੇਸ਼-ਵਿਦੇਸ਼ਾਂ ਤੋਂ ਲਿਜਾ ਕੇ ਸ੍ਰੀ ਕੀਰਤਪੁਰ ਸਾਹਿਬ ਜਾਂਦੇ ਹਨ ਅਤੇ ਸਮਝਦੇ ਹਨ ਕਿ ਇੰਜ ਕਰਨ ਨਾਲ ਮ੍ਰਿਤਕ ਦਾ ਸ਼ਾਇਦ ਭਲਾ ਹੋ ਜਾਵੇ। ਇਸ ਤੋਂ ਬਿਨਾਂ ਮ੍ਰਿਤਕ ਸੰਸਕਾਰ ਦੌਰਾਨ ਅਨੇਕਾਂ ਕਰਮ-ਕਾਂਡ ਕਰਨ ਨੂੰ ਮਹੱਤਤਾ ਦਿੱਤੀ ਜਾਂਦੀ ਹੈ।

ਗੁਰਮਤਿ ਅੰਦਰ ਪ੍ਰਭੂ ਨਾਲ ਅਭੇਦ ਹੋਣਾ, ਪ੍ਰਭੂ-ਪਿਆਰ ਵਿਚ ਸਮਾ ਜਾਣਾ, ਹਮੇਸ਼ਾ ਇੱਛਾ ਰਹਿਤ ਹੋ ਕੇ ਉਸ ਦੇ ਹੁਕਮ ਤੇ ਭਾਣੇ ਨੂੰ ਮੰਨਣਾ ਹੀ ਮੁਕਤੀ ਹੈ:

ਆਗਿਆ ਮਹਿ ਭੂਖ ਸੋਈ ਕਰਿ ਸੂਖਾ ਸੋਗ ਹਰਖ ਨਹੀ ਜਾਨਿਓ॥
ਜੋ ਜੋ ਹੁਕਮੁ ਭਇਓ ਸਾਹਿਬ ਕਾ ਸੋ ਮਾਥੈ ਲੇ ਮਾਨਿਓ॥੩॥
ਭਇਓ ਕ੍ਰਿਪਾਲੁ ਠਾਕੁਰੁ ਸੇਵਕ ਕਉ ਸਵਰੇ ਹਲਤ ਪਲਾਤਾ॥
ਧੰਨੁ ਸੇਵਕੁ ਸਫਲੁ ਓਹੁ ਆਇਆ ਜਿਨਿ ਨਾਨਕ ਖਸਮੁ ਪਛਾਤਾ॥੪॥੫॥

(ਮਾਰੂ ਮਹਲਾ ੫, ਪੰਨਾ 1000)

ਗੁਰਮਤਿ ਵਿਚ ਮੁਕਤ ਹੋਣ ਦਾ ਭਾਵ ਕਿਸੇ ਕਲਪਤਿ ਸਵਰਗ ਜਾਂ ਬੈਕੁੰਠ ਦਾ ਵਾਸਾ ਨਹੀਂ, ਸਗੋਂ ਜਿਉਂਦੇ-ਜੀਅ ਸੰਸਾਰ ਵਿਚ ਵਿਚਰਦਿਆਂ ਮੁਕਤ ਹੋਣਾ ਹੈ। ਜਿਥੋਂ ਤਕ ਸਵਰਗ ਜਾਂ ਨਰਕ ਆਦਿ ਥਾਵਾਂ ਬਾਰੇ ਜ਼ਿਕਰ ਹੈ, ਸਵਾਮੀ ਰਾਮ ਤੀਰਥ 'ਦੰਡੀ ਸੰਨਿਆਸੀ' ਜੀ ਨੇ ਬਹੁਤ ਸੁੰਦਰ ਵਿਚਾਰ ਦਿੱਤੇ ਹਨ, ਜੋ ਉਨ੍ਹਾਂ ਨੇ ਗੁਰਬਾਣੀ ਦਾ ਅਧਿਐਨ ਕਰਨ ਉਪਰੰਤ ਅਨੁਭਵ ਕੀਤਾ ਕਿ ਗੁਰੂ ਵਾਕਾਂ ਵਿਚ ਨਾ ਕਿਸੇ ਵੈਤਰਣੀ ਦਾ ਜ਼ਿਕਰ ਹੈ ਤੇ ਨਾ ਹੀ ਕਿਸੇ ਕਲਪਿਤ ਨਰਕ-ਸਵਰਗ ਦਾ। ਇਸ ਜੀਵਨ ਨੂੰ ਹੀ ਸਵਰਗਮਈ ਜਾਂ ਨਰਕਮਈ ਅਵਸਥਾਵਾਂ 'ਚੋਂ ਲੰਘਦਾ ਦੱਸਿਆ ਹੈ। ਸ਼ੁਭ ਅਤੇ ਸੱਚੇ ਅਮਲ ਜਿਹੜੇ ਨਿਰਮਲ ਹਿਰਦੇ ਰਾਹੀਂ ਪ੍ਰਭੂ ਨੂੰ ਆਪਣੇ ਅੰਦਰ ਜਾਣ ਕੇ ਦੁਬਿਧਾ ਤੇ ਸੰਸੇ ਤਿਆਗ ਕੇ ਕਰਤੱਵ ਬੁੱਧੀ ਨਾਲ ਕੀਤੇ ਜਾਣ, ਸਵਰਗਮਈ ਜੀਵਨ ਦੇ ਸੂਚਕ ਹਨ। ਪਰ ਇਸ ਤੋਂ ਬਿਪਰੀਤ, ਭਟਕਣਾ ਭਰਿਆ ਜੀਵਨ, ਨਰਕਾਂ ਦਾ ਜੀਵਨ ਹੈ:

ਅਮਲੁ ਕਰਿ ਧਰਤੀ ਬੀਜੁ ਸਬਦੋ ਕਰਿ ਸਚ ਕੀ ਆਬ ਨਿਤ ਦੇਹਿ ਪਾਣੀ ॥
ਹੋਇ ਕਿਰਸਾਣੁ ਈਮਾਨੁ ਜੰਮਾਇ ਲੈ ਭਿਸਤੁ ਦੋਜਕੁ ਮੂੜੇ ਏਵ ਜਾਣੀ ॥੧॥

(ਸਿਰੀਰਾਗੁ ਮਹਲਾ ੧, ਪੰਨਾ 24)

ਭਾਵ ਅਮਲ ਰੂਪੀ ਧਰਤੀ ਵਿਚ ਸ਼ਬਦ ਰੂਪੀ ਬੀਜ ਬੀਜੋ ਤੇ ਸੱਚ ਰੂਪੀ ਪਾਣੀ ਨਾਲ ਸਿੰਜੋ। ਜੇ ਇਸ ਤਰ੍ਹਾਂ ਕਿਰਸਾਨ ਬਣ ਕੇ ਈਮਾਨ ਉਗਾਵੇ ਤਾਂ ਸੁਰਗ ਭੋਗ ਰਿਹਾ ਮੰਨੋ, ਪਰ ਇਸ ਤੋਂ ਉਲਟ ਚਲਨਾ ਨਰਕ ਦਾ ਜਿਊਣਾ ਹੈ।

(ਸਰਵੋਤਮ ਧਰਮ ਗ੍ਰੰਥ—ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 55-56)

ਗੁਰਬਾਣੀ ਵਿਚ ਹੋਰ ਪ੍ਰਮਾਣ ਹਨ, ਜੋ ਨਰਕ/ਸੁਰਗ ਦੀ ਸਪੱਸ਼ਟ ਵਿਆਖਿਆ ਕਰਦੇ ਹਨ:

ਤਹਾ ਬੈਕੁੰਠੁ ਜਹ ਕੀਰਤਨੁ ਤੇਰਾ ਤੂੰ ਆਪੇ ਸਰਧਾ ਲਾਇਹਿ ॥੨॥

(ਸੂਹੀ ਮਹਲਾ ੫, ਪੰਨਾ 749)

ਭਾਵ ਜਿਥੇ ਪ੍ਰਭੂ ਕੀਰਤੀ ਹੈ ਜਾਂ ਵਾਹਿਗੁਰੂ ਦੀ ਸਿਫ਼ਤਿ-ਸਾਲਾਹ ਹੋਵੇ, ਉਹ ਅਸਥਾਨ ਸਵਰਗ ਹੀ ਸਮਝੋ। ਭਗਤ ਕਬੀਰ ਜੀ ਆਖ ਰਹੇ ਹਨ:

ਕਵਨੁ ਨਰਕੁ ਕਿਆ ਸੁਰਗੁ ਬਿਚਾਰਾ ਸੰਤਨ ਦੋਊ ਰਾਦੇ ॥
ਹਮ ਕਾਹੂ ਕੀ ਕਾਣਿ ਨ ਕਢਤੇ ਅਪਨੇ ਗੁਰ ਪਰਸਾਦੇ ॥੫॥

(ਰਾਮਕਲੀ ਕਬੀਰ ਜੀ, ਪੰਨਾ 969)

ਭਾਵੇਂ ਨਰਕ ਹੈ ਜਾਂ ਸੁਰਗ, ਇਨ੍ਹਾਂ ਕਲਪਿਤ ਦੋਨਾਂ ਥਾਵਾਂ ਨੂੰ ਸੰਤ ਲੋਕਾਂ ਨੇ ਰੱਦ ਕਰ ਦਿੱਤਾ ਹੈ। ਇਨ੍ਹਾਂ ਦੀ ਹੋਂਦ ਅਤੇ ਆਪਣੇ ਪ੍ਰਭੂ ਦੀ ਕਿਰਪਾ ਸਦਕਾ ਅਜਿਹੀਆਂ ਥਾਵਾਂ ਦੀ ਪ੍ਰਵਾਹ ਹੀ ਨਹੀਂ ਕਰਦੇ।

ਜਿਵੇਂ ਪਹਿਲਾਂ ਵੀ ਉਲੇਖ ਕੀਤਾ ਸੀ ਕਿ ਗੁਰਮਤਿ ਅੰਦਰ ਜੀਵਨ-ਮੁਕਤੀ ਦਾ ਵਿਲੱਖਣ ਸਿਧਾਂਤ ਹੈ ਅਤੇ ਹਰ ਵਿਅਕਤੀ ਸਚਿਆਰ ਬਣ ਕੇ ਜੀਵਨ-ਮੁਕਤੀ ਦਾ ਅਨੰਦ ਭੋਗ ਸਕਦਾ ਹੈ:

ਜੀਵਨ ਮੁਕਤੁ ਸੋ ਆਖੀਐ ਜਿਸੁ ਵਿਚਹੁ ਹਉਮੈ ਜਾਇ ॥੬॥

(ਮਾਰੂ ਮਹਲਾ ੧, ਪੰਨਾ 1009-10)

ਗੁਰ ਪਰਸਾਦੀ ਹਉਮੈ ਛੁਟੈ ਜੀਵਨ ਮੁਕਤੁ ਸੋ ਹੋਇ ॥

(ਵਾਰ ਰਾਮਕਲੀ ਮਹਲਾ ੩, ਪੰਨਾ 948)

ਜਿਸ ਵਿਅਕਤੀ ਦੇ ਅੰਦਰੋਂ ਹਉਮੈ ਦਾ ਅਭਾਵ ਹੋ ਜਾਵੇ, ਉਹ ਸਮਝੋ ਜੀਵਨ-ਮੁਕਤ ਹੈ ਅਤੇ ਗੁਰੂ ਦੀ ਕਿਰਪਾ ਨਾਲ ਮਨੁੱਖ ਹਉਮੈ ਰਹਿਤ ਹੋ ਸਕਦਾ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜੀਵਨ-ਮੁਕਤ ਸੰਬੰਧੀ ਗਉੜੀ ਸੁਖਮਨੀ ਅੰਦਰ ਬਹੁਤ ਸੁੰਦਰ ਵਿਆਖਿਆ ਕੀਤੀ ਹੋਈ ਹੈ:

ਪ੍ਰਭ ਕੀ ਆਗਿਆ ਆਤਮ ਹਿਤਾਵੈ ॥
ਜੀਵਨ ਮੁਕਤਿ ਸੋਊ ਕਹਾਵੈ ॥
ਤੈਸਾ ਹਰਖੁ ਤੈਸਾ ਉਸੁ ਸੋਗੁ ॥
ਸਦਾ ਅਨੰਦੁ ਤਹ ਨਹੀ ਬਿਓਗੁ ॥

ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥
ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥
ਤੈਸਾ ਮਾਨੁ ਤੈਸਾ ਅਭਿਮਾਨੁ ॥
ਤੈਸਾ ਰੰਕੁ ਤੈਸਾ ਰਾਜਾਨੁ ॥
ਜੋ ਵਰਤਾਏ ਸਾਈ ਜੁਗਤਿ ॥
ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ ॥੭॥

(ਗਉੜੀ ਸੁਖਮਨੀ ਮਹਲਾ ੫, ਪੰਨਾ 275)

ਪਰਮਾਤਮਾ ਦੇ ਭਾਣੇ ਵਿਚ ਰਹਿਣਾ, ਜਿਹੋ ਜਿਹੀ ਖ਼ੁਸ਼ੀ, ਉਸ ਤਰ੍ਹਾਂ ਹੀ ਸੋਗ, ਭਾਵ ਗ਼ਮੀ ਖ਼ੁਸ਼ੀ (ਸੋਗ ਹਰਖ) ਦਾ ਕੋਈ ਪ੍ਰਭਾਵ ਨਹੀਂ, ਅਜਿਹੇ ਵਿਅਕਤੀ ਲਈ ਸੋਨੇ ਤੇ ਮਿੱਟੀ 'ਚ ਕੋਈ ਅੰਤਰ ਨਹੀਂ, ਕੋਈ ਗੌਰਵ ਜਾਂ ਹੰਕਾਰ ਦੀ ਭਾਵਨਾ ਨਹੀਂ, ਭਾਵੇਂ ਉਸ ਲਈ ਭਿਖਾਰੀ ਹੋਵੇ ਜਾਂ ਰਾਜਾ, ਉਸ ਦੀ ਦ੍ਰਿਸ਼ਟੀ ਵਿਚ ਕੋਈ ਅੰਤਰ ਨਹੀਂ, ਇਹੋ ਜਿਹੇ ਇਨਸਾਨ ਜੋ ਵਾਹਿਗੁਰੂ ਦੇ ਭਾਣੇ ਜਾਂ ਰਜ਼ਾ ਵਿਚ ਰਹਿੰਦੇ ਹਨ, ਸਮਝੋ ਅਸਲ ਜੀਵਨ-ਮੁਕਤ ਹਨ।

ਉਪਰੋਕਤ ਵਿਚਾਰਾਂ ਨਾਲ ਗੁਰੂ ਤੇਗ਼ ਬਹਾਦਰ ਸਾਹਿਬ ਰਾਗ ਸੋਰਠਿ ਅੰਦਰ ਜੀਵਨ-ਮੁਕਤਿ ਤੇ ਸਚਿਆਰ ਮਨੁੱਖ ਦੇ ਲੱਛਣ ਦੱਸ ਰਹੇ ਹਨ:

ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥
ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ ॥੧॥ਰਹਾਉ॥
ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ ॥
ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ ॥੧॥
ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ ॥
ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮੁ ਨਿਵਾਸਾ ॥੨॥
ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ ॥
ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ ॥੩॥੧੧॥

(ਸੋਰਠਿ ਮਹਲਾ ੯, ਪੰਨੇ 633-34)

ਗੁਰੂ ਅਰਜਨ ਸਾਹਿਬ ਵੱਲੋਂ ਗਉੜੀ ਸੁਖਮਨੀ ਅੰਦਰ ਦਿੱਤੇ ਮੁਕਤਿ ਵਿਅਕਤੀ ਦੇ ਲੱਛਣ ਅਤੇ ਗੁਰੂ ਤੇਗ਼ ਬਹਾਦਰ ਜੀ ਵੱਲੋਂ ਦਿੱਤੇ ਲੱਛਣਾਂ ਵਿਚ ਰਤੀ ਭਰ ਵੀ ਅੰਤਰ ਨਹੀਂ। ਇਸ ਤੋਂ ਭਲੀ ਪ੍ਰਕਾਰ ਸਪੱਸ਼ਟ ਹੁੰਦਾ ਹੈ ਕਿ ਗੁਰਮਤਿ ਅੰਦਰ ਮੁਕਤੀ ਪ੍ਰਾਪਤੀ ਤੋਂ ਭਾਵ ਮਾਨਸਿਕ ਤਬਦੀਲੀ ਹੀ ਹੈ, ਭਾਵ ਉਹੀ ਜੀਵਨ-ਮੁਕਤ ਹੈ, ਜਿਸ ਨੇ ਆਪਣੇ ਆਪ ਨੂੰ ਪਰਮਾਤਮਾ ਅੱਗੇ ਪੂਰੀ ਤਰ੍ਹਾਂ ਸਮਰਪਣ ਕਰ ਦਿੱਤਾ ਹੈ ਅਤੇ ਰੱਬੀ ਗੁਣਾਂ ਨੂੰ ਆਪਣੇ ਹਿਰਦੇ ਅੰਦਰ ਵਸਾ ਲਿਆ ਹੈ।

ਮੁਕਤੀ ਪ੍ਰਾਪਤੀ ਲਈ ਮਨੁੱਖ ਨੂੰ ਜਿਉਂਦੇ-ਜੀਅ ਹੱਠ ਸਾਧਨਾ ਜਾਂ ਘਰ-ਬਾਰ ਛੱਡ ਕੇ ਜੰਗਲਾਂ ਵਿਚ ਤਪ ਕਰਨ ਦੀ ਲੋੜ ਨਹੀਂ ਹੈ। ਉਸ ਲਈ ਸਮਾਜ ਅੰਦਰ ਰਹਿੰਦਿਆਂ ਸਚਿਆਰ ਬਣ ਕੇ, ਸਮਾਜ ਦਾ ਅੰਗ ਬਣ ਕੇ ਰਹਿਣ ਨਾਲ ਹੀ ਮੁਕਤ-ਅਵਸਥਾ ਪ੍ਰਾਪਤ ਹੋ ਸਕਦੀ ਹੈ:

ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥
ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ ॥੨॥

(ਵਾਰ ਗੂਜਰੀ ਮਹਲਾ ੫, ਪੰਨਾ 522)

ਸਰਦੂਲ ਸਿੰਘ ਕਵੀਸ਼ਰ (ਸਿੱਖ ਵਿਦਵਾਨ) ਮੁਕਤੀ ਬਾਰੇ ਸੁੰਦਰ ਤੇ ਸੰਖੇਪ ਵਿਚਾਰ ਦਿੰਦੇ ਹਨ ਕਿ "ਸਿੱਖੀ ਵਿਚ ਮੋਖਸ਼ ਜਾਂ ਮੁਕਤੀ ਇਕ ਦਸ਼ਾ, ਮਾਨਸਿਕ ਤੇ ਅਧਿਆਤਮਕ ਬਿਰਤੀ ਦਾ ਨਾਂ ਹੈ, ਕਿਸੇ ਥਾਂ ਦਾ ਨਾਮ ਨਹੀਂ, ਜਿਵੇਂ ਯਹੂਦੀਆਂ, ਮੁਸਲਮਾਨਾਂ ਤੇ ਈਸਾਈਆਂ ਦਾ ਬਹਿਸ਼ਤ ਜਾਂ ਅਕਸਰ ਹਿੰਦੂਆਂ ਜਾਂ ਜੈਨੀਆਂ ਦਾ ਸਵਰਗ। ਸਚਖੰਡ ਸਾਡੇ ਹਿਰਦੇ ਅੰਦਰ ਹੈ, ਆਤਮਾ ਉਸ ਦਾ ਅਨੰਦ ਅੰਤਰ-ਆਤਮੇ ਮਾਣ ਸਕਦੀ ਹੈ, ਸਾਨੂੰ ਕਿਤੇ ਬਾਹਰ ਜਾਣ ਦੀ ਲੋੜ ਨਹੀਂ, ਆਪਣੇ ਹਿਰਦੇ ਨੂੰ ਹੀ ਅਕਾਲ ਪੁਰਖ ਦੇ ਨਿਵਾਸ ਲਈ ਯੋਗ ਥਾਂ ਬਣਾਓ। ਤੁਸੀਂ ਹਿਰਦੇ ਅੰਦਰ ਹੀ ਦਰਸ਼ਨ ਕਰ ਲਉਗੇ। ਹਉਮੈ ਨੂੰ ਜੜ੍ਹੋਂ ਪੁੱਟ ਦਿਉ, ਉਸ ਦੀ ਥਾਂ ਕਰਤਾਰ ਦੇ ਪ੍ਰੇਮ ਦਾ ਬੂਟਾ ਲਾ ਦਿਉ ਤਾਂ ਤੁਸੀਂ ਜੀਵਨ ਦਾ ਪਰਮ ਮਨੋਰਥ ਪ੍ਰਾਪਤ ਕਰੋਗੇ। *(ਸਿੱਖ ਧਰਮ ਦਰਸ਼ਨ, ਪੰਨਾ 330)*

ਗੁਰੂ ਸਾਹਿਬਾਨਾਂ ਨੇ ਸਾਨੂੰ ਦ੍ਰਿੜ੍ਹ ਕਰਾਉਣ ਦਾ ਜਤਨ ਕੀਤਾ ਹੈ ਕਿ ਵਾਹਿਗੁਰੂ ਦੀ ਪ੍ਰਾਪਤੀ ਅਸੀਂ ਆਪਣੇ ਅੰਦਰੋਂ ਕਰਨੀ ਹੈ ਅਤੇ ਅਸੀਂ ਆਪਣੇ ਅੰਦਰ ਹੀ ਖੋਜ ਕਰਨੀ ਹੈ ਕਿਉਂਕਿ ਵਾਹਿਗੁਰੂ ਕਿਤੇ ਹੋਰ ਥਾਂ ਨਹੀਂ ਹੈ:

ਬੋਲਹੁ ਸਾਚੁ ਪਛਾਣਹੁ ਅੰਦਰਿ ॥
ਦੂਰਿ ਨਾਹੀ ਦੇਖਹੁ ਕਰਿ ਨੰਦਰਿ ॥
ਬਿਘਨੁ ਨਾਹੀ ਗੁਰਮੁਖਿ ਤਰੁ ਤਾਰੀ ਇਉ ਭਵਜਲੁ ਪਾਰਿ ਲੰਘਾਈ ਹੇ ॥੧੨॥

(ਮਾਰੂ ਮਹਲਾ ੧, ਪੰਨਾ 1026)

ਅਸੀਂ ਆਪਣੇ ਮਨ ਨੂੰ ਗੁਰੂ ਦੀ ਮਤਿ ਨਾਲ ਵੱਸ ਕਰਨਾ ਹੈ, ਤਾਂ ਜੋ ਸੰਸਾਰ ਰੂਪੀ ਮਾਇਆ ਤੋਂ ਨਿਰਲੇਪ ਰਹਿ ਕੇ, ਸੱਚੇ ਮਾਰਗ 'ਤੇ ਚੱਲ ਕੇ, ਜਗਤ ਭਲਾਈ ਕਰਨ ਦੇ ਯੋਗ ਹੋਈਏ। ਗੁਰੂ ਦੀ ਕਿਰਪਾ ਦੁਆਰਾ ਸੱਚੀ ਤੇ ਸੁੱਚੀ ਮਤ ਦੇ ਧਾਰਨੀ ਬਣ ਸਕਦੇ ਹਾਂ, ਜੇਕਰ ਸਾਡੇ ਜੀਵਨ ਅੰਦਰ ਚੱਜ-ਆਚਾਰ ਉੱਚਾ ਹੋਵੇ ਤਾਂ ਹੀ ਸਾਡੀ ਮਤ ਉੱਚੀ ਮੰਨੀ ਜਾਵੇਗੀ:

ਜਹ ਕਰਣੀ ਤਹ ਪੂਰੀ ਮਤਿ ॥
ਕਰਣੀ ਬਾਝਹੁ ਘਟੇ ਘਟਿ ॥੩॥ *(ਸਿਰੀਰਾਗੁ ਮਹਲਾ ੧, ਪੰਨਾ 25)*

ਸਾਨੂੰ ਇਹ ਵੀ ਫ਼ੈਸਲਾ ਕਰਨਾ ਪਵੇਗਾ ਕਿ ਕੀ ਅਸੀਂ ਨਿਰੋਲ ਗੁਰਮਤਿ ਦੇ ਧਾਰਨੀ ਬਣ ਕੇ ਜੀਵਨ ਸਫਲ ਕਰਨਾ ਹੈ, ਜਾਂ ਭੇਖੀ ਬਾਬਿਆਂ ਦੇ ਭਰਮ-ਜਾਲ ਵਿਚ ਫਸ ਕੇ ਅਤੇ ਕਰਮ-ਕਾਂਡਾਂ ਵਿਚ ਉਲਝ ਕੇ, ਭਟਕਣਾ ਭਰਿਆ ਜੀਵਨ ਬਤੀਤ ਕਰਨਾ ਹੈ।

ਗੁਰਬਾਣੀ ਅੰਦਰ ਅਨੇਕਾਂ ਪ੍ਰਮਾਣ ਹਨ, ਜਿਨ੍ਹਾਂ ਦੁਆਰਾ ਗੁਰਮਤਿ ਦਾ ਮੁਕਤੀ ਬਾਰੇ ਸਿਧਾਂਤ ਸਪੱਸ਼ਟ ਹੁੰਦਾ ਹੈ ਅਤੇ ਜੀਵਨ-ਮੁਕਤੀ ਦਾ ਸਹੀ ਤੇ ਸੁਖਾਲਾ ਮਾਰਗ ਪ੍ਰਾਪਤ ਕੀਤਾ ਜਾ ਸਕਦਾ ਹੈ:

ਜਿਸੁ ਅੰਤਰਿ ਪ੍ਰੀਤਿ ਲਗੈ ਸੋ ਮੁਕਤਾ ॥
ਇੰਦ੍ਰੀ ਵਸਿ ਸਚ ਸੰਜਮਿ ਜੁਗਤਾ ॥
ਗੁਰ ਕੈ ਸਬਦਿ ਸਦਾ ਹਰਿ ਧਿਆਏ ਏਹਾ ਭਗਤਿ ਹਰਿ ਭਾਵਣਿਆ ॥੭॥

(ਮਾਝ ਮਹਲਾ ੩, ਪੰਨਾ 122)

ਤਜਿ ਅਭਿਮਾਨ ਮੋਹ ਮਾਇਆ ਫੁਨਿ ਭਜਨ ਰਾਮ ਚਿਤੁ ਲਾਵਉ ॥
ਨਾਨਕ ਕਹਤ ਮੁਕਤਿ ਪੰਥ ਇਹੁ ਗੁਰਮੁਖਿ ਹੋਇ ਤੁਮ ਪਾਵਉ ॥੨॥੫॥

(ਗਉੜੀ ਮਹਲਾ ੯, ਪੰਨਾ 219)

ਗੁਰਦੁਆਰਿਆਂ ਅੰਦਰ ਕਰਮ-ਕਾਂਡਾਂ ਦੀ ਭਰਮਾਰ

ਕਰਮ-ਕਾਂਡ ਦੀ ਜੋ ਪਰਿਭਾਸ਼ਾ *ਗੁਰੂ ਗ੍ਰੰਥ ਵਿਸ਼ਵਕੋਸ਼* ਅੰਦਰ ਹੈ, ਉਸ ਦਾ ਉਲੇਖ ਕਰਨਾ ਮਹੱਤਵਪੂਰਨ ਹੋਵੇਗਾ, ਤਾਂ ਜੋ ਅਸੀਂ ਭਲੀ ਪ੍ਰਕਾਰ ਕਰਮ-ਕਾਂਡ ਬਾਰੇ ਜਾਣ ਸਕੀਏ। "ਕਰਮ ਦਾ ਅਰਥ ਹੈ ਕ੍ਰਿਆ ਅਤੇ ਕਾਂਡ ਦਾ ਅਰਥ ਹੈ ਹਿੱਸਾ ਜਾਂ ਭਾਗ। ਕਰਮ ਕਾਂਡ ਦਾ ਮੂਲ ਸਰੋਕਾਰ ਵੈਦਿਕ ਧਰਮ ਨਾਲ ਹੈ। ...ਸਥੂਲ ਰੂਪ ਵਿਚ ਧਾਰਮਿਕ ਕ੍ਰਿਆਵਾਂ ਨੂੰ ਹੀ ਕਰਮ-ਕਾਂਡ ਕਿਹਾ ਜਾਂਦਾ ਹੈ। ...ਫਲਸਰੂਪ, ਕਰਮ ਕਾਂਡ ਤੋਂ ਭਾਵ ਹੈ, ਹਰ ਧਰਮ ਦੇ ਉਹ ਕਰਮ ਜੋ ਸੱਚੀ ਅਤੇ ਨਿਸ਼ਕਾਮ ਪ੍ਰੇਮ-ਭਾਵਨਾ ਤੋਂ ਸੁੰਨੇ ਹੋਣ।" (ਪੰਨਾ 317, ਭਾਗ ਪਹਿਲਾ) ਗੁਰਬਾਣੀ ਅੰਦਰ ਪਾਖੰਡ ਪੂਰਨ ਕਰਮ-ਕਾਂਡਾਂ ਨੂੰ ਭੰਡਿਆ ਗਿਆ ਹੈ:

> **ਕਰਮ ਕਾਂਡ ਬਹੁ ਕਰਹਿ ਅਚਾਰ ॥**
> **ਬਿਨੁ ਨਾਵੈ ਧ੍ਰਿਗੁ ਧ੍ਰਿਗੁ ਅਹੰਕਾਰ ॥੩॥**

(ਗਉੜੀ ਗੁਆਰੇਰੀ ਮਹਲਾ ੩, ਪੰਨਾ 162)

ਅਸੀਂ ਅਨੇਕਾਂ ਵਾਰ ਦੇਖਾ-ਦੇਖੀ ਅਜਿਹੇ ਕਰਮ ਕਰਦੇ ਹਾਂ, ਜਿਨ੍ਹਾਂ ਦਾ ਗੁਰਮਤਿ ਨਾਲ ਕੋਈ ਸੰਬੰਧ ਨਹੀਂ ਹੁੰਦਾ, ਪਰ ਵਹਿਮ ਅਤੇ ਭਰਮ ਕਾਰਨ ਅਜਿਹੇ ਕਰਮ ਕਰਨ ਤੋਂ ਮੁਕਤ ਨਹੀਂ ਹੋ ਸਕਦੇ। ਇਹੋ ਜਿਹੇ ਸਮੂਹ ਕਰਮਾਂ ਨੂੰ ਕਰਮ-ਕਾਂਡ ਹੀ ਆਖ ਸਕਦੇ ਹਾਂ। ਗੁਰਬਾਣੀ ਅੰਦਰ ਕਰਮ-ਕਾਂਡਾਂ ਸੰਬੰਧੀ ਬਹੁਤ ਚਰਚਾ ਕੀਤੀ ਹੋਈ ਹੈ ਅਤੇ ਸਮੂਹ ਵਹਿਮ-ਭਰਮ ਅਥਵਾ ਕਰਮ-ਕਾਂਡਾਂ ਤੋਂ ਮੁਕਤ ਹੋਣ ਲਈ ਗੁਰਮਤਿ ਦ੍ਰਿੜ੍ਹ ਕਰਵਾਉਂਦੀ ਹੈ, ਫਿਰ ਵੀ ਅਸੀਂ ਗੁਰਮਤਿ ਸੰਦੇਸ਼ ਦੇ ਉਲਟ ਕਰਮ ਕਰੀ ਜਾ ਰਹੇ ਹਾਂ। ਭਾਵੇਂ ਖ਼ਾਲਸਾ ਪੰਥ ਨੇ 1945 ਈ: ਵਿਚ ਸਿੱਖ ਰਹਿਤ ਮਰਯਾਦਾ ਬਣਾਈ, ਜਿਸ ਅੰਦਰ ਕੁਝ ਸੰਸਕਾਰਾਂ ਨੂੰ ਕਰਨ ਦੀ ਵਿਧੀ ਲਿਖੀ ਗਈ, ਪਰ ਦੁਖ ਉਸ ਸਮੇਂ ਹੁੰਦਾ ਹੈ, ਜਦੋਂ ਸਿੱਖ ਨੇਤਾ ਹੀ ਗੁਰਮਤਿ ਦੇ ਉਲਟ ਕਰਮ-ਕਾਂਡ ਕਰਦੇ ਹਨ ਅਤੇ ਉਨ੍ਹਾਂ ਦੀ ਖ਼ਬਰ ਅਖ਼ਬਾਰਾਂ ਦੇ ਮੁਖ ਪੰਨਿਆਂ ਉੱਤੇ ਛਪਦੀ ਹੈ। ਕਈ ਵਾਰ ਅਜਿਹੇ ਪਰਿਵਾਰ ਜੋ ਆਰਥਿਕ ਤੌਰ 'ਤੇ ਕਮਜ਼ੋਰ ਹੁੰਦੇ ਹਨ, ਪਰ ਕਰਮ-ਕਾਂਡ ਜਾਂ ਵਹਿਮ-ਭਰਮ ਕਰਨ ਤੋਂ ਸੰਕੋਚ ਨਹੀਂ ਕਰਦੇ, ਵਿਦੇਸ਼ਾਂ ਤੋਂ ਪਰਿਵਾਰ ਆਪਣੇ ਮ੍ਰਿਤਕ ਪ੍ਰਾਣੀਆਂ ਦੇ ਅਸਤ ਲੈ ਕੇ ਪੰਜਾਬ ਵਿਚ ਵਿਸ਼ੇਸ਼ ਥਾਵਾਂ 'ਤੇ ਜਾ ਕੇ ਪਾਉਂਦੇ ਹਨ। ਪੰਜਾਬ ਵਿਚ ਸਿੱਖ ਨੇਤਾ ਵੀ ਉਪਰੋਕਤ ਕਰਮ-ਕਾਂਡ ਤੋਂ ਮੁਕਤੀ ਨਹੀਂ ਪਾ ਸਕੇ ਅਤੇ ਜਥੇਦਾਰ ਜਿਨ੍ਹਾਂ ਦੀ ਨਿਯੁਕਤੀ ਉਹੀ ਨੇਤਾ ਕਰਦੇ ਹਨ, ਅਜਿਹੇ ਗੁਰਮਤਿ ਵਿਰੋਧੀ ਕਰਮ-ਕਾਂਡਾਂ ਨੂੰ ਦੇਖ ਕੇ ਅੱਖਾਂ ਮੀਟ ਲੈਂਦੇ ਹਨ ਅਤੇ ਚੁੱਪ ਵੱਟੀ ਰੱਖਦੇ ਹਨ।

ਇਸ ਗੱਲ ਤੋਂ ਵੀ ਮੁਨਕਰ ਨਹੀਂ ਹੋ ਸਕਦੇ ਕਿ ਅਜੋਕੇ ਸਮੇਂ ਗੁਰਦੁਆਰਿਆਂ ਅੰਦਰ ਅਖੰਡ ਪਾਠਾਂ ਦੀ ਲੜੀਆਂ ਵੀ ਕਰਮ-ਕਾਂਡ ਹੀ ਹਨ। ਜਦੋਂ ਕੋਈ ਬਾਣੀ ਸੁਣਦਾ ਹੀ ਨਹੀਂ ਤਾਂ ਅਜਿਹੇ ਪਾਠਾਂ ਦਾ ਕੀ ਲਾਭ ਹੋ ਸਕਦਾ ਹੈ। ਗੁਰਬਾਣੀ ਆਖ ਰਹੀ ਹੈ :

ਭਾਈ ਰੇ ਗੁਰਮੁਖਿ ਬੂਝੈ ਕੋਇ ॥
ਬਿਨੁ ਬੂਝੇ ਕਰਮ ਕਮਾਵਣੇ ਜਨਮੁ ਪਦਾਰਥੁ ਖੋਇ ॥੧॥ਰਹਾਉ॥

(ਸਿਰੀਰਾਗੁ ਮਹਲਾ ੩, ਪੰਨਾ 33)

ਪਾਠੁ ਪੜੈ ਨਾ ਬੂਝਈ ਭੇਖੀ ਭਰਮਿ ਭੁਲਾਇ ॥ *(ਸਿਰੀਰਾਗੁ ਮ: ੩, ਪੰਨਾ 66)*

ਪੜਿ ਪੜਿ ਪੋਥੀ ਸਿੰਮ੍ਰਿਤਿ ਪਾਠਾ ॥
ਬੇਦ ਪੁਰਾਣ ਪੜੈ ਸੁਣਿ ਥਾਟਾ ॥
ਬਿਨੁ ਰਸ ਰਾਤੇ ਮਨੁ ਬਹੁ ਨਾਟਾ ॥੭॥ *(ਗਉੜੀ ਮਹਲਾ ੧, ਪੰਨਾ 226)*

ਮੂਰਖ ਅੰਧੇ ਤ੍ਰੈ ਗੁਣ ਸੇਵਹਿ ਮਾਇਆ ਕੈ ਬਿਉਹਾਰੀ ॥
ਅੰਦਰਿ ਕਪਟੁ ਉਦਰੁ ਭਰਣ ਕੈ ਤਾਈ ਪਾਠ ਪੜਹਿ ਗਾਵਾਰੀ ॥

(ਵਾਰ ਸਾਰੰਗ, ਮਹਲਾ ੩, ਪੰਨਾ 1246)

ਜਿਥੋਂ ਤਕ ਅਗਿਆਨਤਾ ਕਾਰਨ ਲੋਕ ਦੂਰ ਬੈਠੇ ਇਤਿਹਾਸਕ ਅਸਥਾਨਾਂ 'ਤੇ ਅਖੰਡ ਪਾਠ ਕਰਾਉਂਦੇ ਹਨ ਤੇ ਗਿਆਨ ਵਿਹੂਣੇ ਪ੍ਰਬੰਧਕ ਡਾਕ ਰਾਹੀਂ ਮੁਖਵਾਕ ਵਾਲਾ ਸ਼ਬਦ ਸ਼ਰਧਾਲੂ ਪਰਿਵਾਰ ਨੂੰ ਭੇਜ ਦਿੰਦੇ ਹਨ, ਭਲਾ ਸੋਚੀਏ ਇਹੋ ਜਿਹੇ ਕਰਮ-ਕਾਂਡੀ ਪਾਠ ਦਾ ਫਲ ਕਿਸ ਨੂੰ ਮਿਲੇਗਾ ? ਇਕ ਸੱਚੀ ਘਟਨਾ ਯਾਦ ਆਈ। ਇਕੇਰਾਂ ਇਕ ਸ਼ਰਧਾਲੂ ਬੀਬੀ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਸਿੰਘ ਪਾਸ ਆਈ ਤੇ ਆਖਣ ਲੱਗੀ ਕਿ ਸਹਿਜ ਪਾਠ ਕਰਾਉਣਾ ਹੈ ਅਤੇ ਜਦੋਂ ਪਾਠ ਦਾ ਭੋਗ ਪਵੇਗਾ, ਦੱਸ ਦੇਣਾ। ਭਾਈ ਸਾਹਿਬ ਹੋਰਾਂ ਉਸ ਬੀਬੀ ਨੂੰ ਆਖਿਆ, "ਭਲਾ ਜੇ ਮੈਂ ਪਾਠ ਹੀ ਨਾ ਕਰਾਂ ਤੇ ਤੁਹਾਨੂੰ ਆਖ ਦੇਵਾਂ ਕਿ ਮੈਂ ਪਾਠ ਕੀਤਾ ਹੈ।" ਇਸ ਦੇ ਉੱਤਰ ਵਿਚ ਬੀਬੀ ਜੀ ਨੇ ਕਿਹਾ ਕਿ ਤੁਹਾਨੂੰ ਪਾਪ ਲੱਗੇਗਾ। ਤਾਂ ਭਾਈ ਸਾਹਿਬ ਜੀ ਨੇ ਕਿਹਾ, "ਬੀਬੀ ਜੀ, ਜੇ ਮੈਂ ਇਸ਼ਨਾਨ ਕਰ ਕੇ ਸ਼ਰਧਾ ਨਾਲ ਰੋਜ਼ ਪਾਠ ਕਰਾਂ, ਤਾਂ ਪਾਠ ਦਾ ਫਲ ਕਿਸ ਨੂੰ ਮਿਲੇਗਾ ?" ਬੀਬੀ ਜੀ ਨਿਰਉੱਤਰ ਹੋ ਗਈ।

ਸਪੋਕਸਮੈਨ ਦੇ 12 ਮਈ, 2012 ਦੇ ਅੰਕ ਦੀ ਖ਼ਬਰ ਕਿ ਨਾਨਕਸਰ ਠਾਠ (ਜਗਰਾਉਂ) ਵਿਖੇ ਅਖੰਡ ਪਾਠ ਦੇ ਵਿਉਪਾਰ ਦਾ ਪਰਦਾ ਫ਼ਾਸ਼ ਹੋਇਆ। ਉਥੇ ਬਾਬਾ ਸਾਧੂ ਸਿੰਘ ਜੀ ਦੀ ਬਰਸੀ 'ਤੇ ਇਕੋਤਰੀ ਪਾਠ ਲਈ ਪਾਠੀ ਬਾਹਰੋਂ ਲਿਆਂਦੇ ਗਏ। ਉਨ੍ਹਾਂ ਨਾਲ ਸੌਦਾ ਤਹਿ ਹੋਇਆ ਸੀ ਕਿ ਇਕ ਪਾਠ ਦੇ 2500 ਰੁਪਏ ਮਿਲਣਗੇ। ਸਮਾਗਮ ਸ਼ੁਰੂ ਹੋਣ ਨੇੜੇ ਪਾਠੀਆਂ ਨੂੰ ਪਾਠ ਦੇ ਠੇਕੇਦਾਰਾਂ ਨੇ ਕਿਹਾ ਕਿ ਪਾਠ ਦੇ 1600 ਰੁਪਏ ਮਿਲਣਗੇ ਤੇ ਮੌਕੇ 'ਤੇ ਆਖਣ ਲੱਗੇ ਕਿ 500 ਰੁਪਏ ਹੀ ਮਿਲਣਗੇ। ਇਸ 'ਤੇ ਪਾਠੀਆਂ ਨੇ ਧਰਨਾ ਲਗਾ ਦਿੱਤਾ ਅਤੇ ਦੱਸਿਆ ਗਿਆ ਕਿ ਬਾਬੇ ਆਪ ਸ਼ਰਧਾਲੂਆਂ ਪਾਸੋਂ ਇਕ ਪਾਠ ਦੇ 9000 ਰੁਪਏ ਲੈਂਦੇ ਹਨ ਅਤੇ ਪਾਠੀਆਂ ਨੂੰ ਘੱਟ

ਪੈਸੇ ਦੇ ਕੇ, ਪਾਠਾਂ ਦੇ ਠੇਕੇਦਾਰ ਕਮਾਈ ਖ਼ੂਬ ਕਰਦੇ ਹਨ। ਇਨ੍ਹਾਂ ਡੇਰੇਦਾਰਾਂ ਦੀ ਅੰਨ੍ਹੀ ਕਮਾਈ ਦਾ ਮੁਖ ਕਾਰਨ "ਪਰਜਾ ਅੰਧੀ ਗਿਆਨ ਬਿਨੁ" ਹੀ ਹੈ। ਗੁਰਬਾਣੀ ਦਾ ਵਾਕ ਹੈ:

ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ ਇਨ੍ਹ ਪੜਿਆ ਮੁਕਤਿ ਨ ਹੋਈ॥

(ਸੂਹੀ ਮਹਲਾ ੫, ਪੰਨਾ 747)

ਇਥੇ ਅਸੀਂ ਇਹ ਨਹੀਂ ਸਮਝ ਲੈਣਾ ਕਿ ਇਕੱਲੇ ਬੇਦ ਸਿੰਮ੍ਰਿਤੀਆਂ ਦੀ ਗੱਲ ਕੀਤੀ ਹੈ, ਇਸ ਦਾ ਭਾਵ-ਅਰਥ ਹੈ ਕਿ ਬਿਨਾਂ ਵਿਚਾਰ ਜਾਂ ਬੁਝਿਆਂ ਕਿਸੇ ਵੀ ਗ੍ਰੰਥ ਨੂੰ ਪੜ੍ਹਨ ਦਾ ਕੋਈ ਲਾਭ ਨਹੀਂ ਹੋ ਸਕਦਾ।

ਭਾਈ ਕਾਨ੍ਹ ਸਿੰਘ ਜੀ ਨਾਭਾ ਅਨੁਸਾਰ: "ਕਈ ਪ੍ਰੇਮੀ ਸਿੱਖ ਆਪ ਪੜ੍ਹਨ ਦੀ ਥਾਂ ਭੇਟਾ ਦੇ ਕੇ ਪਾਠ ਕਰਾਉਣਾ ਮਹਾਨ ਪੁੰਨ ਸਮਝਦੇ ਹਨ, ਕਈ ਡਾਕ ਵਿਚ ਰੁਪਏ ਭੇਜ ਕੇ ਪਾਠ ਦਾ ਮਹਾਤਮ ਖ਼ਰੀਦ ਲੈਂਦੇ ਹਨ। ਅਜੇਹੇ ਰਸਮੀ ਪਾਠਾਂ 'ਤੇ ਧਨ ਖ਼ਰਚਣ ਦੀ ਥਾਂ, ਜੇ ਵਿੱਦਿਆ ਦੇ ਪ੍ਰਚਾਰ ਲਈ ਉੱਦਮ ਕੀਤਾ ਜਾਵੇ ਅਤੇ ਅਨੇਕਾਂ ਬੋਲੀਆਂ ਵਿਚ ਗੁਰਬਾਣੀ ਦਾ ਉਲਥਾ ਕਰ ਕੇ ਸਤਿਗੁਰ ਨਾਨਕ ਦਾ ਉਪਦੇਸ਼ ਜਗਤ ਵਿਚ ਫੈਲਾਯਾ ਜਾਵੇ, ਤਦ ਅਖੈ ਪੁੰਨ ਅਤੇ ਲਾਭ ਹੋ ਸਕਦਾ ਹੈ।" *(ਗੁਰਮਤਿ ਮਾਰਤੰਡ*, ਪੰਨਾ 423)

ਪੰਜਾਬ ਤੋਂ ਬਾਹਰ ਸਚਖੰਡ ਤਖ਼ਤ ਸ੍ਰੀ ਹਜ਼ੂਰ ਸਾਹਿਬ, ਨੰਦੇੜ ਵਿਖੇ ਹਿੰਦੂ ਮੰਦਰਾਂ ਦੀ ਤਰਜ਼ 'ਤੇ ਟੱਲ ਖੜਕਾਉਣੇ ਅਤੇ ਉਨ੍ਹਾਂ ਵਾਂਗੂੰ ਆਰਤੀ ਕਰਨੀ ਗੁਰਮਤਿ ਵਿਰੋਧੀ ਕਰਮ-ਕਾਂਡ ਹਨ। ਉਸ ਅਸਥਾਨ 'ਤੇ ਹੀ ਸ਼ਸਤਰਾਂ ਦੀ ਪੂਜਾ ਅਤੇ ਸੰਗਤਾਂ ਦੀ ਹਾਜ਼ਰੀ 'ਚ ਬੱਕਰੇ ਝਟਕਾਉਣੇ, ਬਲੀ ਦੇਣ ਵਾਂਗ ਕਰਮ ਅਥਵਾ ਖ਼ੂਨ ਨਾਲ ਸ਼ਸਤਰਾਂ ਉੱਪਰ ਟਿੱਕੇ ਲਗਾਉਣੇ ਗੁਰਮਤਿ ਵਿਰੋਧੀ ਕਰਮ ਹਨ। ਪਰ ਪੰਥਕ ਜਥੇਦਾਰਾਂ ਨੇ ਚੁੱਪ ਵੱਟੀ ਹੋਈ ਹੈ। ਇਸ ਉਪਰੰਤ ਜੋ ਆਰਤੀ ਵਾਲੇ ਸ਼ਬਦਾਂ ਦਾ ਇਤਿਹਾਸਕ ਅਸਥਾਨਾਂ ਜਾਂ ਗੁਰਦੁਆਰਿਆਂ ਵਿਚ ਰਾਗੀ ਕੀਰਤਨ ਕਰਦੇ ਹਨ, ਉਹ ਗੁਰਮਤਿ ਪਰੰਪਰਾ ਨਹੀਂ ਹੈ।

ਕਈ ਥਾਈਂ ਇਕ ਹੋਰ ਨਵਾਂ ਕਰਮ-ਕਾਂਡ ਦੇਖਣ ਨੂੰ ਮਿਲਦਾ ਹੈ। ਸ਼ਰਧਾਲੂ ਲੋਕਾਂ ਨੂੰ, ਗੁਰਦੁਆਰਾ ਸਾਹਿਬ ਅੰਦਰ ਜੁਰਾਬਾਂ ਸਮੇਤ ਦਾਖ਼ਲ ਹੋਣ ਤੋਂ ਰੋਕ ਦਿੱਤਾ ਜਾਂਦਾ ਹੈ। ਭਾਵੇਂ ਸ੍ਰੀ ਦਰਬਾਰ ਸਾਹਿਬ ਦੇ ਪ੍ਰਬੰਧਕਾਂ ਵੱਲੋਂ ਵਿਦੇਸ਼ੀ ਯਾਤਰੂਆਂ ਨੂੰ ਜੁਰਾਬਾਂ ਦਿੱਤੀਆਂ ਜਾਂਦੀਆਂ ਹਨ। ਇਕੇਰਾਂ ਜਦੋਂ ਇੰਗਲੈਂਡ ਦੀ ਮਹਾਰਾਣੀ (1997 ਵਿਚ) ਨੇ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਕੀਤੇ, ਤਾਂ ਉਸ ਨੂੰ ਵਿਸ਼ੇਸ਼ ਜੁਰਾਬਾਂ ਦਾ ਜੋੜਾ ਪ੍ਰਦਾਨ ਕੀਤਾ ਗਿਆ, ਪਰ ਦੇਸੀ ਸ਼ਰਧਾਲੂਆਂ ਲਈ ਜੁਰਾਬਾਂ ਸਮੇਤ ਦਰਸ਼ਨ ਕਰਨ ਦੀ ਆਗਿਆ ਨਹੀਂ ਹੈ। ਦੂਸਰਾ, ਸਾਰੇ ਪ੍ਰਵੇਸ਼-ਦੁਆਰਾਂ ਵਿਖੇ ਪਾਣੀ (ਚਰਨ ਗੰਗਾ) ਹੋਣ ਕਾਰਨ ਕਿਸੇ ਲਈ ਵੀ ਜੁਰਾਬਾਂ ਸਮੇਤ ਅੰਦਰ ਜਾਣਾ ਸੰਭਵ ਨਹੀਂ ਹੋ ਸਕਦਾ। ਇਹ ਕਰਮ-ਕਾਂਡ ਵਿਦੇਸ਼ਾਂ ਵਿਚ ਵੀ ਪਹੁੰਚ ਚੁੱਕਾ ਹੈ, ਭਾਵੇਂ ਇਸ ਦਾ ਪਾਸਾਰ ਨਹੀਂ ਹੋਇਆ, ਪਰ ਕਈ ਥਾਈਂ ਪ੍ਰਬੰਧਕਾਂ ਵੱਲੋਂ ਲਿਖ ਕੇ ਲਗਾਇਆ ਹੋਇਆ ਹੈ ਕਿ ਜੁਰਾਬਾਂ ਲਾਹ ਕੇ ਅੰਦਰ ਜਾਓ।

ਪੈਰ ਧੋਣ ਦਾ ਕਰਮ-ਕਾਂਡ ਭਾਰਤ ਅੰਦਰ ਸਭ ਥਾਈਂ ਹੈ। ਚਲੋ, ਮੰਨਦੇ ਹਾਂ

ਕਿ ਉਥੋਂ ਦੇ ਸਭਿਆਚਾਰ ਅੰਦਰ ਪਹਿਲਾਂ ਪਹਿਲ ਲੋਕ ਨੰਗੇ ਪੈਰੀਂ ਰਹਿੰਦੇ ਸਨ ਜਾਂ ਨੰਗੇ ਪੈਰੀਂ ਕਿਸੇ ਧਾਰਮਿਕ ਅਸਥਾਨ 'ਤੇ ਜਾਣ ਨੂੰ ਪਵਿੱਤਰ ਕਰਮ ਸਮਝਿਆ ਜਾਂਦਾ ਸੀ, ਜਿਸ ਕਾਰਨ ਉਨ੍ਹਾਂ ਦੇ ਪੈਰ ਸੁਭਾਵਕ ਹੀ ਗੰਦੇ ਹੋ ਜਾਂਦੇ ਸਨ। ਇਸ ਲਈ ਅਜਿਹੇ ਲੋਕਾਂ ਲਈ ਪੈਰ ਸਾਫ਼ ਕਰਨ ਲਈ ਸਹੂਲਤ ਜ਼ਰੂਰੀ ਸੀ। ਪਰ ਅੱਜਕੱਲ੍ਹ ਸਭ ਗੁਰਦੁਆਰਿਆਂ ਦੇ ਬਾਹਰ ਲਗਾਤਾਰ ਪਾਣੀ ਚੱਲ ਰਿਹਾ ਹੁੰਦਾ ਹੈ, ਜਿਥੋਂ ਹਰ ਇਕ ਨੂੰ ਮਜਬੂਰਨ ਹੀ ਚਰਨ ਧੋਣੇ ਪੈਂਦੇ ਹਨ, ਭਾਵੇਂ ਅੱਗੇ ਜਾ ਕੇ ਫ਼ਰਸ਼ ਗੰਦਾ ਹੀ ਹੋਵੇ ਕਿਉਂਕਿ ਉਥੇ ਪੈਰ ਸੁਕਾਉਣ ਲਈ ਕੋਈ ਸਾਧਨ ਉਪਲਬਧ ਨਹੀਂ ਕੀਤਾ ਹੁੰਦਾ। ਵਿਦੇਸ਼ਾਂ ਵਿਚ ਮਿੱਟੀ ਘੱਟੇ ਦੀ ਅਣਹੋਂਦ ਹੁੰਦੀ ਹੈ, ਜੇਕਰ ਵਿਦੇਸ਼ਾਂ ਵਿਚ ਪੈਰ ਧੋ ਕੇ ਜਾਣ ਦਾ ਕਰਮ ਪ੍ਰਚੱਲਿਤ ਹੋਵੇ ਤਾਂ ਉਹ ਸੱਚੀ-ਮੁੱਚੀ ਕਰਮ-ਕਾਂਡ ਹੀ ਹੋਵੇਗਾ। ਗਿੱਲੇ ਪੈਰਾਂ ਨਾਲ ਪ੍ਰਵੇਸ਼ ਕਰਨ ਕਾਰਨ ਕਾਰਪੈਟ (ਕੁਲੀਨ) ਗੰਦਾ ਹੋ ਜਾਂਦਾ ਹੈ ਅਤੇ ਇਸ ਸੰਬੰਧ 'ਚ ਅਸੀਂ ਸੋਚਦੇ ਹੀ ਨਹੀਂ।

ਕਈ ਗੁਰਦੁਆਰਿਆਂ ਅੰਦਰ ਹੱਠ ਨਾਲ ਜਪ-ਤਪ ਕਰਨ ਦੇ ਅਨੇਕਾਂ ਕਰਮ-ਕਾਂਡ ਪ੍ਰਚੱਲਿਤ ਕੀਤੇ ਜਾ ਰਹੇ ਹਨ। ਕੁਝ ਸਮਾਂ ਪਹਿਲਾਂ ਟੋਰੰਟੋ (ਕੈਨੇਡਾ) ਦੇ ਇਕ ਗੁਰਦੁਆਰੇ ਵਿਚ ਚਾਲ੍ਹੀ ਦਿਨ ਲਗਾਤਾਰ ਸੁਖਮਨੀ ਦੇ ਪਾਠ ਅਤੇ ਸ਼ਬਦ ਰਟਨ ਹੋਏ ਅਤੇ ਸੰਗਤਾਂ ਨੂੰ ਦੱਸਿਆ ਗਿਆ ਕਿ ਚਾਲ੍ਹੀ ਮੁਕਤਿਆਂ ਦੀ ਯਾਦ ਵਿਚ ਇਹ ਸਮਾਗਮ ਹੋਏ ਹਨ। ਭਲਾ ਸੋਚੀਏ, ਇੰਜ ਚਾਲ੍ਹੀ ਦਿਨ ਹੱਠ ਨਾਲ ਕੀਤੇ ਪਾਠ ਜਾਂ ਸ਼ਬਦ ਰਟਨ ਨਾਲ ਕੀ ਲਾਭ ਹੋਇਆ ? ਬੇਹਤਰ ਇਹ ਹੁੰਦਾ, ਜੇਕਰ ਸਿੱਖ ਸ਼ਹੀਦਾਂ ਦੀ ਯਾਦ 'ਚ ਸੈਮੀਨਾਰ ਕੀਤੇ ਜਾਂਦੇ ਅਤੇ ਬੱਚਿਆਂ ਨੂੰ ਇਤਿਹਾਸਕ ਸਾਖੀਆਂ ਸੁਣਾਈਆਂ ਜਾਂਦੀਆਂ। ਮੈਂ ਇਕ ਹੋਰ ਕਰਮ-ਕਾਂਡ ਬਾਰੇ ਗੱਲ ਕਰਨ ਲਈ ਮੁਆਫ਼ੀ ਚਾਹੁੰਦਾ ਹਾਂ। ਹੋ ਸਕਦੈ ਕਿਸੇ ਨੂੰ ਮੇਰੇ ਵੱਲੋਂ ਕਹੀ ਗੱਲ ਚੰਗੀ ਵੀ ਨਾ ਲੱਗੇ ਜਾਂ ਕਿਸੇ ਦੇ ਮਨ ਨੂੰ ਠੇਸ ਪਹੁੰਚੇ। ਅਜੋਕੇ ਸਮੇਂ ਨਾਮ ਸਿਮਰਨ ਜਾਂ ਨਾਮ ਅਭਿਆਸ, ਗੁਰਮੰਤਰ ਜਾਪ ਦੇ ਨਾਮ ਹੇਠ ਨਵਾਂ ਕਰਮ-ਕਾਂਡ ਪ੍ਰਚੱਲਿਤ ਹੋ ਗਿਆ ਹੈ। ਕੈਨੇਡਾ ਵਿਚ ਇਹ ਪਰੰਪਰਾ ਸਾਲ 1977 ਤੋਂ ਸ਼ੁਰੂ ਹੋਈ, ਜਦੋਂ ਭਾਈ ਜੀਵਨ ਸਿੰਘ ਜੀ ਇਥੇ ਆਏ। ਉਸ ਤੋਂ ਪਹਿਲਾਂ ਕੈਨੇਡਾ ਦੇ ਇਤਿਹਾਸ ਵਿਚ ਗੁਰਦੁਆਰਿਆਂ ਅੰਦਰ ਇਹ ਨਾਮ ਸਿਮਰਨ (?) ਪਰੰਪਰਾ ਨਹੀਂ ਸੀ। ਦਾਸ ਵੀ ਸ਼ੁਰੂ ਸ਼ੁਰੂ ਵਿਚ ਇਸ ਕਰਮ-ਕਾਂਡੀ 'ਨਾਮ-ਅਭਿਆਸ' ਵਿਚ ਸ਼ਾਮਲ ਹੁੰਦਾ ਰਿਹਾ ਹਾਂ। ਮੈਂ ਬਹੁਤ ਵਾਰੀ ਇਨ੍ਹਾਂ ਨਾਮ ਅਭਿਆਸੀਆਂ ਨੂੰ ਸੁੱਤੇ ਪਏ ਵੀ ਦੇਖਦਾ ਸੀ, ਕਿਉਂਕਿ ਇਨ੍ਹਾਂ ਸਮਾਗਮਾਂ ਵਿਚ ਸ਼ਾਮਲ ਹੋਣ ਲਈ ਹੱਠ ਕਰਨਾ ਪੈਂਦਾ ਸੀ। ਜਦੋਂ ਗੁਰਮਤਿ ਬਾਰੇ ਸੂਝ ਪ੍ਰਾਪਤ ਹੋਈ, ਉਸ ਸਮੇਂ ਤੋਂ ਇਸ ਨਾਮ-ਸਿਮਰਨ ਜਾਂ ਹੱਠ ਨਾਲ ਸ਼ਬਦ ਰਟਨ ਨੂੰ ਕਰਮ-ਕਾਂਡ ਸਮਝਦਾ ਹਾਂ। ਭਿੰਡਰਾਂਵਾਲੀ ਟਕਸਾਲ ਅੰਦਰ ਪਹਿਲਾਂ ਅਜਿਹੇ ਨਾਮ-ਸਿਮਰਨ ਜਾਂ ਸ਼ਬਦ ਰਟਨ ਦੀ ਕੋਈ ਪਰੰਪਰਾ ਨਹੀਂ ਸੁਣੀ, ਪਰ ਅਖੰਡ ਕੀਰਤਨੀ ਜਥੇ ਵੱਲੋਂ ਗੁਰਮੰਤਰ ਅਭਿਆਸ ਨੂੰ ਅਨਿੱਖੜਵਾਂ ਅੰਗ ਮੰਨਣ ਕਾਰਨ, ਇਹ ਕਰਮ-ਕਾਂਡ ਬਹੁਤ ਗੁਰਦੁਆਰਿਆਂ ਅੰਦਰ ਸ਼ੁਰੂ ਹੋ ਚੁੱਕਾ ਹੈ। ਕੁਝ ਗੁਰਦੁਆਰਿਆਂ ਵਿਚ ਇਹ ਪਰੰਪਰਾ ਹਫ਼ਤੇ 'ਚ ਇਕ ਦਿਨ, ਇਕ ਘੰਟੇ ਲਈ ਪੱਕੀ ਸਥਾਪਤ ਕਰ ਦਿੱਤੀ ਗਈ, ਕਈ ਥਾਈਂ ਹਰ ਰੋਜ਼ ਇਕ ਘੰਟਾ

ਨਾਮ-ਅਭਿਆਸ ਕੀਤਾ ਜਾਂਦਾ ਹੈ। ਇਸ ਕਰਮ-ਕਾਂਡ ਦੇ ਪ੍ਰਚੱਲਿਤ ਹੋਣ ਦਾ ਮੁੱਖ ਕਾਰਨ ਇਹੀ ਹੈ ਕਿ ਅਸੀਂ ਨਾਮ ਬਾਰੇ ਗੁਰਮਤਿ ਦੇ ਸੰਕਲਪ ਨੂੰ ਨਾ ਸਮਝ ਸਕੇ। ਭਾਵੇਂ ਪ੍ਰਿੰਸੀਪਲ ਤੇਜਾ ਸਿੰਘ, ਡਾਕਟਰ ਸ਼ੇਰ ਸਿੰਘ (ਗਿਆਨੀ), ਗਿਆਨੀ ਸ਼ੇਰ ਸਿੰਘ (ਠੀਕਰੀਵਾਲਾ), ਡਾਕਟਰ ਗੁਰਬਖ਼ਸ਼ ਸਿੰਘ ਅਤੇ ਅਨੇਕਾਂ ਸਿੱਖ ਵਿਦਵਾਨਾਂ ਨੇ ਨਾਮ ਦੇ ਸੰਕਲਪ ਬਾਰੇ ਬਹੁਤ ਸਪੱਸ਼ਟ ਲਿਖਿਆ ਹੈ, ਪਰ ਅਸੀਂ ਅੰਨ੍ਹੀ ਸ਼ਰਧਾ ਕਾਰਨ ਕੁਝ ਸ਼ਖ਼ਸੀਅਤਾਂ ਵੱਲੋਂ ਸਥਾਪਤ ਪਰੰਪਰਾਵਾਂ ਨੂੰ ਗੁਰਮਤਿ ਦਾ ਅੰਗ ਬਣਾ ਦਿੱਤਾ ਹੈ। ਇਹੀ ਕੌਮ ਦਾ ਦੁਖਾਂਤ ਹੈ ਕਿ ਗੁਰਬਾਣੀ ਨੂੰ ਸਮਝ ਕੇ ਨਹੀਂ ਪੜ੍ਹਦੇ ਅਤੇ ਕਿਸੇ ਇਕ ਸ਼ਬਦ ਦੇ ਰਟਨ ਕਰਨ ਦਾ ਵੱਧ ਮਹਾਤਮ ਸਮਝਣ ਲੱਗ ਪਏ ਹਾਂ, ਜਿਸ ਕਾਰਨ ਗੁਰਬਾਣੀ ਵਿਚਾਰ ਤੋਂ ਲਾਂਭੇ ਹੋਈ ਜਾ ਰਹੇ ਹਾਂ।

2010 ਵਿਚ ਭਾਈ ਰਾਜਿੰਦਰ ਸਿੰਘ ਮੁੱਖ ਸੇਵਾਦਾਰ, ਸ਼੍ਰੋਮਣੀ ਖ਼ਾਲਸਾ ਪੰਚਾਇਤ ਹੋਰਾਂ *ਗੁਰਮਤਿ ਨਾਮ ਸਿਮਰਨ* ਪੁਸਤਕ ਲਿਖੀ ਹੈ। ਉਨ੍ਹਾਂ ਨੇ ਗੁਰਬਾਣੀ ਨੂੰ ਆਧਾਰ ਮੰਨ ਕੇ ਗੁਰਮਤਿ ਵਿਚ ਨਾਮ ਦੇ ਸੰਕਲਪ ਦੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਹੈ। ਉਹ ਲਿਖਦੇ ਹਨ ਕਿ "ਸਾਰੀ ਬਾਣੀ ਨਾਮ ਹੈ, ਇਸ ਨੂੰ ਪੜ੍ਹਨਾ, ਸੁਣਨਾ ਅਤੇ ਸਮਝ ਕੇ ਇਸ ਉੱਤੇ ਅਮਲ ਕਰਨਾ, ਗੁਰਮਤਿ ਅਨੁਸਾਰ ਨਾਮ ਸਿਮਰਨ ਹੈ। ਗੁਰਬਾਣੀ ਨੇ ਹੀ ਵਾਹਿਗੁਰੂ ਨੂੰ ਸਾਡੇ ਹਿਰਦੇ ਵਿਚ ਵਸਾਉਣਾ ਹੈ, ਪਰ ਅਤਿ ਦੁਖਦਾਈ ਗੱਲ ਹੈ ਕਿ ਵਾਹਿਗੁਰੂ-ਵਾਹਿਗੁਰੂ ਸ਼ਬਦ ਦਾ ਰਟਨ ਅੱਜ ਸਿੱਖ ਅਤੇ ਗੁਰਬਾਣੀ ਵਿਚ ਦੀਵਾਰ ਬਣੀ ਜਾ ਰਿਹਾ ਹੈ।" *(ਗੁਰਮਤਿ ਨਾਮ ਸਿਮਰਨ, ਪੰਨਾ 82)*

ਕੁਝ ਸੱਜਣਾਂ ਨੇ "ਸਰਬ ਰੋਗ ਕਾ ਅਉਖਦੁ ਨਾਮੁ" ਨਾਮ ਹੇਠ ਇਕ ਸੰਸਥਾ ਵੀ ਬਣਾ ਲਈ। ਗੁਰਦੁਆਰਿਆਂ ਦੇ ਪ੍ਰਬੰਧਕ ਅਜਿਹੇ ਲੋਕਾਂ ਨੂੰ ਨਵੇਂ ਰੂਪ ਦੇ ਕਰਮ-ਕਾਂਡ ਦੇ ਪ੍ਰਚਾਰ ਦੀ ਖੁੱਲ੍ਹ ਦੇ ਦਿੰਦੇ ਹਨ ਕਿਉਂਕਿ ਇਹੋ ਜਿਹੇ ਪ੍ਰਬੰਧਕਾਂ ਨੂੰ ਗੁਰਮਤਿ ਬਾਰੇ ਪੂਰੀ ਸਪੱਸ਼ਟਤਾ ਨਾ ਹੋਣ ਕਾਰਨ, ਕਰਮ-ਕਾਂਡ ਵਧੇਰੇ ਫੈਲ ਰਹੇ ਹਨ। ਆਮ ਲੋਕਾਈ ਨੇ ਇਹ ਸਮਝ ਲੈਣਾ ਹੈ ਕਿ ਸਾਰੇ ਰੋਗਾਂ ਦੀ ਦਵਾਈ ਨਾਮ ਹੈ। ਇਹ ਉਨ੍ਹਾਂ ਲਈ ਜਾਨਣਾ ਅਸੰਭਵ ਹੈ ਕਿ 'ਨਾਮ' ਕਿਸ ਨੂੰ ਆਖਦੇ ਹਨ, ਪਰ ਚਲਾਕ ਲੋਕ ਆਖ ਰਹੇ ਹਨ ਕਿ ਕੁਝ ਸ਼ਬਦਾਂ ਦੇ ਰਟਣ ਨਾਲ ਬੀਮਾਰੀਆਂ ਦਾ ਇਲਾਜ ਕੀਤਾ ਜਾ ਸਕਦਾ ਹੈ। ਹਾਲਾਂਕਿ ਗੁਰਬਾਣੀ ਅੰਦਰ ਅਜਿਹੀ ਸੋਚ ਨੂੰ ਕੋਈ ਪ੍ਰਵਾਨਗੀ ਨਹੀਂ ਹੈ। ਮੈਂ ਤਾਂ ਨਿਧੜਕ ਹੋ ਕੇ ਇਹੀ ਕਹਾਂਗਾ ਕਿ ਇਹ ਲੋਕ ਸ਼ੈਤਾਨ ਹਨ ਅਤੇ ਭਲੀ ਪ੍ਰਕਾਰ ਜਾਣਦੇ ਹਨ ਕਿ ਭੋਲੇ ਭਾਲੇ ਲੋਕਾਂ ਨੂੰ ਕਿਵੇਂ ਲੁੱਟਣਾ ਹੈ ? ਕੁਝ ਸ਼ੈਤਾਨ ਲੋਕਾਂ ਵੱਲੋਂ *ਸੰਕਟ ਮੋਚਨ* ਸਿਰਲੇਖ ਹੇਠ ਕੁਝ ਕੁ ਸ਼ਬਦ ਲੈ ਕੇ ਪੁਸਤਕਾਂ ਛਾਪੀਆਂ ਗਈਆਂ ਹਨ ਅਤੇ *ਸ਼ਰਧਾਪੂਰਨ ਗ੍ਰੰਥ* ਵਰਗੀਆਂ ਕਿਤਾਬਾਂ ਬਜ਼ਾਰਾਂ ਵਿਚ ਧੜਾ-ਧੜ ਵਿੱਕ ਰਹੀਆਂ ਹਨ। ਹਰ ਗੁਰਦੁਆਰੇ ਅੰਦਰ ਬੀਬੀਆਂ ਵੱਲੋਂ ਸੁਖਮਨੀ ਦਾ ਪਾਠ ਵਿਸ਼ੇਸ਼ ਦਿਨ 'ਤੇ ਹੋ ਰਹੇ ਹਨ। ਇਹ ਸਭ ਕਰਮ-ਕਾਂਡ ਹੈ, ਜਿਸ ਕਰਮ-ਕਾਂਡ ਨੂੰ ਗੁਰਬਾਣੀ ਭੰਡਦੀ ਹੈ, ਅਸੀਂ ਗੁਰਮਤਿ ਵਿਰੁੱਧ ਸਭ ਕਰਮ ਕਰੀ ਜਾ ਰਹੇ ਹਾਂ। ਸਾਡੀ ਅਗਿਆਨਤਾ ਦਾ ਪੂਰਾ ਲਾਹਾ ਡੇਰੇਦਾਰ ਲੈ ਰਹੇ ਹਨ। ਉਨ੍ਹਾਂ ਪਾਸ ਕਰੋੜਾਂ ਦੀ ਜਾਇਦਾਦ ਹੈ, ਪਰ ਉਥੇ ਉਹ ਲੋਕ ਵੀ ਜਾ ਰਹੇ ਹਨ, ਜਿਨ੍ਹਾਂ ਨੂੰ ਦਿਨ 'ਚ ਇਕ ਡੰਗ ਦੀ ਰੋਟੀ ਵੀ

ਨਸੀਬ ਨਹੀਂ ਹੁੰਦੀ। ਉਹ ਸਮਝਦੇ ਹਨ ਕਿ ਸ਼ਾਇਦ ਬਾਬੇ ਕੋਈ ਕਰਾਮਾਤ ਕਰ ਦੇਣਗੇ। ਚਲਾਕ ਲੋਕਾਂ ਨੇ ਹੀ ਗੁਰੂ ਤੇਗ਼ ਬਹਾਦਰ ਸਾਹਿਬ ਨੂੰ 21 ਸਾਲ ਭੋਰੇ ਵਿਚ ਲੁਕ ਕੇ ਤਪ ਕਰਦੇ ਲਿਖਿਆ। ਉਸ ਮਹਾਨ ਗੁਰੂ ਨੇ ਮਨੁੱਖੀ ਅਧਿਕਾਰਾਂ ਲਈ ਬਲੀਦਾਨ ਦੇ ਦਿੱਤਾ, ਪਰ ਅੱਜ ਬਾਬੇ ਕਿਸੇ ਦੁਖੀ ਲਈ 'ਹਾਅ' ਦਾ ਨਾਅਰਾ ਨਹੀਂ ਮਾਰ ਸਕਦੇ। ਭਾਵੇਂ ਇਹ ਦੁਖੀ ਪਰਿਵਾਰ ਦਿੱਲੀ ਦੇ ਹੋਣ ਜਾਂ ਗੁਜਰਾਤ ਦੇ, ਪਰ ਕਰੋੜਪਤੀ ਬਾਬਿਆਂ ਨੂੰ ਦੁਖੀ ਲੋਕਾਂ ਦੀ ਕੁਰਲਾਹਟ ਨਹੀਂ ਸੁਣਾਈ ਦਿੰਦੀ। ਬਾਬੇ ਨਾਨਕ ਨੂੰ ਬਾਬਰ ਦੀ ਜੇਲ੍ਹ ਕੱਟਣੀ ਪਈ। ਅਜੋਕੇ ਸਮੇਂ ਜੇਕਰ ਇਹ ਬਾਬੇ ਜ਼ੁਲਮ ਕਰਦੇ ਹਨ ਜਾਂ ਬਲਾਤਕਾਰ, ਇਨ੍ਹਾਂ ਨੂੰ ਪੁਲਿਸ ਫੜ ਨਹੀਂ ਸਕਦੀ, ਕਿਸੇ ਕਾਨੂੰਨ ਦੇ ਘੇਰੇ ਵਿਚ ਇਹ ਠੱਗ ਬਾਬੇ ਨਹੀਂ ਆ ਸਕਦੇ। ਲੋਕਾਈ ਨੂੰ ਕਰਮ-ਕਾਂਡਾਂ ਵਿਚ ਉਲਝਾ ਕੇ ਆਪਣੀਆਂ ਮਨ-ਮਾਨੀਆਂ ਕਰਦੇ ਹਨ।

ਅਜੋਕੇ ਸਿੱਖ ਜਥੇਦਾਰ ਕਹਾਉਣ ਵਾਲੇ ਵੀ ਗੁਰਮਤਿ ਵਿਰੋਧੀ ਕਰਮ ਕਰਨ ਤੋਂ ਸੰਕੋਚ ਨਹੀਂ ਕਰਦੇ। ਗੁਰੂ ਨਾਨਕ ਨੇ ਇਸਤਰੀ-ਮਰਦ ਨੂੰ ਬਰਾਬਰ ਦਰਜਾ ਦਿੱਤਾ ਸੀ। ਲਿੰਗ ਵਿਤਕਰਾ, ਜਾਤ-ਪਾਤ, ਊਚ-ਨੀਚ ਦਾ ਵਿਰੋਧ ਕੀਤਾ। ਅੱਜ ਬੀਬੀਆਂ ਨੂੰ ਸ੍ਰੀ ਦਰਬਾਰ ਸਾਹਿਬ ਸੇਵਾ ਕਰਨ ਦੀ ਮਨਾਹੀ ਹੈ। ਉਹ ਹੋਰ ਗੁਰਦੁਆਰਿਆਂ ਅੰਦਰ ਸੇਵਾ ਕਰ ਸਕਦੀਆਂ ਹਨ, ਕੀਰਤਨ ਕਰ ਸਕਦੀਆਂ ਹਨ, ਪਰ ਸ੍ਰੀ ਦਰਬਾਰ ਸਾਹਿਬ 'ਚ ਨਾ ਉਹ ਪਾਠ ਕਰ ਸਕਦੀਆਂ ਹਨ ਅਤੇ ਨਾ ਹੀ ਉਨ੍ਹਾਂ ਨੂੰ ਕੀਰਤਨ ਕਰਨ ਦੀ ਆਗਿਆ ਹੈ। ਲਿਖਤੀ ਰੂਪ ਵਿਚ ਪੰਥਕ ਵਿਦਵਾਨਾਂ ਨੇ 1945 ਈ: ਵਿਚ ਫ਼ੈਸਲਾ ਕਰ ਦਿੱਤਾ ਸੀ ਕਿ ਇਸਤਰੀ ਪੰਜਾਂ ਪਿਆਰਿਆਂ ਵਿਚ ਸ਼ਾਮਲ ਹੋ ਕੇ ਅੰਮ੍ਰਿਤ ਸੰਚਾਰ ਸਮਾਗਮ ਵਿਚ ਸੇਵਾ ਕਰ ਸਕਦੀ ਹੈ। ਪਰ ਅੱਧੀ ਸਦੀ ਤੋਂ ਉੱਪਰ ਦਾ ਸਮਾਂ ਹੋ ਗਿਆ, ਸਾਡੇ ਧਾਰਮਿਕ ਨੇਤਾ ਇਸਤਰੀ ਨੂੰ ਬਰਾਬਰ ਦਾ ਦਰਜਾ ਨਹੀਂ ਦੇ ਸਕੇ, ਜੋ ਕਿ ਸਰਾਸਰ ਗੁਰਮਤਿ ਵਿਰੋਧੀ ਕਰਮ ਹੈ।

ਇਕ ਨਵਾਂ ਕਰਮ-ਕਾਂਡ ਆਮ ਹੀ ਦੇਖਣ ਨੂੰ ਮਿਲੇਗਾ। ਮੈਂ ਆਪਣੀ ਸੁਰਤ ਵਿਚ ਕਦੀ ਇਸ ਕਰਮ-ਕਾਂਡ ਨੂੰ ਨਹੀਂ ਦੇਖਿਆ। ਇਹ ਕਰਮ-ਕਾਂਡ ਹੈ, ਨਿਸ਼ਾਨ ਸਾਹਿਬ ਨੂੰ ਕੱਚੀ ਲੱਸੀ ਨਾਲ ਇਸ਼ਨਾਨ ਕਰਾਉਣਾ। ਸਾਡੇ ਪਿੰਡ ਇਤਿਹਾਸਕ ਗੁਰਦੁਆਰਾ ਸਾਹਿਬ ਦਾ ਨਿਸ਼ਾਨ ਸਾਹਿਬ 100 ਫ਼ੁੱਟ ਤੋਂ ਉੱਚਾ ਸੀ ਅਤੇ ਉਸ ਨੂੰ ਇਸ਼ਨਾਨ ਕਰਾਉਣਾ ਸੰਭਵ ਨਹੀਂ ਸੀ। ਵਿਦੇਸ਼ਾਂ ਵਿਚ ਨਿਸ਼ਾਨ ਸਾਹਿਬ ਨੂੰ ਧਰਤੀ ਉੱਤੇ ਸੌਖੇ ਲਾਹਿਆ ਜਾਂਦਾ ਹੈ ਕਿਉਂਕਿ ਇਹ ਹਾਈਡਰੌਲਿਕ ਸਿਸਟਮ ਨਾਲ ਥੱਲੇ ਲਿਆਂਦੇ ਜਾਂਦੇ ਹਨ ਅਤੇ ਝੱਟ-ਪੱਟ ਖੜੇ ਕਰ ਦਿੱਤੇ ਜਾਂਦੇ ਹਨ। ਉਨ੍ਹਾਂ ਨੂੰ ਤਾਰਾਂ ਦੇ ਸਹਾਰੇ ਦੀ ਵੀ ਲੋੜ ਨਹੀਂ ਹੁੰਦੀ। ਕੀ ਕੱਚੀ ਲੱਸੀ ਨਾਲ ਨਿਸ਼ਾਨ ਸਾਹਿਬ ਦੇ ਪੋਲ ਦਾ ਇਸ਼ਨਾਨ ਕਰਾਉਣਾ ਗੁਰਮਤਿ ਹੈ ? ਇਹ ਕਰਮ-ਕਾਂਡ ਹਿੰਦੂ ਮੰਦਰਾਂ ਵਿਚ ਕੀਤੇ ਜਾਂਦੇ ਸਨ, ਉਹ ਆਪਣੇ ਬੁੱਤਾਂ ਨੂੰ ਕੱਚੀ ਲੱਸੀ ਜਾਂ ਦੁੱਧ ਨਾਲ ਧੋਂਦੇ ਸਨ, ਉਹ ਫ਼ਰਸ਼ ਨੂੰ ਪਵਿੱਤਰ ਕਰਨ ਲਈ ਦੁੱਧ ਨਾਲ ਧੋਂਦੇ ਸਨ। ਅਸੀਂ ਤਾਂ ਬੁੱਤ-ਪੂਜ ਨਹੀਂ, ਤਾਂ ਫਿਰ ਇਹ ਕਰਮ-ਕਾਂਡ ਕਿਉਂ ਕਰ ਰਹੇ ਹਾਂ ?

ਕਈ ਥਾਈਂ ਗੁਰਦੁਆਰਿਆਂ ਦੇ ਨਾਲ ਸਰੋਵਰ ਬਣੇ ਹੋਏ ਹਨ। ਗੁਰੂ-ਕਾਲ ਅੰਦਰ ਜੇਕਰ ਗੁਰੂ ਸਾਹਿਬਾਨ ਨੇ ਸਰੋਵਰ ਬਣਾਏ ਤਾਂ ਉਨ੍ਹਾਂ ਦਾ ਮੰਤਵ ਜਾਤ-ਪਾਤ ਦੀ ਭਿੱਟ ਤੋਂ ਲੋਕਾਂ ਨੂੰ ਮੁਕਤ ਕਰਨਾ ਸੀ। ਅੱਜ ਅਸੀਂ ਨਵੇਂ ਵਹਿਮ ਪੈਦਾ ਕਰ ਲਏ ਕਿ ਫਲਾਣੇ ਅਸਥਾਨ 'ਤੇ ਮੱਸਿਆ ਉੱਤੇ ਇਸ਼ਨਾਨ ਕਰਨ ਦਾ ਮਹਾਤਮ, ਕਿਸੇ ਥਾਂ 'ਤੇ ਪੂਰਨਮਾਸ਼ੀ ਦੇ ਦਿਨ ਇਸ਼ਨਾਨ ਕਰਨ ਦਾ ਵੱਖਰਾ ਮਹਾਤਮ। ਗੁਰਦੁਆਰਿਆਂ ਦੇ ਪ੍ਰਬੰਧਕ ਸ਼ਾਇਦ ਸਮਝਦੇ ਵੀ ਹੋਣ ਕਿ ਗੁਰਮਤਿ ਵਿਚ ਕਿਸੇ ਵਿਸ਼ੇਸ਼ ਦਿਨਾਂ ਉੱਤੇ ਇਸ਼ਨਾਨ ਦਾ ਕੋਈ ਮਹਾਤਮ ਨਹੀਂ, ਪਰ ਦੂਜੇ ਪਾਸੇ ਸੰਗਤਾਂ ਦੀ ਆਮਦ ਨਾਲ ਵਧੇਰੇ ਆਮਦਨ ਹੋਣ ਕਾਰਨ, ਗੁਰਮਤਿ ਵਿਰੋਧੀ ਕਰਮ-ਕਾਂਡ ਨੂੰ ਦੇਖ ਕੇ ਅੱਖਾਂ ਮੀਚ ਲੈਂਦੇ ਹਨ।

ਕਈ ਇਤਿਹਾਸਕ ਅਸਥਾਨਾਂ ਉੱਤੇ ਪੁਰਾਤਨ ਸੁੱਕੇ ਹੋਏ ਦਰੱਖ਼ਤਾਂ ਉੱਤੇ ਕੀਮਤੀ ਪੁਸ਼ਾਕੇ ਚਾੜ੍ਹੇ ਜਾਂਦੇ ਹਨ। ਇਨ੍ਹਾਂ ਦਰੱਖ਼ਤਾਂ ਨੂੰ ਗੁਰਦੁਆਰਾ ਸਾਹਿਬਾਨ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਸੁਸ਼ੋਭਿਤ ਕੀਤਾ ਹੋਇਆ ਹੈ ਜਾਂ ਗੁਰਦੁਆਰਾ ਸਾਹਿਬ ਦੀ ਇਮਾਰਤ ਅਜਿਹੇ ਦਰੱਖ਼ਤਾਂ ਨੂੰ ਸੁਰੱਖਿਅਤ ਰੱਖ ਕੇ ਬਣਾ ਦਿੰਦੇ ਹਨ। ਸੰਗਤਾਂ ਨੂੰ ਦੱਸਿਆ ਜਾਂਦਾ ਹੈ ਕਿ ਇਸ ਦਰੱਖ਼ਤ ਨਾਲ ਕਿਸੇ ਗੁਰੂ ਸਾਹਿਬ ਨੇ ਘੋੜਾ ਬੰਨ੍ਹਿਆ ਸੀ ਅਤੇ ਅਨੇਕਾਂ ਕਰਾਮਾਤੀ ਕਹਾਣੀਆਂ ਜੋੜ ਦਿੰਦੇ ਹਨ। ਸੰਗਤਾਂ ਅੰਨ੍ਹੀ ਸ਼ਰਧਾ ਅਧੀਨ ਇਸ ਬੁੱਤ-ਪੂਜਾ ਦੇ ਨਵੇਂ ਕਰਮ-ਕਾਂਡ ਨੂੰ ਕਰੀ ਜਾ ਰਹੇ ਹਨ। ਇਸ ਤਰ੍ਹਾਂ ਹੀ 'ਗੰਗਾ ਸਾਗਰ' ਦੀ ਸਾਰੇ ਸੰਸਾਰ ਵਿਚ ਯਾਤਰਾ ਕਰਾ ਕੇ ਲੱਖਾਂ ਡਾਲਰਾਂ ਦੀ ਕਮਾਈ ਕੀਤੀ ਜਾ ਰਹੀ ਹੈ। ਜਦੋਂ ਗੰਗਾ ਸਾਗਰ ਗੁਰਦੁਆਰਿਆਂ ਵਿਚ ਰੱਖਿਆ ਜਾਂਦਾ ਹੈ ਤਾਂ ਸੰਗਤਾਂ ਦਾ ਇਕੱਠ ਦੇਖਣ ਵਾਲਾ ਹੁੰਦਾ ਹੈ ਕਿ ਉਹ ਕਿਵੇਂ ਇਸ ਗੰਗਾ ਸਾਗਰ ਨੂੰ ਮੱਥਾ ਟੇਕਣ ਅਤੇ ਮਾਇਆ ਭੇਟ ਕਰਨ ਲਈ ਉਤਾਵਲੀਆਂ ਹੁੰਦੀਆਂ ਹਨ। ਕਈ ਥਾਵਾਂ ਉੱਤੇ ਗੁਰੂ ਸਾਹਿਬਾਨ ਦੀਆਂ ਵਸਤੂਆਂ ਦੀ ਪੂਜਾ ਕੀਤੀ ਜਾਂਦੀ ਹੈ ਅਤੇ ਸੁੱਖਾਂ ਸੁੱਖੀਆਂ ਜਾਂਦੀਆਂ ਹਨ। ਬਹੁਤ ਵਾਰੀ ਸਾਡੇ ਪ੍ਰਚਾਰਕ ਵੀ ਗੁਰਮਤਿ ਦਾ ਪ੍ਰਚਾਰ ਕਰਨ ਤੋਂ ਡਰਦੇ ਹਨ ਕਿ ਕਿਤੇ ਉਹ ਕਿਸੇ ਦੀ ਸ਼ਰਧਾ ਨਾ ਭੰਗ ਕਰ ਦੇਣ। ਇਹੀ ਕਾਰਨ ਹੈ ਕਿ ਗੁਰਮਤਿ ਦੀ ਥਾਂ 'ਤੇ ਕਰਮ-ਕਾਂਡਾਂ ਨੂੰ ਕਰਨਾ ਹੀ ਧਰਮ ਕਰਮ ਸਮਝੀ ਜਾ ਰਹੇ ਹਾਂ। ਆਓ ਖ਼ਾਲਸਾ ਜੀ! ਜਤਨਸ਼ੀਲ ਹੋਈਏ ਅਤੇ ਕਰਮ-ਕਾਂਡਾਂ ਨੂੰ ਛੱਡ ਕੇ ਨਿਰੋਲ ਗੁਰਮਤਿ ਨੂੰ ਸਮਝੀਏ ਅਤੇ ਗੁਰਮਤਿ ਅਨੁਸਾਰੀ ਜੀਵਨ ਜੀਵੀਏ। ਇਹ ਤਦ ਹੀ ਸੰਭਵ ਹੈ, ਜੇਕਰ ਅਸੀਂ ਗੁਰਬਾਣੀ ਜਾਂ ਸ਼ਬਦ-ਵਿਚਾਰ ਨੂੰ ਅਹਿਮੀਅਤ ਦੇਈਏ।

•



ਡਾ. ਪੂਰਨ ਸਿੰਘ (ਜਨਮ 18-8-1947) ਦਾ ਜੱਦੀ ਪਿੰਡ ਗੁਰੂਸਰ ਸੁਧਾਰ (ਲੁਧਿਆਣਾ) ਹੈ। ਉੱਚ-ਵਿੱਦਿਆ ਪ੍ਰਾਪਤ ਕਰ ਕੇ ਉਹ ਕੈਨੇਡਾ ਦੀ ਯੂਨੀਵਰਸਿਟੀ ਆਫ਼ ਕੋਲੰਬੀਆ ਵਿੱਚੋਂ ਲਾਇਬ੍ਰੇਰੀ ਸਹਾਇਕ ਦੀ ਸੇਵਾ ਨਿਭਾ ਕੇ 2006 ਵਿਚ ਸੇਵਾ-ਮੁਕਤ ਹੋਏ। ਬਾਣੀ ਦੇ ਰਸੀਏ ਤੇ ਗੁਰਮਤਿ ਜੀਵਨ ਦੇ ਧਾਰਣੀ ਸ. ਪੂਰਨ ਸਿੰਘ ਕੈਨੇਡਾ ਵਿਚ ਵੱਸੇ ਸਿੱਖ ਭਾਈਚਾਰੇ ਦੇ ਸਰਬਪੱਖੀ ਵਿਕਾਸ ਲਈ ਯਤਨਸ਼ੀਲ ਹਨ ਤੇ ਹਮੇਸ਼ਾ ਵੱਧ ਚੜ੍ਹ ਕੇ ਸੇਵਾ ਕਰਦੇ ਹਨ। ਆਪ ਜੀ ਕੈਨੇਡੀਅਨ ਸਿੱਖ ਸਟੱਡੀ ਤੇ ਟੀਚਿੰਗ ਸੁਸਾਇਟੀ ਵੱਲੋਂ ਪ੍ਰਕਾਸ਼ਤ ਤ੍ਰੈ-ਮਾਸਕ *ਸਿੱਖ ਮਾਰਗ* ਦੇ ਸੰਪਾਦਕ ਵਜੋਂ ਤੇ ਸਰੀ (ਬੀ.ਸੀ.) ਤੋਂ ਨਿਕਲਦੇ ਪੰਜਾਬੀ ਸਪਤਾਹਿਕ *ਦੀ ਕੈਨੇਡੀਅਨ ਪੰਜਾਬ ਟਾਈਮਜ਼* ਦੇ ਮੁੱਖ ਸੰਪਾਦਕ ਵਜੋਂ ਸੇਵਾ ਕਰਦੇ ਰਹੇ ਹਨ। ਇਸ ਤੋਂ ਪਹਿਲਾਂ ਆਪ ਜੀ *ਦੀ ਵੈਸਟਰਨ ਸਿੱਖ ਸਮਾਚਾਰ* ਦੀ ਵੀ ਲੰਬੇ ਸਮੇਂ ਲਈ ਸੰਪਾਦਨਾ ਕਰਦੇ ਰਹੇ ਹਨ ਤੇ ਆਪ ਦੇ ਮਿਆਰੀ ਸੰਪਾਦਨ ਨੂੰ ਹਮੇਸ਼ਾ ਸਤਿਕਾਰ ਨਾਲ ਯਾਦ ਕੀਤਾ ਜਾਂਦਾ ਹੈ। ਗੁਰਮਤਿ ਜੀਵਨ ਦਰਸ਼ਨ ਬਾਰੇ ਪ੍ਰੌਢ ਰਚਨਾਵਾਂ ਲਿਖ ਕੇ ਆਪ ਨੇ ਇਕ ਪ੍ਰਮਾਣਿਕ ਸਿੱਖ ਵਿਦਵਾਨ ਵਜੋਂ ਆਪਣੀ ਥਾਂ ਬਣਾ ਲਈ ਹੈ। ਨਿਰਮਲ ਤੇ ਉਸਾਰੂ ਸੋਚ ਸਦਕਾ ਆਪ ਦੀ ਦਲੀਲ ਕਾਟਵੀਂ ਹੁੰਦੀ ਹੈ, ਪਰ ਖ਼ੂਬਸੂਰਤੀ ਇਹ ਹੈ ਕਿ ਗੁਰੂ ਪ੍ਰਤਿ ਡੂੰਘੀ ਆਸਥਾ ਤੇ ਸ਼ਰਧਾ ਆਪ ਦੀ ਲਿਖਤ ਵਿਚ ਕਦੇ ਵੀ ਦੁਜੈਲੀ ਨਹੀਂ ਹੁੰਦੀ।

ISBN 978-0-9681683-7-0

9 780968 168370

ਸਿਖੀ ਸਿਖਿਆ ਗੁਰ ਵੀਚਾਰਿ

ਕ. ਸ. ਸ. ਟ. ਸ.

CANADIAN SIKH STUDY & TEACHING SOCIETY